ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

**(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)**

ਅੱਸੂ-ਕੱਤਕ, ਨਾਨਕਸ਼ਾਹੀ ੫੪੩ ਅਕਤੂਬਰ 2011

**ਜਿਲਦ ੫੫ ਅੰਕ ੭**

*ਸੰਪਾਦਕ*
**ਸਿਮਰਜੀਤ ਸਿੰਘ**
*ਐਮ.ਏ., ਐਮ.ਐਮ.ਸੀ.*

*ਸਹਾਇਕ ਸੰਪਾਦਕ*
**ਸੁਰਿੰਦਰ ਸਿੰਘ ਨਿਮਾਣਾ**
*ਐਮ.ਏ. (ਪੰਜਾਬੀ,ਅੰਗਰੇਜ਼ੀ,ਹਿੰਦੀ), ਬੀ.ਐਡ.*

## ਚੰਦਾ

| | |
|---|---|
| ਸਾਲਾਨਾ (ਦੇਸ਼) | ₹ ੨੦ |
| ਲਾਈਫ਼ (ਦੇਸ਼) | ₹ ੨੦੦ |
| ਸਾਲਾਨਾ ਵਿਦੇਸ਼ | ₹ ੫੦੦ |
| ਲਾਈਫ਼ ਵਿਦੇਸ਼ | ₹ ੫੦੦੦ |
| ਪ੍ਰਤੀ ਕਾਪੀ | ₹ ੨ |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919
website : www.sgpc.net e-mail : gurmat_parkash@yahoo.co.in

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School Libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੩ |
| ਸੰਪਾਦਕੀ | | ੪ |
| 'ਪਰਮਾਰਥੀ ਅਨੁਭਵਾਂ ਦੀ ਅਨੂਪਮ ਰਚਨਾ : ਜਪੁਜੀ ਸਾਹਿਬ' | -ਡਾ. ਗੁਲਜ਼ਾਰ ਸਿੰਘ | ੧੫ |
| ਗੁਰਬਾਣੀ ਵਿਚ ਪੇਸ਼ ਆਦਰਸ਼ ਮਨੁੱਖ ਦਾ ਅਧਿਐਨ ਮਾਡਲ | -ਬੀਬੀ ਰਾਜਪ੍ਰੀਤ ਕੌਰ | ੨੪ |
| ਜਿਤੁ ਬੋਲਿਐ ਪਤਿ ਪਾਈਐ... | -ਸ. ਰੂਪ ਸਿੰਘ | ੨੯ |
| ...ਪ੍ਰਕ੍ਰਿਤੀ ਸੰਭਾਲ ਲਈ ਪਾਣੀ ਦੀ ਮਹੱਤਤਾ | -ਬੀਬੀ ਨਰਿੰਦਰ ਕੌਰ | ੩੪ |
| ਸ੍ਰੀ ਗੁਰੂ ਗ੍ਰੰਥ ਸਾਹਿਬ: ਟੀਕੇ ਅਤੇ ਅਨੁਵਾਦ | -ਡਾ. ਪਰਮਵੀਰ ਸਿੰਘ | ੩੭ |
| ਸਿੱਖ ਪੰਥ ਦੇ ਵਿਕਾਸ ਵਿਚ ਸ੍ਰੀ ਗੁਰੂ ਰਾਮਦਾਸ ਜੀ ਦਾ ਯੋਗਦਾਨ | -ਸ਼ਸ਼ੀ ਸੂਰੀ | ੫੦ |
| ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਇਤਿਹਾਸਕ ਅਸਥਾਨ | -ਮਨਮੋਹਨ ਕੌਰ | ੫੫ |
| ਭਾਈ ਜੈ ਸਿੰਘ ਖਲਕਟ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੬੮ |
| ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ | -ਸ. ਸੁਮੀਤ ਸਿੰਘ | ੭੫ |
| ਗਾਗਰ 'ਚ ਸਾਗਰ-੮ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੭੯ |
| ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ | -ਸ. ਬਲਵਿੰਦਰ ਸਿੰਘ 'ਜੌੜਾ ਸਿੰਘਾ' | ੮੦ |
| ਨਸ਼ੇ ਛੱਡਣ ਬਾਰੇ (ਕਵਿਤਾ) | -ਮਾਸਟਰ ਸੁਖਦੇਵ ਸਿੰਘ ਜਾਚਕ | ੮੩ |
| ਮੈਨੂੰ ਕੁੱਖ 'ਚ ਨਾ ਮਾਰੋ! (ਕਵਿਤਾ) | -ਸ. ਜਗੀਰ ਸਿੰਘ | ੮੪ |
| ਖ਼ਬਰਨਾਮਾ | | ੮੫ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਵਹੀਰ ਸਰਗਰਮੀਆਂ | | ੮੯ |

# ਗੁਰਬਾਣੀ ਵਿਚਾਰ

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*
*ਕਤਿਕਿ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ॥* *(ਪੰਨਾ ੧੩੫)*

ਪੰਚਮ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਝ ਦੀ ਇਸ ਪਾਵਨ ਪਉੜੀ ਵਿਚ ਕੱਤਕ ਮਹੀਨੇ ਦੀ ਸੁਹਾਵਣੀ ਸੀਤਲ ਬਹਾਰ ਦੇ ਪ੍ਰਥਾਏ ਮਨੁੱਖ-ਮਾਤਰ ਨੂੰ ਸੱਚੀ ਸੰਗਤ ਦਾ ਆਸਰਾ ਲੈ ਕੇ ਮਾਲਕ ਪਰਮਾਤਮਾ ਦੇ ਸੱਚੇ ਨਾਮ ਨਾਲ ਜੁੜਦਿਆਂ ਹੋਇਆਂ ਦੁਰਲੱਭ ਤੇ ਅਨਮੋਲ ਮਨੁੱਖਾ ਜਨਮ ਜਾਂ ਜੀਵਨ ਨੂੰ ਸਫਲ ਕਰਨ ਦਾ ਗੁਰਮਤਿ ਗਾਡੀ ਮਾਰਗ ਦਰਸਾਉਂਦੇ ਹਨ। ਸਤਿਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਜੇਕਰ ਕੱਤਕ ਮਹੀਨੇ ਦੀ ਸੀਤਲ ਸੁਹਾਵਣੀ ਬਹਾਰ ਮਿਲ ਗਈ ਹੈ ਤਾਂ ਇਸ ਦਾ ਲਾਭ ਲੈਂਦਿਆਂ ਚੰਗੇ ਕਰਮ ਕਰਨੇ ਹੀ ਯੋਗ ਹਨ। ਜੇਕਰ ਕੋਈ ਅਜਿਹੀ ਅਨੁਕੂਲ ਬਹਾਰ 'ਚ ਵੀ ਚੰਗੇ ਕਰਮ ਨਾ ਕਰੇ ਤਾਂ ਉਹ ਇਸ ਦਾ ਦੋਸ਼ ਕਿਸੇ ਹੋਰ ਨੂੰ ਨਾ ਦੇਵੇ। ਕਹਿਣ ਤੋਂ ਭਾਵ ਇਹ ਇਸ ਦਾ ਆਪਣਾ ਹੀ ਕਸੂਰ ਮੰਨਣਾ ਚਾਹੀਦਾ ਹੈ। ਮਾਲਕ ਪਰਮਾਤਮਾ ਨੂੰ ਵਿਸਾਰਿਆਂ ਸਾਰੇ ਰੋਗ ਜ਼ੋਰ ਪਾ ਲੈਂਦੇ ਹਨ ਤੇ ਸਾਨੂੰ ਘੇਰ ਲੈਂਦੇ ਹਨ। ਜੇਕਰ ਮਾਲਕ ਤੋਂ ਮੂੰਹ ਮੋੜੀਏ ਤਾਂ ਜਨਮਾਂ ਦੇ ਵਿਛੋੜੇ ਪੈ ਜਾਂਦੇ ਹਨ। ਜਿਹੜੀਆਂ ਮਾਇਆ ਦੀਆਂ ਮੌਜਾਂ ਮਾਲਕ ਨੂੰ ਭੁੱਲ ਕੇ ਮਨੁੱਖ ਮਾਣਨ ਦੇ ਭਰਮ 'ਚ ਹੁੰਦਾ ਹੈ ਉਹ ਪਲ 'ਚ ਦੁਖਦਾਇਕ ਹੋ ਜਾਂਦੀਆਂ ਹਨ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਦੁਨਿਆਵੀ ਮੌਜਾਂ ਮਾਣਨ ਦੇ ਕੁਰਾਹੇ ਪਿਆ ਮਨੁੱਖ ਨੂੰ ਜੇਕਰ ਸਿਰਫ ਆਪਣਾ ਦੁੱਖ ਹੀ ਹੋਵੇ ਤਾਂ ਕੋਈ ਵੀ ਉਸ ਦਾ ਇਲਾਜ ਨਹੀਂ ਕਰ ਸਕਦਾ। ਬਹੁਗਿਣਤੀ ਭੁੱਲੇ-ਭਟਕਿਆਂ ਦੀ ਹਾਲਤ ਵੱਲ ਸੰਕੇਤ ਕਰਦਿਆਂ ਗੁਰੂ ਜੀ ਫੁਰਮਾਉਂਦੇ ਹਨ ਕਿ ਅਜਿਹੀ ਹਾਲਤ ਮਨੁੱਖ ਲਈ ਬੜੀ ਬੇਵੱਸੀ ਵਾਲੀ ਹੈ। ਅਜਿਹੇ ਅਭਾਗੇ ਮਨੁੱਖਾਂ ਦੇ ਕਰਮਾਂ 'ਚ ਮਾਲਕ ਵੱਲੋਂ ਹੀ ਵਿਛੋੜਾ ਲਿਖਿਆ ਹੋਇਆ ਹੈ। ਐਪਰ ਚੰਗੇ ਭਾਗਾਂ ਨੂੰ ਜੇਕਰ ਮਾਲਕ ਪਰਮਾਤਮਾ ਮਿਲ ਜਾਵੇ ਤਾਂ ਸਾਰੇ ਵਿਛੋੜੇ ਲੱਥ ਜਾਂਦੇ ਹਨ। ਅੰਤ 'ਚ ਗੁਰੂ ਜੀ ਸਾਨੂੰ ਮਾਇਆ 'ਚ ਬੁਰੀ ਤਰ੍ਹਾਂ ਉਲਝੇ ਕਲਿਯੁਗੀ ਜੀਵਾਂ ਨੂੰ ਗੁਰਮਤਿ ਮਾਰਗ ਦਰਸਾਉਂਦੇ ਹੋਏ ਕਥਨ ਕਰਦੇ ਹਨ ਕਿ ਹੇ ਮਾਇਆ ਦੇ ਬੰਧਨਾਂ ਤੋਂ ਛੁਡਾਉਣ ਵਾਲੇ ਮਾਲਕ ਜੀਓ,ਜੋਦੜੀ ਹੈ ਕਿ ਮੈਨੂੰ ਵੀ ਰੱਖ ਲਵੋ। ਜੇਕਰ ਕੱਤਕ ਦੇ ਅਨੁਕੂਲ ਵਾਤਾਵਰਨ ਵਿਚ ਚੰਗੇ ਜਨ ਦਾ ਸਾਥ ਸਹਿਯੋਗ ਮਿਲ ਜਾਵੇ ਤਾਂ ਸਾਰਾ ਫਿਕਰ ਦੂਰ ਹੋ ਜਾਵੇ ਅਰਥਾਤ ਇੱਛਤ ਰੂਹਾਨੀ ਮੰਜ਼ਲ 'ਤੇ ਪੁੱਜਿਆ ਜਾ ਸਕਦਾ ਹੈ। ■

ਸੰਪਾਦਕੀ

# ਅਨੰਦ ਮੈਰਿਜ ਐਕਟ ਅਧੀਨ ਸਿੱਖਾਂ ਦੇ ਵਿਆਹ ਰਜਿਸਟਰਡ ਕਰਨ ਤੋਂ ਨਾਂਹ-ਨੁੱਕਰ ਕਿਉਂ?

*ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਕਾਇਮ ਕੀਤਾ ਸਿੱਖ ਧਰਮ ਇਕ ਨਵਾਂ ਨਿਵੇਕਲਾ ਤੇ ਵਿਲੱਖਣ ਧਰਮ ਹੈ। ਗੁਰੂ ਨਾਨਕ ਨਾਮ-ਲੇਵਾ ਸਿੱਖਾਂ ਨੇ ਵੱਡੀਆਂ ਕੁਰਬਾਨੀਆਂ ਕਰ ਕੇ ਇਸ ਦੀ ਸਥਾਪਤੀ ਤੋਂ ਲੈ ਕੇ ਹੁਣ ਤਕ ਇਸ ਦੇ ਨਿਆਰੇਪਣ ਨੂੰ ਕਾਇਮ ਰੱਖਿਆ ਹੈ। ਸਿੱਖ ਧਰਮ ਦੇ ਅਨੁਆਈਆਂ ਨੇ ਹੌਲੀ-ਹੌਲੀ ਵਿਕਾਸ ਕਰਦਿਆਂ ਆਪਣੇ ਨਵੇਂ-ਨਿਵੇਕਲੇ ਸਭਿਆਚਾਰ ਦਾ ਨਿਰਮਾਣ ਕੀਤਾ ਜਿਸ ਕਾਰਨ ਸਿੱਖ ਦੀ ਪਹਿਚਾਣ ਲੱਖਾਂ ਵਿੱਚੋਂ ਹੀ ਹੋ ਜਾਂਦੀ ਹੈ। ਸਿੱਖ ਕਦੇ ਵੀ ਕਿਸੇ ਤਰ੍ਹਾਂ ਦੇ ਫੋਕੇ ਕਰਮਕਾਂਡਾਂ ਵਿਚ ਵਿਸ਼ਵਾਸ ਨਹੀਂ ਰੱਖਦਾ ਅਤੇ ਆਪਣੇ ਜਨਮ ਤੋਂ ਮਰਨ ਤਕ ਦੇ ਸਾਰੇ ਸੰਸਕਾਰ ਇੱਕ ਅਕਾਲ ਪੁਰਖ ਦਾ ਓਟ-ਆਸਰਾ ਲੈਂਦਿਆਂ ਦੂਸਰੀਆਂ ਕੌਮਾਂ ਨਾਲੋਂ ਵਿਲੱਖਣ ਢੰਗ ਨਾਲ ਕਰਦਾ ਹੈ। ਇਹ ਸੰਸਕਾਰ ਸਿੱਖਾਂ ਨੇ ਆਪਣੀ ਲੋੜ ਨੂੰ ਮੁੱਖ ਰੱਖਦਿਆਂ ਦਹਾਕਿਆਂ ਬੱਧੀ ਮਿਹਨਤ ਤੋਂ ਬਾਅਦ ਇਕਮਤ ਬਣਾਉਂਦਿਆਂ ਹੋਇਆਂ ਤਿਆਰ ਕੀਤੇ ਹਨ। ਡੂੰਘੇ ਦੁੱਖ ਦੀ ਗੱਲ ਹੈ ਕਿ ਦੇਸ਼ ਦੀ ਅਜ਼ਾਦੀ ਲਈ ਵਧ-ਚੜ੍ਹ ਕੇ ਕੁਰਬਾਨੀਆਂ ਕਰਨ ਵਾਲੇ ਸਿੱਖਾਂ ਨੂੰ ਅੱਜ ਉਨ੍ਹਾਂ ਦੇ ਮੂਲ ਹੱਕ ਦੇਣ ਤੋਂ ਨਾਂਹ-ਨੁੱਕਰ ਕੀਤੀ ਜਾ ਰਹੀ ਹੈ। ਹਰ ਕੋਈ ਜਾਣਦਾ ਹੈ ਇਸ ਦੇ ਜੀਵਨ-ਢੰਗ ਰਸਮ-ਓ-ਰਿਵਾਜ, ਮਰਯਾਦਾ, ਸੰਸਕਾਰ ਸਭ ਵਿਸ਼ੇਸ਼ ਤੇ ਵਿਲੱਖਣ ਹਨ ਅਤੇ ਇਹੋ ਸਭ ਕੁਝ ਹੀ ਇਸ ਨੂੰ ਵਿਲੱਖਣ ਕੌਮ ਦਾ ਦਰਜਾ ਦਿੰਦੇ ਹਨ। ਇਨ੍ਹਾਂ 'ਚੋਂ ਹੀ ਇਕ ਹੈ ਸਿੱਖ ਭਾਈਚਾਰੇ 'ਚ ਗੁਰੂ ਸਾਹਿਬਾਨ ਦੁਆਰਾ ਬਖਸ਼ੀ ਤੇ ਗੁਰੂ-ਕਾਲ ਤੋਂ ਹੀ ਚਲੀ ਆ ਰਹੀ ਅਨੰਦ ਵਿਆਹ ਦੀ ਰਸਮ।*

*ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਅਨੰਦ ਵਿਆਹ ਰਸਮ ਬਖਸ਼ਿਸ਼ ਕਰ ਕੇ ਚਿਰ-ਕਾਲ ਤੋਂ ਪ੍ਰਚੱਲਿਤ ਬੇਹੱਦ ਖਰਚੀਲੀ ਤੇ ਜਟਿਲ ਵਿਆਹ-ਰਸਮ ਤੋਂ ਉਨ੍ਹਾਂ ਦਾ ਖਹਿੜਾ ਛੁਡਾਇਆ। ਇਸ ਰਸਮ ਮੁਤਾਬਿਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਹਜ਼ੂਰੀ ਅਤੇ ਭਾਈਚਾਰੇ ਦੀ ਹਾਜ਼ਰੀ ਵਿਚ ਸਿੱਖ ਲੜਕਾ ਅਤੇ ਲੜਕੀ ਗ੍ਰਿਹਸਤ 'ਚ ਪ੍ਰਵੇਸ਼ ਕਰਦੇ ਹਨ। ਸਤਿਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਇਸ ਰਿਸ਼ਤੇ ਦੀ ਉੱਚੀ ਮਹੱਤਤਾ ਤੇ ਪਵਿੱਤਰਤਾ ਦਾ ਡੂੰਘਾ ਅਹਿਸਾਸ ਵੀ ਪ੍ਰਦਾਨ ਕੀਤਾ। 'ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ' ਜਿਹੇ ਨਿਰਮਲ ਉਪਦੇਸ਼ ਦੀ ਸੇਧ ਵਿਚ ਚੱਲਦਿਆਂ ਇਕ ਆਦਰਸ਼ ਸਿੱਖ ਦੰਪਤੀ ਪੂਰਨ ਪਰਸਪਰ ਸਮਝਦਾਰੀ ਰੱਖਦਾ*

*ਹੋਇਆ ਤਲਾਕ ਜਿਹੀਆਂ ਗ਼ਲਤ ਅਲਾਮਤਾਂ ਤੋਂ ਵੀ ਬਚਿਆ ਰਹਿੰਦਾ ਹੈ। ਅਜਿਹੀ ਵਿਵਸਥਾ ਕਰ ਕੇ ਗੁਰੂ ਦੇ ਨਾਮ-ਲੇਵਾ ਸਿੱਖ ਨਿਰਮਲ ਤੇ ਸਦਾਚਾਰੀ ਵਿਅਕਤੀਗਤ ਜੀਵਨ ਬਸਰ ਕਰਦਿਆਂ ਦੇਸ਼-ਕੌਮ, ਸਮਾਜ ਤੇ ਮਨੁੱਖਤਾ ਦੇ ਵਿਕਾਸ 'ਚ ਵੀ ਆਪਣਾ ਭਰਵਾਂ ਹਿੱਸਾ ਪਾਉਂਦੇ ਆ ਰਹੇ ਹਨ। ਪਰ ਡੂੰਘੇ ਦੁੱਖ ਦੀ ਗੱਲ ਹੈ ਕਿ ਅਜ਼ਾਦੀ ਪ੍ਰਾਪਤੀ ਤੋਂ ਛੇਤੀ ਮਗਰੋਂ ਸਿੱਖਾਂ ਨੂੰ ਉਨ੍ਹਾਂ ਦੀ ਘੱਟ-ਗਿਣਤੀ 'ਚ ਹੋਣ ਦੀ ਸਥਿਤੀ ਦਾ ਸੱਤਾਧਾਰੀਆਂ ਵੱਲੋਂ ਨਜਾਇਜ਼ ਲਾਭ ਲੈਂਦਿਆਂ ਉਨ੍ਹਾਂ ਨੂੰ ਉਨ੍ਹਾਂ ਦੇ ਮੂਲ ਹੱਕਾਂ ਤੋਂ ਵਾਂਝੇ ਕਰਨ ਦਾ ਅਯੋਗ ਵਰਤਾਰਾ ਚਲਾ ਦਿੱਤਾ ਗਿਆ। ਇਹ ਵਰਤਾਰਾ ਪਿਛਲੇ ਕੁਝ ਸਮੇਂ ਤੋਂ ਬੜੇ ਜ਼ੋਰ-ਸ਼ੋਰ ਤੇ ਸਖ਼ਤ ਢੀਠਤਾਈ ਨਾਲ ਜਾਰੀ ਰੱਖਿਆ ਜਾ ਰਿਹਾ ਹੈ। ਮੌਜੂਦਾ ਅਨੰਦ ਮੈਰਿਜ ਐਕਟ ਵਿਚ ਸੋਧ ਕਰਾਉਣ ਵਿਚ ਦੇਸ਼ ਦੀ ਮੌਜੂਦਾ ਕੇਂਦਰੀ ਸਰਕਾਰ ਤੇ ਖਾਸ ਕਰਕੇ ਇਸ ਦੇ ਕਾਨੂੰਨ ਮੰਤਰਾਲੇ ਦੀ ਸਪਸ਼ਟ ਨਾਂਹ-ਨੁੱਕਰ ਇਸੇ ਵਰਤਾਰੇ ਦਾ ਇਕ ਹਿੱਸਾ ਕਹੀ ਜਾ ਸਕਦੀ ਹੈ। ਬਦੇਸ਼ੀ ਮੂਲ ਦੇ ਅੰਗਰੇਜ਼ਾਂ ਦੇ ਰਾਜ-ਕਾਲ ਸਮੇਂ ਵੀ ਸਿੱਖਾਂ ਨੂੰ ਅਨੰਦ ਮੈਰਿਜ ਐਕਟ ਬਣਾਉਣ ਤੇ ਲਾਗੂ ਕਰਾਉਣ ਵਾਸਤੇ ਬਿਨਾਂ ਸ਼ੱਕ ਸੰਘਰਸ਼ ਕਰਨਾ ਪਿਆ ਸੀ।*

*ਸਿੱਖਾਂ 'ਤੇ ਕਹਿਰ ਦੇ ਸਮੇਂ ਦੌਰਾਨ ਸਿੱਖ ਜ਼ਿਆਦਾਤਰ ਜੰਗਲਾਂ, ਕੁੰਦਰਾਂ ਵਿਚ ਲੁਕ ਕੇ ਜੀਵਨ ਗੁਜ਼ਾਰਨ ਲੱਗੇ ਜਿਸ ਕਾਰਨ ਸਿੱਖ ਰਾਜ ਬਣਨ ਤਕ ਸ਼ਹਿਰਾਂ ਪਿੰਡਾਂ ਵਿਚ ਪੁਰਾਤਨ ਵੈਦਿਕ ਰੀਤਾਂ ਹੀ ਭਾਰੂ ਹੋ ਚੁੱਕੀਆਂ ਸਨ। ਫੇਰ ਵੀ ਸਿੱਖਾਂ ਵਿਚ ਚਾਰ ਸੰਪ੍ਰਦਾਵਾਂ—ਨਿਹੰਗ ਸਿੰਘ, ਬੰਦਈ, ਨਾਨਕ ਨਿਰੰਕਾਰੀ ਅਤੇ ਨਾਮਧਾਰੀ ਆਪਣੇ ਵਿਆਹ ਅਨੰਦ ਕਾਰਜ ਰੀਤ ਨਾਲ ਕਰਦੇ ਆ ਰਹੇ ਸਨ ਭਾਵੇਂ ਉਸ ਸਮੇਂ ਅਨੰਦ ਕਾਰਜ ਦੀ ਪੂਰੀ ਮਰਿਯਾਦਾ ਹੋਂਦ ਵਿਚ ਨਹੀਂ ਸੀ ਆਈ। ਸਭ ਤੋਂ ਪਹਿਲਾ ਅਨੰਦ ਵਿਆਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੁਆਲੇ ਪ੍ਰਕਰਮਾ ਕਰ ਕੇ ਸੂਹੀ ਰਾਗ ਵਿਚ ਚਾਰ ਲਾਵਾਂ ਦੇ ਪਾਠ ਨਾਲ ਬਾਬਾ ਦਿਆਲ ਸਿੰਘ ਜੀ ਵੱਲੋਂ ਸੰਤ ਬੁੱਧੂ ਸ਼ਾਹ ਸੇਵਾ-ਪੰਥੀ ਦੀ ਭੇਰਾ ਨਗਰ ਵਿਖੇ ਸਥਿਤ ਧਰਮਸ਼ਾਲਾ ਵਿਚ ੧੮੦੮ ਈ: ਨੂੰ ਹੋਇਆ ਮੰਨਿਆ ਜਾਂਦਾ ਹੈ। ਇਹ ਵਿਆਹ ਬਾਬਾ ਦਿਆਲ ਸਿੰਘ ਨੇ ਬਿਨਾਂ ਕਿਸੇ ਸ਼ੁਭ-ਅਸ਼ੁਭ ਸ਼ਗਨ ਨੂੰ ਮੰਨਦਿਆਂ ਚੇਤਰ ਦੇ ਕਥਿਤ ਅਸ਼ੁਭ ਮਹੀਨੇ ਵਿਚ ਕਰਵਾਇਆ ਸੀ। ਇਸ ਤੋਂ ਬਾਅਦ ਉਸ ਇਲਾਕੇ ਦੇ ਕਈ ਸਿੱਖਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੂਹੀ ਲਾਵਾਂ ਪੜ੍ਹ ਕੇ ਅਨੰਦ ਕਾਰਜ ਕਰਵਾਏ।*

*ਅਨੰਦ ਮੈਰਿਜ ਐਕਟ ਨੂੰ ਪਾਸ ਕਰਵਾਉਣ ਲਈ ਸਭ ਤੋਂ ਪਹਿਲਾਂ ਰਿਆਸਤ ਨਾਭਾ ਦੇ ਟਿੱਕਾ ਰਿਪੁਦਮਨ ਸਿੰਘ ਨੇ ਅਵਾਜ਼ ਉਠਾਈ। ਉਹ ਉਸ ਸਮੇਂ ਵਾਇਸਰਾਏ ਦੀ ਕੌਂਸਲ ਦੇ ਸਿੱਖ ਮੈਂਬਰ ਸਨ। ੧੯੦੭ ਈ: ਵਿਚ ਬਹੁਤ ਸਾਰੀਆਂ ਸਿੱਖ ਸੰਸਥਾਵਾਂ ਅਤੇ ਵਿਦਵਾਨਾਂ ਦੀ ਰਾਇ ਲੈਣ ਤੋਂ ਬਾਅਦ ੩੦ ਅਕਤੂਬਰ ੧੯੦੮ ਈ: ਨੂੰ ਅਨੰਦ ਮੈਰਿਜ ਐਕਟ ਦਾ ਬਿੱਲ ਕੌਂਸਲ ਵਿਚ ਪੇਸ਼ ਕੀਤਾ ਗਿਆ। ਸਰਕਾਰ ਵੱਲੋਂ*

ਇਸ ਬਿੱਲ 'ਤੇ ਹੋਰ ਜਾਣਕਾਰੀ ਲੈਣ ਲਈ ਇਹ ਬਿੱਲ ਸਰਕਾਰੀ ਗਜ਼ਟ ਵਿਚ ਅਤੇ ਕਈ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਕਰ ਕੇ ਵੰਡਿਆ ਗਿਆ। ਕਈ ਸੰਸਥਾਵਾਂ ਇਸ ਦੇ ਵਿਰੋਧ ਵਿਚ ਵੀ ਖੜ੍ਹੀਆਂ ਹੋ ਗਈਆਂ। ਕਈ ਸੰਸਥਾਵਾਂ ਨੇ ਤਾਂ ਇਸ 'ਤੇ ਇਤਰਾਜ਼ ਲਾਉਂਦਿਆਂ ਇੱਥੋਂ ਤਕ ਕਹਿ ਦਿੱਤਾ ਕਿ ਇਸ ਤਰ੍ਹਾਂ ਦੇ ਵਿਆਹ ਨੂੰ ਕੋਈ ਸਮਾਜਿਕ ਮਾਨਤਾ ਨਹੀਂ ਹੋਵੇਗੀ ਅਤੇ ਅਜਿਹੇ ਵਿਆਹ ਤੋਂ ਬਾਅਦ ਜੋ ਬੱਚੇ ਪੈਦਾ ਹੋਣਗੇ ਉਹ ਨਜਾਇਜ਼ ਮੰਨੇ ਜਾਣਗੇ ਜਿਸ ਕਾਰਨ ਕੁਝ ਸਮਾਂ ਇਹ ਬਿੱਲ ਪਾਸ ਹੋਣ ਤੋਂ ਰੁਕ ਗਿਆ। ਇਸ ਨਾਜ਼ੁਕ ਸਮੇਂ 'ਤੇ ਨਾਮਧਾਰੀ ਆਗੂ ਬਾਬਾ ਪਰਤਾਪ ਸਿੰਘ ਜੀ ਟਿੱਕਾ ਰਿਪੁਦਮਨ ਸਿੰਘ ਦੀ ਹਮਾਇਤ ਵਿਚ ਖੜ੍ਹੇ ਹੋ ਗਏ। ਰਾਜਾ ਜੀਂਦ ਨੇ ਵੀ ਇਸ ਦੀ ਹਮਾਇਤ ਕਰ ਦਿੱਤੀ। ਸ. ਸੁੰਦਰ ਸਿੰਘ ਮਜੀਠੀਆ ਨੇ ਵੀ ਬਿੱਲ ਦਾ ਵਿਰੋਧ ਕਰਨ ਵਾਲਿਆਂ ਨੂੰ ਚੈਲੰਜ ਕਰ ਦਿੱਤਾ ਅਤੇ ਉਨ੍ਹਾਂ ਨੇ ਚੀਫ ਖਾਲਸਾ ਦੀਵਾਨ ਦੇ ਸਕੱਤਰ ਹੋਣ ਦੇ ਨਾਤੇ ਸਿੰਘ ਸਭਾਵਾਂ, ਪਿੰਡਾਂ ਦੀਆਂ ਪੰਚਾਇਤਾਂ, ਵਿਦਵਾਨਾਂ ਤੇ ਸਿੱਖ ਸੰਸਥਾਵਾਂ ਨੂੰ ਪੱਤਰ ਲਿਖ ਕੇ ਇਸ ਬਿੱਲ ਦੀ ਹਮਾਇਤ ਵਿਚ ਖੜ੍ਹੇ ਹੋਣ ਦੀ ਪ੍ਰੇਰਨਾ ਕੀਤੀ। ਪਿੰਡਾਂ ਵਿੱਚੋਂ ਬਹੁਤ ਸਾਰੇ ਲੋਕਾਂ ਨੇ ਭਾਰੀ ਗਿਣਤੀ ਵਿਚ ਸਰਕਾਰ ਨੂੰ ਅਨੰਦ ਮੈਰਿਜ ਐਕਟ ਦੀ ਹਮਾਇਤ ਵਿਚ ਪੱਤਰ ਲਿਖੇ ਜੋ ਅੱਜ ਵੀ 'ਨੈਸ਼ਨਲ ਆਰਕਾਈਵਜ਼ ਆਫ ਇੰਡੀਆ' ਨਵੀਂ ਦਿੱਲੀ ਵਿਖੇ ਦੇਖੇ ਜਾ ਸਕਦੇ ਹਨ।

ਅੰਗਰੇਜ਼ ਸਰਕਾਰ ਨੇ ਇਸ ਬਿੱਲ ਦੇ ਹੱਕ ਵਿਚ ਸਿੱਖਾਂ ਦੀ ਭਾਰੀ ਗਿਣਤੀ ਨੂੰ ਦੇਖਦੇ ਹੋਏ ਸ਼ਿਮਲਾ ਵਿਖੇ ੨੭ ਅਗਸਤ ੧੯੦੯ ਈ: ਨੂੰ ਵਾਇਸਰਾਏ ਕੌਂਸਲ ਦੀ ਮੀਟਿੰਗ ਵਿਚ ਇਸ ਨੂੰ ਪੇਸ਼ ਕਰ ਦਿੱਤਾ। ਕਮੇਟੀ ਦੀ ਰਿਪੋਰਟ ੧੦ ਸਤੰਬਰ ੧੯੦੯ ਈ: ਦੀ ਮੀਟਿੰਗ ਵਿਚ ਪੇਸ਼ ਹੋਈ ਅਤੇ ੨੨ ਅਕਤੂਬਰ ੧੯੦੯ ਈ: ਨੂੰ ਕੌਂਸਲ ਨੇ ਸਰਬਸੰਮਤੀ ਨਾਲ ਇਹ ਬਿੱਲ ਪਾਸ ਕਰ ਦਿੱਤਾ। ਐਕਟ ਬਣ ਕੇ ਇਹ ਬਿੱਲ ਸਾਰੇ ਬ੍ਰਿਟਿਸ਼ ਇੰਡੀਆ ਜਿਸ ਵਿਚ ਮੌਜੂਦਾ ਪਾਕਿਸਤਾਨ ਤੇ ਬੰਗਲਾ ਦੇਸ਼ ਵੀ ਸ਼ਾਮਲ ਸਨ ਉੱਤੇ ਲਾਗੂ ਹੋ ਗਿਆ।

ਅਨੰਦ ਮੈਰਿਜ ਐਕਟ ੧੯੦੯ ਅਨੁਸਾਰ ਹੇਠ ਲਿਖੀਆਂ ਮੱਦਾਂ ਪਾਸ ਕੀਤੀਆਂ ਗਈਆਂ—

— ਉਹ ਸਾਰੇ ਵਿਆਹ ਜਿਹੜੇ ਸਿੱਖੀ ਰੀਤੀ-ਰਿਵਾਜਾਂ ਨਾਲ ਹੋਣਗੇ ਉਨ੍ਹਾਂ ਨੂੰ "ਅਨੰਦ ਵਿਆਹ" ਕਿਹਾ ਜਾਏਗਾ ਅਤੇ ਇਹ ਉਸੇ ਤਾਰੀਖ ਤੋਂ ਹੀ ਕਾਨੂੰਨੀ ਤੌਰ 'ਤੇ ਯੋਗ ਹੋਣਗੇ।

— ਇਸ ਐਕਟ ਅਧੀਨ ਹੇਠ ਲਿਖੇ ਸ਼ਾਮਲ ਨਹੀਂ ਹੋਣਗੇ-

* ਉਨ੍ਹਾਂ ਲੋਕਾਂ ਦੇ ਵਿਆਹ ਜਿਹੜੇ ਸਿੱਖ ਧਰਮ ਦੇ ਧਾਰਨੀ ਨਹੀਂ ਹਨ।
* ਉਹ ਵਿਆਹ ਜਿਨ੍ਹਾਂ ਨੂੰ ਕਾਨੂੰਨੀ ਤੌਰ 'ਤੇ ਅਯੋਗ ਕਰਾਰ ਦਿੱਤਾ ਗਿਆ ਹੋਵੇ।
* ਇਸ ਐਕਟ ਦੇ ਲਾਗੂ ਹੋਣ ਤੋਂ ਪਹਿਲਾਂ ਸਿੱਖਾਂ ਦੇ ਕਿਸੇ ਵੀ ਰੀਤੀ-ਰਿਵਾਜ਼ ਨਾਲ

ਹੋਏ ਵਿਆਹਾਂ ਦੀ ਪ੍ਰਮਾਣਿਕਤਾ ਨੂੰ ਇਹ ਐਕਟ ਖ਼ਤਰਾ ਨਹੀਂ ਹੋਵੇਗਾ।

* ਇਸ ਐਕਟ ਦੇ ਅਧੀਨ ਅਜਿਹੇ ਕਿਸੇ ਵਿਆਹ ਨੂੰ ਮਾਨਤਾ ਨਹੀਂ ਹੋਵੇਗੀ ਜੋ ਸਿੱਖ ਧਰਮ ਦੇ ਅਨੁਸਾਰੀ ਨਹੀਂ ਹਨ ਜਾਂ ਕਿਸੇ ਵੀ ਤਰ੍ਹਾਂ ਅਵੈਧ ਹਨ।

ਸਿੱਖ ਆਪਣੇ ਸੁਭਾਅ ਅਨੁਸਾਰ ਜਿਸ ਤਰ੍ਹਾਂ ਮਨੁੱਖਤਾ ਦੀ ਅਜ਼ਾਦੀ ਲਈ ਮੁੱਢ-ਕਦੀਮ ਤੋਂ ਸੰਘਰਸ਼ ਕਰਦੇ ਆ ਰਹੇ ਸਨ ਉਸੇ ਅਨੁਸਾਰ ਅੰਗਰੇਜ਼ਾਂ ਤੋਂ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਵੀ ਕੁਰਬਾਨੀਆਂ ਕਰਨ ਵਿਚ ਅੱਵਲ ਨੰਬਰ 'ਤੇ ਹਨ।

ਅੰਗਰੇਜ਼ ਰਾਜ ਸਮੇਂ ਗੁਰਦੁਆਰਿਆਂ ਦਾ ਪ੍ਰਬੰਧ ਸਰਕਾਰੀ ਪਿੱਠੂਆਂ ਦੇ ਹੱਥ ਵਿਚ ਚਲਾ ਗਿਆ ਸੀ ਜੋ ਗੁਰਦੁਆਰਾ ਸਾਹਿਬਾਨ ਦੀਆਂ ਜਾਇਦਾਦਾਂ ਨੂੰ ਜੱਦੀ-ਪੁਸ਼ਤੀ ਹੋਣ ਦਾ ਭਰਮ ਆਪਣੇ ਮਨ ਵਿਚ ਪਾਲ ਬੈਠੇ ਸਨ। ਉਨ੍ਹਾਂ ਨੇ ਗੁਰਦੁਆਰਿਆਂ ਵਿਚ ਆਪਣੀ ਮਨਮਰਜ਼ੀ ਅਤੇ ਸਿੱਖ ਰਹੁ-ਰੀਤਾਂ ਦੇ ਉਲਟ ਕੰਮ ਕਰਨੇ ਸ਼ੁਰੂ ਕਰ ਦਿੱਤੇ। ਅਣਖ ਤੇ ਗ਼ੈਰਤ ਨਾਲ ਜੀਵਨ ਬਸਰ ਕਰਨ ਵਾਲੀ ਕੌਮ ਨੇ ਇਹ ਕਿੱਥੋਂ ਬਰਦਾਸ਼ਤ ਕਰਨਾ ਸੀ? ਉਨ੍ਹਾਂ ਨੇ ਆਪਣੀਆਂ ਜਾਨਾਂ ਵਾਰ ਕੇ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਸੁਚਾਰੂ ਤੇ ਗੁਰਮਤਿ ਸਿਧਾਂਤਾਂ ਦੀ ਸੇਧ ਵਿਚ ਲਿਆਉਣ ਵਾਸਤੇ ਬੜੀ ਜਦੋ-ਜਹਿਦ ਨਾਲ ਇਕ ਲੋਕਤੰਤਰੀ ਢੰਗ ਨਾਲ ਚੁਣੀ ਜਾਣ ਵਾਲੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਲਿਆਂਦੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਣ ਜਾਣ ਉਪਰੰਤ ਉਸ ਅੱਗੇ ਸਭ ਤੋਂ ਪਹਿਲਾ ਕੰਮ ਸਿੱਖਾਂ ਲਈ ਦਸਤੂਰ-ਏ-ਅਮਲ (ਰਹਿਤ ਮਰਯਾਦਾ) ਤਿਆਰ ਕਰਨਾ ਸੀ। ਇਸ ਲਈ ਬੜੀ ਮਿਹਨਤ ਅਤੇ ਦਹਾਕਿਆਂ ਬੱਧੀ ਕੰਮ ਕਰ ਕੇ ਸਿੱਖ ਧਰਮ ਲਈ ਇਕ ਪੰਥਕ ਰਹਿਤ ਮਰਯਾਦਾ ਤਿਆਰ ਕੀਤੀ ਗਈ ਜਿਸ ਵਿਚ ਸਿੱਖਾਂ ਨੂੰ ਗ੍ਰਿਹਸਥ ਧਾਰਨ ਕਰਨ ਸਮੇਂ ਅਨੰਦ ਵਿਆਹ ਦੀ ਮਰਯਾਦਾ ਵੀ ਜੋ ਪਹਿਲਾਂ ਹੀ ਚੱਲਦੀ ਆ ਰਹੀ ਸੀ ਵਿਚਾਰ ਕਰ ਕੇ ਲਿਖਤੀ ਰੂਪ ਵਿਚ ਪੱਕੀ ਕਰ ਦਿੱਤੀ ਗਈ।

ਸਿੱਖ ਰਹਿਤ ਮਰਯਾਦਾ ਅਨੁਸਾਰ ਅਨੰਦ ਵਿਆਹ ਹੇਠ ਲਿਖੇ ਅਨੁਸਾਰ ਹੁੰਦਾ ਹੈ:

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜਾਤ-ਪਾਤ, ਗੋਤ ਵਿਚਾਰੇ ਹੋਣਾ ਚਾਹੀਏ।

(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਏ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਿਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਵੇ।

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ

ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰ ਕੇ ਚੰਗਾ ਦਿੱਸੇ, ਨਿਯਤ ਕਰ ਲੈਣਾ ਚਾਹੀਏ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁੱਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ, ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫ਼ਤਹ' ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ ਅਨੰਦ ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤਰੀ) ਲੜਕੀ ਲੜਕੇ ਤੇ ਉਨ੍ਹਾਂ ਦੇ ਮਾਪਿਆਂ ਜਾਂ ਸਰਬਰਾਹਾਂ ਨੂੰ ਖੜ੍ਹਾ ਕਰ ਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਥ ਧਰਮ ਦੇ ਫਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸੰਬੰਧ ਨੂੰ ਜੀਵ ਤੇ ਪਰਮਾਤਮਾ ਦੇ ਪਿਆਰ ਦੇ ਨਮੂਨੇ ਉੱਤੇ ਢਾਲਣ ਦੀ ਵਿਧੀ ਦੱਸੇ।

ਆਪਸ ਵਿਚ ਪ੍ਰੇਮ ਦੁਆਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦੱਸੇ ਤੇ ਇਕੁਰ ਗ੍ਰਿਹਸਥ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕਮਿਕ ਹੋਣਾ ਦ੍ਰਿੜ੍ਹਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ-ਆਪਣੇ ਵੱਖੋ-ਵੱਖਰੇ ਗ੍ਰਿਹਸਥ ਧਰਮ ਦੇ ਫਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ

ਕੇ ਸਾਰੀਆਂ ਅਵਸਥਾਵਾਂ ਵਿਚ ਇੱਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਕੇ ਛਕਣਾ ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤਰੀ-ਬਰਤ ਧਰਮ ਵਿਚ ਪੱਕੇ ਰਹਿਣਾ ਇਸ ਦੇ ਮਾਤਾ-ਪਿਤਾ ਤੇ ਸਨਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸਨਬੰਧੀਆਂ ਤੁੱਲ ਆਦਰ ਦੇਣਾ।

ਕੰਨਿਆ ਨੂੰ ਦੱਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਨੇ ਇਨ੍ਹਾਂ ਦੇ ਨਿਰਮਲ ਭਾਉ ਵਿਚ ਰਹਿੰਦੇ ਹੋਏ ਇਨ੍ਹਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦਾ ਮਾਲਕ ਸਮਝਣਾ, ਦੁਖ-ਸੁਖ, ਦੇਸ਼-ਪਰਦੇਸ ਵਿਚ ਆਪਣੇ ਪਤੀ-ਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਨ੍ਹਾਂ ਦੇ ਮਾਤਾ-ਪਿਤਾ ਤੇ ਸਨਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸਨਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸਨਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ 'ਸੂਹੀ ਮਹਲਾ ੪' ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ ਅੱਗੇ ਵਰ ਤੇ ਪਿੱਛੇ ਕੰਨਿਆ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾ ਕਰਨ। ਪ੍ਰਕਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਂਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜ੍ਹੇ ਹੋ ਜਾਣ। ਉਪਰੰਤ ਮੱਥਾ ਟੇਕ ਕੇ ਆਪਣੀ ਥਾਂ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਪਉੜੀ ਦਾ ਪਾਠ ਕਰੇ। ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

(ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸੇ ਲੈ ਕੇ ਨਾ ਕਰੇ।

(ਜ) ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾਇ ਕੇ ਬਾਲਕੀ ਦੇ ਗ੍ਰਿਹਿ ਵਿਖੇ ਜਾਣ ਅਤੇ ਉੱਥੇ ਪ੍ਰਸ਼ਾਦ ਤਿਆਰ ਹੋਵੇ ਤਾਂ ਖਾਣ ਤੋਂ ਸੰਕੋਚਣਾ ਨਹੀਂ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ, ਖਾਣਾ ਖਲਾਵਣਾ ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸੇ ਵਾਸਤੇ, ਜੇ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ।

(ਝ) ਜਿਸ ਇਸਤਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ

ਇਹੋ ਹੁਕਮ ਹੈ।

(ਞ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਅਨੰਦ' ਲਈ ਉੱਤੇ ਦੱਸੀ ਹੈ।

(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਅੰਮ੍ਰਿਤ ਛਕਾ ਲਵੇ।

ਹਿੰਦੂਆਂ 'ਚ ਵਿਆਹ ਦੀ ਰਸਮ ਸਿੱਖ ਅਨੰਦ ਵਿਆਹ ਨਾਲੋਂ ਬਿਲਕੁਲ ਉਲਟ ਹੈ। ਡਾ. ਰਤਨ ਸਿੰਘ (ਜੱਗੀ) ਨੇ ਸਿੱਖ ਪੰਥ ਵਿਸ਼ਵਕੋਸ਼ ਵਿਚ ਦਸਿਆ ਹੈ ਕਿ ਹਿੰਦੂ ਵਿਆਹ ਰੀਤ ਅਨੁਸਾਰ ਵਿਆਹ ਤੋਂ ਪਹਿਲਾਂ ਚਰਣ ਰੋਕਣਾ ਜਾਂ 'ਠਾਕਣਾ' ਹੁੰਦਾ ਹੈ। ਇਸ ਤੋਂ ਬਾਅਦ 'ਕੁੜਮਾਈ' ਜਾਂ 'ਸਗਾਈ' ਦੀ ਰਸਮ ਕੀਤੀ ਜਾਂਦੀ ਹੈ ਜਿਸ ਅਨੁਸਾਰ ਮੁੰਡੇ ਦੀ ਝੋਲੀ ਵਿਚ ਸ਼ਗਨ ਪਾ ਕੇ ਉਸ ਦੇ ਮੂੰਹ ਵਿਚ ਛੁਹਾਰਾ ਪਾਇਆ ਜਾਂਦਾ ਹੈ ਅਤੇ ਮੱਥੇ 'ਤੇ ਟਿੱਕਾ ਲਾਇਆ ਜਾਂਦਾ ਹੈ। ਕੁੜਮਾਈ ਦੀ ਰਸਮ ਕੁੜੀ ਦੇ ਘਰ ਕੀਤੀ ਜਾਂਦੀ ਹੈ। ਇਸ ਮੌਕੇ 'ਤੇ ਕੁੜੀ ਗਣੇਸ਼ ਜੀ ਦੀ ਪੂਜਾ ਕਰਦੀ ਹੈ ਅਤੇ ਪੰਡਤ ਪੱਤਰੀ ਤੋਂ ਦੇਖ ਕੇ ਸ਼ੁਭ ਮਹੀਨੇ ਦੀ ਤਰੀਕ ਪੱਕੀ ਕਰਦਾ ਹੈ ਜੋ ਸਾਰਿਆਂ ਨੂੰ ਮੰਨਣੀ ਪੈਂਦੀ ਹੈ। ਇਸ ਰਸਮ ਨੂੰ ਹਿੰਦੂਆਂ ਵਿਚ 'ਸਾਹਾ' ਕਢਾਉਣਾ ਵੀ ਕਿਹਾ ਜਾਂਦਾ ਹੈ।

ਵਿਆਹ ਤੋਂ ਪਹਿਲਾਂ ਮੁੰਡੇ ਤੇ ਕੁੜੀ ਦੇ ਘਰੇ ਕਈ ਤਰ੍ਹਾਂ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਮਾਮੇ ਆ ਕੇ ਵਿਹਾਂਦੜ ਤੋਂ ਸ਼ਾਂਤ ਕਰਵਾਉਂਦੇ ਹਨ। ਪਿੱਤਰਾਂ ਦੀ ਪੂਜਾ ਕੀਤੀ ਜਾਂਦੀ ਹੈ। ਘੋੜੀ ਦੀ ਰੀਤ ਕੀਤੀ ਜਾਂਦੀ ਹੈ। ਜਠੇਰਿਆਂ ਦੀ ਪੂਜਾ ਅਤੇ 'ਜੰਡੀ ਵੱਢਣ' ਦੀ ਰਸਮ ਅਦਾ ਕੀਤੀ ਜਾਂਦੀ ਹੈ। ਹਿੰਦੂ ਰੀਤ ਅਨੁਸਾਰ ਵਿਆਹ ਅਗਨੀ ਦੁਆਲੇ ਸੱਤ ਫੇਰੇ ਕਰਵਾਉਂਦਾ ਹੋਇਆ ਪੰਡਿਤ ਮੰਤਰ ਉਚਾਰ ਕੇ ਕਰਦਾ ਹੈ। ਇਸ ਸਮੇਂ ਕਈ ਤਰ੍ਹਾਂ ਦਾ ਦਾਨ ਵੀ ਲਿਆ ਜਾਂਦਾ ਹੈ। ਮੰਨੂੰ ਅਤੇ ਹੋਰ ਰਿਸ਼ੀਆਂ ਨੇ ਹਿੰਦੂ ਧਰਮ ਵਿਚ ਅੱਠ ਪ੍ਰਕਾਰ ਦੇ ਵਿਆਹ ਮੰਨੇ ਹਨ:

(੧) ਬ੍ਰਹਮ ਵਿਆਹ - ਵਰ ਨੂੰ ਘਰ ਬੁਲਾ ਕੇ ਗਹਿਣੇ, ਕੱਪੜਿਆਂ ਸਮੇਤ ਕੰਨਿਆ ਦੇਣੀ।

(੨) ਦੈਵ ਵਿਆਹ - ਯੱਗ ਕਰਾਉਣ ਵਾਲੇ ਰਿਤ੍ਵਿਜ ਨੂੰ ਧੀ ਦੇਣੀ।

(੩) ਆਸੰ ਵਿਆਹ - ਵਰ ਤੋਂ ਬੈਲ ਲੈ ਕੇ ਉਸ ਦੇ ਬਦਲੇ ਧੀ ਦੇਣੀ।

(੪) ਪ੍ਰਾਜਾਪਤਯ ਵਿਆਹ - ਮੁੰਡੇ ਅਤੇ ਕੁੜੀ ਦੀ ਪਰਸਪਰ ਸਹਿਮਤੀ ਨਾਲ ਸੰਤਾਨ ਉਤਪਤੀ ਲਈ ਵਿਆਹ ਕਰਨਾ।

(੫) ਆਸੁਰ ਵਿਆਹ - ਧਨ ਲੈ ਕੇ, ਧੀ ਦੇਣੀ।

(੬) ਗਾਂਧਰਵ ਵਿਆਹ - ਸ਼ਾਦੀ ਤੋਂ ਪਹਿਲਾਂ ਵਰ ਅਤੇ ਕੰਨਿਆ ਦੀ ਆਪਸ ਵਿਚ

ਪ੍ਰੀਤ ਹੋਣ 'ਤੇ ਵਿਆਹ ਕਰਨਾ।

(੭) ਰਾਖਸ਼ ਵਿਆਹ - ਜੰਗ ਵਿਚ ਜਿੱਤ ਕੇ ਕੰਨਿਆ ਲੈ ਜਾਣੀ।

(੮) ਪੈਸ਼ਾਚ ਵਿਆਹ - ਜ਼ੁਲਮ ਨਾਲ, ਰੋਂਦੀ ਕੰਨਿਆ ਖੋਹ ਕੇ ਲੈ ਜਾਣੀ।

ਜਦੋਂ ਅੰਗਰੇਜ਼ਾਂ ਨੇ ਭਾਰਤ ਛੱਡਣ ਦਾ ਫੈਸਲਾ ਕੀਤਾ ਤਾਂ ਉਨ੍ਹਾਂ ਨੇ ਭਾਰਤ ਦੀਆਂ ਤਿੰਨ ਕੌਮਾਂ— ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੂੰ ਅਲੱਗ-ਅਲੱਗ ਤੌਰ 'ਤੇ ਪ੍ਰਤੀਨਿਧਤਾ ਦਿੱਤੀ ਅਤੇ ਇਨ੍ਹਾਂ ਨੂੰ ਆਪਣੇ ਅਲੱਗ-ਅਲੱਗ ਖਿੱਤੇ ਦੇਣ ਦੀ ਪੇਸ਼ਕਸ਼ ਵੀ ਕੀਤੀ। ਮੁਸਲਮਾਨਾਂ ਨੇ ਆਪਣਾ ਅਲੱਗ ਖਿੱਤਾ ਪਾਕਿਸਤਾਨ ਲੈਣਾ ਪ੍ਰਵਾਨ ਕਰ ਲਿਆ। ਸਿੱਖਾਂ ਨੂੰ ਦੋਵੇਂ ਕੌਮਾਂ ਹਿੰਦੂ ਅਤੇ ਮੁਸਲਮਾਨਾਂ ਵੱਲੋਂ ਆਪਣੇ-ਆਪਣੇ ਨਾਲ ਰਲਾਏ ਜਾਣ ਦੀਆਂ ਪੇਸ਼ਕਸ਼ਾਂ ਕੀਤੀਆਂ ਗਈਆਂ। ਸਿੱਖਾਂ ਨੇ ਭਾਰਤ ਨਾਲ ਹੀ ਰਹਿਣਾ ਪ੍ਰਵਾਨ ਕੀਤਾ। ਉਸ ਸਮੇਂ ਦੇ ਕੌਮੀ ਲੀਡਰਾਂ ਨੇ ਸਿੱਖਾਂ ਨਾਲ ਇਹ ਵਾਅਦਾ ਵੀ ਕੀਤਾ ਕਿ ਸਿੱਖਾਂ ਦਾ ਅਜ਼ਾਦ ਭਾਰਤ ਵਿਚ ਇਕ ਵੱਖਰਾ ਖਿੱਤਾ ਹੋਵੇਗਾ ਜਿਸ ਵਿਚ ਉਹ ਅਜ਼ਾਦੀ ਦਾ ਅਨੰਦ ਮਾਣ ਸਕਣਗੇ। ਮਿਸਟਰ ਜਿਨਾਹ ਨੇ ਜੋ ਸਿੱਖਾਂ ਨੂੰ ਪਾਕਿਸਤਾਨ ਨਾਲ ਰਲਣ ਦੀ ਪੇਸ਼ਕਸ਼ ਕੀਤੀ ਸੀ ਉਹ ਸਿੱਖਾਂ ਨੇ ਨਾ-ਮਨਜ਼ੂਰ ਕਰ ਦਿੱਤੀ।

੧੫ ਅਗਸਤ ੧੯੪੭ ਈ: ਨੂੰ ਭਾਰਤ ਅਜ਼ਾਦ ਹੋ ਗਿਆ ਤਾਂ ਸਿੱਖਾਂ ਨੂੰ ਹੀ ਇਸ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਉਠਾਉਣਾ ਪਿਆ। ਸਾਰਾ ਦੇਸ਼ ਅਜ਼ਾਦੀ ਦਾ ਜਸ਼ਨ ਮਨਾ ਰਿਹਾ ਸੀ ਪਰ ਅਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਦਾ ਕਤਲੇਆਮ ਹੋ ਰਿਹਾ ਸੀ, ਉਨ੍ਹਾਂ ਦੇ ਘਰ ਉਜਾੜੇ ਜਾ ਰਹੇ ਸਨ ਤੇ ਉਹ ਵੱਡਾ ਕਹਿਰ ਆਪਣੇ ਪਿੰਡੇ 'ਤੇ ਹੰਢਾ ਰਹੇ ਸਨ।

ਦੇਸ਼ ਦੀ ਅਜ਼ਾਦੀ ਤੋਂ ਬਾਅਦ ੧੯੫੦ ਈ: ਵਿਚ ਦੇਸ਼ ਦਾ ਨਵਾਂ ਸੰਵਿਧਾਨ ਲਾਗੂ ਕੀਤਾ ਗਿਆ। ਇਸ ਅਨੁਸਾਰ 'ਹਿੰਦੂ ਮੈਰਿਜ ਐਕਟ ੧੯੫੫' ਪਾਸ ਕੀਤਾ ਗਿਆ ਜੋ ਜੰਮੂ-ਕਸ਼ਮੀਰ ਨੂੰ ਛੱਡ ਕੇ ਬਾਕੀ ਸਾਰੇ ਭਾਰਤ ਉੱਤੇ ਲਾਗੂ ਕਰ ਦਿੱਤਾ ਗਿਆ ਜਿਸ ਅਨੁਸਾਰ ਕੋਈ ਵੀ ਵਿਅਕਤੀ ਜੋ ਬੁੱਧ, ਜੈਨ ਅਤੇ ਸਿੱਖ ਧਰਮ ਨਾਲ ਸੰਬੰਧ ਰੱਖਦਾ ਹੈ; ਕੋਈ ਵੀ ਵਿਅਕਤੀ ਜੋ ਉਸ ਖਿੱਤੇ ਨਾਲ ਸੰਬੰਧਿਤ ਹੈ ਜਿੱਥੇ ਇਹ ਐਕਟ ਲਾਗੂ ਹੁੰਦਾ ਹੈ ਅਤੇ ਜੋ ਮੁਸਲਿਮ, ਪਾਰਸੀ ਅਤੇ ਈਸਾਈ ਧਰਮ ਨਾਲ ਸੰਬੰਧ ਨਹੀਂ ਰੱਖਦਾ ਉਨ੍ਹਾਂ ਸਾਰਿਆਂ ਦਾ ਵਿਆਹ ਹਿੰਦੂ ਵਿਆਹ ਐਕਟ ਅਧੀਨ ਰਜਿਸਟਰਡ ਹੋਵੇਗਾ।

ਇਸ ਐਕਟ ਦੇ ਪਾਸ ਹੋ ਜਾਣ ਨਾਲ ਅਨੰਦ ਮੈਰਿਜ ਐਕਟ ੧੯੦੯ ਨੂੰ ਹਿੰਦੂ ਮੈਰਿਜ ਐਕਟ ੧੯੫੫ ਦਾ ਇਕ ਹਿੱਸਾ ਹੀ ਬਣਾ ਦਿੱਤਾ ਗਿਆ। ਸਿੱਖਾਂ ਨੂੰ ਹਿੰਦੂ ਮੈਰਿਜ ਐਕਟ-੧੯੫੫ ਅਧੀਨ ਹਿੰਦੂਆਂ ਦਾ ਹੀ ਇਕ ਹਿੱਸਾ ਬਣਾ ਦਿੱਤਾ ਗਿਆ। ਸੰਵਿਧਾਨ ਦੀ ਧਾਰਾ ੨੫(੨) ਅਨੁਸਾਰ ਸਿੱਖ ਹਿੰਦੂ ਧਰਮ ਦਾ ਹਿੱਸਾ ਹਨ ਅਤੇ ਹਿੰਦੂ ਮੈਰਿਜ ਐਕਟ ਅਨੁਸਾਰ ਵੀ ਹਿੰਦੂਆਂ ਵਿਚ ਸ਼ਾਮਲ ਕਰ ਦਿੱਤਾ ਗਿਆ।

*ਦੁੱਖ ਤੇ ਹੈਰਾਨੀ ਦੀ ਗੱਲ ਹੈ ਕਿ ਸਿੱਖਾਂ ਨੂੰ ਦੇਸ਼ ਦੀ ਅਜ਼ਾਦੀ ਲਈ ਅਨੇਕਾਂ ਕੁਰਬਾਨੀਆਂ ਕਰਨ ਮਗਰੋਂ, ਵੱਖਰੀ ਸਟੇਟ ਲੈਣ ਦੀ ਅੰਗਰੇਜ਼ਾਂ ਵੱਲੋਂ ਦੇਸ਼-ਵੰਡ ਸਮੇਂ ਹੋਈ ਪੇਸ਼ਕਸ਼ ਨੂੰ ਠੁਕਰਾਉਣ ਅਤੇ ਮੁਸਲਿਮ ਸਟੇਟ ਪਾਕਿਸਤਾਨ ਨਾਲੋਂ ਅਲੱਗ ਰਹਿ ਕੇ ਆਪਣੀ ਤਕਦੀਰ ਭਾਰਤ ਨਾਲ ਜੋੜਨ ਮਗਰੋਂ, ਦੇਸ਼ ਦੀ ਰਾਖੀ ਲਈ ਸਭ ਤੋਂ ਮੂਹਰੇ ਹੋ ਕੇ ਕੁਰਬਾਨੀਆਂ ਕਰਨ ਤੇ ਦੇਸ਼ ਦੀ ਪ੍ਰਗਤੀ ਵਿਚ ਬੇਮਿਸਾਲ ਹਿੱਸਾ ਪਾਉਣ ਮਗਰੋਂ ਅਨੰਦ ਮੈਰਿਜ ਐਕਟ ਨੂੰ ਸਹੀ ਰੂਪ 'ਚ ਲਾਗੂ ਕਰਾਉਣ ਵਾਸਤੇ ਸੰਘਰਸ਼ ਕਰਨਾ ਪੈ ਰਿਹਾ ਹੈ। ਇਹ ਸੱਤਾਧਾਰੀਆਂ ਦੀ ਇਕ ਦੇਸ਼-ਭਗਤ ਕੌਮ, ਦੇਸ਼ ਦੀ ਘੱਟ-ਗਿਣਤੀ ਨਾਲ ਕੀਤੀ ਜਾ ਰਹੀ ਘੋਰ-ਬੇਇਨਸਾਫ਼ੀ ਹੈ।*

*ਵੈਸੇ ਵੀ ਇਹ ਹਕੀਕਤ ਹੈ ਕਿ ਦੇਸ਼ ਵਿਚ ਹੋਰ ਦੂਸਰੀਆਂ ਘੱਟ-ਗਿਣਤੀ ਕੌਮਾਂ ਨੂੰ ਵੀ ਕਈ ਪੱਖਾਂ ਤੋਂ ਅਨਿਆਂ ਤੇ ਵਧੀਕੀਆਂ ਦਾ ਸ਼ਿਕਾਰ ਸਮੇਂ-ਸਮੇਂ ਬਣਨਾ ਪੈਂਦਾ ਹੈ ਪਰ ਫਿਰ ਵੀ ਸਿੱਖਾਂ ਦੀ ਹਾਲਤ ਵਧੇਰੇ ਚਿੰਤਾਜਨਕ ਬਣੀ ਹੋਈ ਹੈ। ਦੇਸ਼ ਦੇ ਸੱਤਾਧਾਰੀ ਮੁਸਲਮਾਨ ਦੀ ਅਲੱਗ ਪਛਾਣ ਨੂੰ ਮੰਨਦਿਆਂ ਉਨ੍ਹਾਂ ਨੂੰ ਅਲੱਗ ਤਰ੍ਹਾਂ ਆਪਣੇ ਨਿਕਾਹ ਰਜਿਸਟਰਡ ਕਰਨ ਦਾ ਅਧਿਕਾਰ ਦਿੰਦੇ ਹਨ ਪਰ ਇਸ ਸਵਾਲ 'ਤੇ ਸਿੱਖਾਂ ਨੂੰ ਉਨ੍ਹਾਂ ਦਾ ਹਰ ਤਰ੍ਹਾਂ ਯੋਗ ਹੱਕ ਦੇਣ ਤੋਂ ਇਨਕਾਰ ਕਰਦਿਆਂ ਆਪਣੀ ਸਿੱਖ ਤੇ ਸਿੱਖੀ-ਵਿਰੋਧੀ ਸੋਚ ਦਾ ਪ੍ਰਗਟਾਵਾ ਕਰ ਰਹੇ ਹਨ। ਇਥੇ ਇਹ ਗੱਲ ਸਭ ਦੇ ਧਿਆਨ 'ਚ ਲਿਆਂਦੀ ਜਾਣ ਯੋਗ ਹੈ ਕਿ ਉਕਤ ਸਥਿਤੀ ਤੋਂ ਉਲਟ ਪਾਕਿਸਤਾਨ ਸਰਕਾਰ ਨੇ ਲੱਗਭਗ ੫੦,੦੦੦ ਸਿੱਖਾਂ ਦੀ ਮੰਗ 'ਤੇ ਗੌਰ ਕਰਦਿਆਂ ਅਨੰਦ ਮੈਰਿਜ ਐਕਟ ੧੯੦੯ ਜੋ ਕਿ ਅੰਗਰੇਜ਼ ਸਰਕਾਰ ਨੇ ਪਾਸ ਕੀਤਾ ਸੀ ਅਤੇ ਅਜ਼ਾਦੀ ਤੋਂ ਬਾਅਦ ਇਹ ਐਕਟ ਭਾਰਤ, ਪਾਕਿਸਤਾਨ ਅਤੇ ਬੰਗਲਾ ਦੇਸ਼ ਵਿਚ ਉਸੇ ਤਰ੍ਹਾਂ ਲਾਗੂ ਰਿਹਾ ਸੀ, ਨੂੰ ਲੱਗਭਗ ੧੦੦ ਸਾਲ ਬਾਅਦ ਦੁਬਾਰਾ ਤੋਂ 'ਅਨੰਦ ਮੈਰਿਜ ਐਕਟ-੨੦੦੭' ਨੂੰ ਲਾਗੂ ਕਰ ਦਿੱਤਾ ਗਿਆ।*

*ਅਨੰਦ ਮੈਰਿਜ ਐਕਟ ਅਧੀਨ ਸਿੱਖਾਂ ਦੇ ਵਿਆਹ ਹਿੰਦੂ ਮੈਰਿਜ ਐਕਟ ਅਧੀਨ ਰਜਿਸਟਰਡ ਹੋਣ ਦਾ ਇਤਰਾਜ਼ ਉਸ ਸਮੇਂ ਸਾਹਮਣੇ ਆਇਆ ਜਦੋਂ ਵਿਦੇਸ਼ਾਂ ਵਿਚ ਰੋਜ਼ਗਾਰ ਲਈ ਗਏ ਸਿੱਖਾਂ ਨੂੰ ਆਪਣੇ ਪਰਵਾਰਾਂ ਨੂੰ ਆਪਣੇ ਪਾਸ ਬੁਲਾਉਣ ਲਈ ਵਿਆਹ ਰਜਿਸਟਰਡ ਕਰਵਾਉਣ ਦੀ ਲੋੜ ਪਈ। ਕੁਝ ਸਮਾਂ ਪਹਿਲਾਂ ਸੁਪਰੀਮ ਕੋਰਟ ਵੱਲੋਂ ਵੀ ਹਰ ਇਕ ਨੂੰ ਆਪਣਾ ਵਿਆਹ ਰਜਿਸਟਰਡ ਕਰਵਾਉਣ ਦੀ ਹਦਾਇਤ ਕੀਤੀ ਗਈ। ਅਜਿਹੇ ਸਮੇਂ ਜਦੋਂ ਸਿੱਖਾਂ ਨੇ ਆਪਣੇ ਵਿਆਹ ਰਜਿਸਟ੍ਰੇਸ਼ਨ ਦੇ ਸਰਟੀਫਿਕੇਟ ਪ੍ਰਾਪਤ ਕੀਤੇ ਤਾਂ ਉਹ ਹੈਰਾਨ ਰਹਿ ਗਏ ਕਿ ਉਨ੍ਹਾਂ ਦੇ ਅਨੰਦ ਵਿਆਹ ਨੂੰ ਹਿੰਦੂ ਮੈਰਿਜ ਐਕਟ ਅਧੀਨ ਰਜਿਸਟਰਡ ਕੀਤਾ ਗਿਆ ਸੀ।*

*ਕੀ ਸਾਡੇ ਸੱਤਾਧਾਰੀਆਂ ਨੂੰ ਇਹ ਪਤਾ ਨਹੀਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇਸ਼ ਭਰ ਵਿਚ ਲੰਮੀਆਂ ਪ੍ਰਚਾਰ-ਯਾਤਰਾਵਾਂ ਕਰ ਕੇ ਕੌਮ ਨੂੰ ਘੋਰ ਅਗਿਆਨਤਾ*

*ਅਤੇ ਵਿਅਰਥ ਦੇ ਕਰਮਕਾਂਡਾਂ ਦੇ ਕੁਚੱਕਰ 'ਚੋਂ ਕੱਢ ਕੇ ਨਿਵੇਕਲੇ ਸਿੱਖ ਧਰਮ ਦੀ ਸਥਾਪਨਾ ਕੀਤੀ ਸੀ? ਕੀ ਸਾਡੇ ਸੱਤਾਧਾਰੀਆਂ ਨੂੰ ਇਹ ਪਤਾ ਨਹੀਂ ਕਿ ਗੁਰੂ ਦੇ ਨਾਮ-ਲੇਵਾ ਸਿੱਖ ਸਿਰਫ਼ ਇੱਕੋ-ਇੱਕ ਅਕਾਲ ਪੁਰਖ ਦੀ ਹਸਤੀ ਨੂੰ ਮੰਨਦੇ ਹਨ ਅਤੇ ਉਹ ਦੇਵੀ-ਦੇਵਤਿਆਂ ਨੂੰ ਜਾਂ ਮੂਰਤੀ ਪੂਜਾ ਨੂੰ ਨਹੀਂ ਮੰਨਦੇ? ਸਿੱਖ ਦੀ ਤਾਂ ਸਮੁੱਚੀ ਰਹਿਣੀ ਤੇ ਜੀਵਨ-ਜੁਗਤ ਹੀ ਨਿਰਾਲੀ ਹੈ। ਤਾਂ ਫਿਰ ਕੀ ਉਹ ਸਿੱਖਾਂ ਨੂੰ ਹਿੰਦੂ ਧਰਮ ਦਾ ਹਿੱਸਾ ਕਹਿ ਕੇ, ਲਿਖ ਕੇ ਜਾਂ ਸਮਝ ਕੇ ਉਨ੍ਹਾਂ ਨੂੰ ਇਸ 'ਚ ਜਜ਼ਬ ਕਰ ਸਕਦੇ ਹਨ? ਕਦੇ ਵੀ ਨਹੀਂ। ਗੁਰੂ ਨਾਨਕ ਨਾਮ-ਲੇਵਾ ਸਿੱਖ ਆਪਣਾ ਵਿਲੱਖਣ ਸਾਬਤ-ਸੂਰਤ ਸਰੂਪ ਰੱਖਦਾ ਹੈ ਅਤੇ ਉਹ ਸਤਿਗੁਰੂ ਵੱਲੋਂ ਬਖਸ਼ੀ ਨਿਰਮਲ ਸੋਚ ਦਾ ਸਦਕਾ ਆਪਣੇ ਸੀਸ 'ਤੇ ਦਸਤਾਰ ਸਜਾਉਂਦਾ ਹੈ। ਪਰ ਗੁਰੂ ਦਾ ਸਿੱਖ ਕਿਸੇ ਨਾਲ ਵੈਰ-ਵਿਰੋਧ, ਨਫ਼ਰਤ ਤੇ ਈਰਖਾ ਨਹੀਂ ਰੱਖਦਾ। ਉਹ ਸਾਰੀ ਮਨੁੱਖਤਾ ਵਿਚ ਉਸ ਪਰਮਾਤਮਾ ਦਾ ਨੂਰ ਵੇਖਦਾ-ਮਹਿਸੂਸਦਾ ਹੈ ਕਿਉਂਕਿ ਉਸ ਨੂੰ ਨਿਰਮਲ ਗੁਰਬਾਣੀ ਦੀ ਗੁੜ੍ਹਤੀ ਮਿਲਦੀ ਹੈ। ਸਿੱਖਾਂ ਨੇ ਤਾਂ ਆਪਣੇ ਧਾਰਮਿਕ ਅਸਥਾਨ ਵੀ ਆਪਣੇ ਤਕ ਸੀਮਿਤ ਨਾ ਰੱਖਦਿਆਂ ਸਾਰੀ ਮਨੁੱਖਤਾ ਲਈ ਸੱਚੇ ਰੂਹਾਨੀ ਅਨੰਦ ਅਤੇ ਅਧਿਆਤਮਕ ਸ਼ਾਂਤੀ ਵਾਸਤੇ ਖੁੱਲ੍ਹੇ ਤੇ ਵਿਸ਼ਾਲ ਰੱਖੇ ਹੋਏ ਹਨ। ਫਿਰ ਉਨ੍ਹਾਂ ਨਾਲ ਵੈਰ-ਵਿਰੋਧ, ਨਫ਼ਰਤ ਤੇ ਈਰਖਾ ਦਾ ਭਾਵ ਇਸ ਦੇਸ਼ 'ਚ ਕਿਉਂ ਰੱਖਿਆ ਜਾ ਰਿਹਾ ਹੈ? ਜਦੋਂ ਸਿੱਖ ਕਿਸੇ ਦੇ ਹੱਕਾਂ ਨੂੰ ਨਹੀਂ ਖੋਂਹਦੇ ਤਾਂ ਫਿਰ ਉਨ੍ਹਾਂ ਦੇ ਹੱਕ ਉਨ੍ਹਾਂ ਤੋਂ ਕਿਉਂ ਖੋਹਣ ਦੇ ਯਤਨ ਕੀਤੇ ਜਾਂਦੇ ਹਨ? ਸ਼ਾਇਦ ਸੱਤਾਧਾਰੀਆਂ ਦੀ ਇਹ ਸੋਚ ਹੋਵੇ ਕਿ ਸਿੱਖਾਂ ਨੂੰ ਦਬਾ ਕੇ ਤੇ ਉਲਝਾ ਕੇ ਰੱਖਣਾ ਉਨ੍ਹਾਂ ਦਾ ਠੀਕ ਤੇ ਸੂਤ ਬੈਠਣ ਵਾਲਾ ਪੈਂਤੜਾ ਹੈ। ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਪਹਿਲਾਂ ਵੀ ਸਿੱਖਾਂ ਨੂੰ ਉਨ੍ਹਾਂ ਦੇ ਕਈ ਹੱਕ ਜ਼ੋਰਦਾਰ ਸੰਘਰਸ਼ਾਂ ਮਗਰੋਂ ਦਿੱਤੇ ਹੀ ਹਨ।*

*ਇਸ ਲਈ ਭਾਵੇਂ ਪੰਜਾਬੀ ਸੂਬੇ ਦੀ ਪ੍ਰਾਪਤੀ ਹੋਵੇ ਜਾਂ ਪੰਜਾਬ ਦੀ ਰਾਜਧਾਨੀ ਲਈ ਚੰਡੀਗੜ੍ਹ ਲੈਣਾ ਹੋਵੇ ਜਾਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਦੀ ਗੱਲ ਹੋਵੇ ਪੰਜਾਬੀਆਂ ਨੂੰ ਇਨ੍ਹਾਂ ਮੰਗਾਂ ਲਈ ਸੰਘਰਸ਼ ਹੀ ਕਰਨਾ ਪਿਆ ਅਤੇ ਪੈ ਰਿਹਾ ਹੈ। ਪੰਜਾਬੀਆਂ ਖਾਸ ਕਰਕੇ ਸਿੱਖਾਂ ਨੂੰ ਮੀਡੀਏ ਰਾਹੀਂ ਮਜ਼ਾਕ ਦਾ ਪਾਤਰ ਬਣਾ ਕੇ ਉਨ੍ਹਾਂ ਦੇ ਬਹਾਦਰੀ ਭਰੇ ਕਾਰਨਾਮਿਆਂ ਨੂੰ ਅੱਖੋਂ ਪਰੋਖੇ ਕਰ ਕੇ ਉਨ੍ਹਾਂ ਦੇ ਅਕਸ ਨੂੰ ਵਿਗਾੜ ਕੇ ਦੁਨੀਆਂ ਸਾਹਮਣੇ ਪੇਸ਼ ਕੀਤਾ ਜਾ ਰਿਹਾ ਹੈ।*

*ਇਹ ਸਾਰੀ ਦੁਨੀਆਂ ਨੂੰ ਪਤਾ ਹੈ ਕਿ ਅਜੇ ਵੀ ਸਿੱਖਾਂ ਦੇ ਕਈ ਹੱਕ ਸਰਕਾਰ ਨੇ ਦਬਾਏ ਹੋਏ ਹਨ। ਦੇਸ਼ ਜੇਕਰ ਵੱਖ-ਵੱਖ ਧਰਮਾਂ ਤੇ ਸੱਭਿਆਚਾਰਾਂ ਦਾ ਸੰਯੋਗ ਹੈ ਤਾਂ ਸਾਰੇ ਧਰਮਾਂ ਤੇ ਸੱਭਿਆਚਾਰਾਂ ਨੂੰ ਮਾਨਤਾ ਦੇਣੀ, ਉਨ੍ਹਾਂ ਦਾ ਸਤਿਕਾਰ ਇਸ ਦੇਸ਼ ਦੀ ਹਰੇਕ ਸੱਤਾਧਾਰੀ ਧਿਰ ਦੀ ਮੂਲ ਨੀਤੀ ਹੋਣੀ ਚਾਹੀਦੀ ਹੈ ਅਤੇ ਇਹ ਦੇਸ਼ ਦੇ ਵੱਧ ਤੋਂ ਵੱਧ ਸੰਭਾਵੀ ਵਿਕਾਸ ਵਾਸਤੇ ਪੂਰੀ ਤਰ੍ਹਾਂ ਅਨੁਕੂਲ ਹੁੰਦਾ ਹੈ। ਇਹੀ ਕੇਂਦਰੀ ਤੇ ਸਭ ਤੋਂ ਅਹਿਮ ਨੁਕਤਾ ਹੈ ਜਿਸ ਨੂੰ ਸਾਡੇ ਸੱਤਾਧਾਰੀ ਜਾਣੇ-ਅਨਜਾਣੇ ਅਪਣਾਉਣ*

ਦੇ ਸਹੀ ਰਸਤੇ 'ਤੇ ਨਹੀਂ ਆ ਰਹੇ ਜਿਸ ਕਰਕੇ ਦੇਸ਼ ਦੀ ਅਸੀਮ ਲੋਕ-ਸ਼ਕਤੀ ਦੀ ਸੰਭਵ ਸਦਵਰਤੋਂ ਨਹੀਂ ਕੀਤੀ ਜਾ ਰਹੀ ਅਤੇ ਬੇਬਹਾ ਕੁਦਰਤੀ ਸ੍ਰੋਤਾਂ ਤੇ ਵਿਆਪਕ ਮਨੁੱਖੀ ਸ਼ਕਤੀ ਦੇ ਹੁੰਦਿਆਂ ਦੇਸ਼ ਪਛੜੇਵੇਂ ਦਾ ਸ਼ਿਕਾਰ ਹੈ।

ਅਨੰਦ ਮੈਰਿਜ ਐਕਟ ਤਾਂ ਅੰਗਰੇਜ਼ਾਂ ਦੇ ਸਮੇਂ ੧੯੦੯ ਈ. ਤੋਂ ਹੀ ਹੋਂਦ ਵਿਚ ਹੈ। ਅਮਲ ਜਾਂ ਵਿਹਾਰ ਵਿਚ ਵੀ ਸਿੱਖ ਅਨੰਦ ਵਿਆਹ ਹੀ ਕਰਦੇ ਆ ਰਹੇ ਹਨ ਪਰ ਸੱਤਾਧਾਰੀ ਸਰਕਾਰ ਦੀ ਮੌਜੂਦਾ ਨਕਾਰਾਤਮਕ ਜ਼ਿੱਦ, ਸੌੜੀ ਸੋਚ ਅਤੇ ਨੀਤੀ ਦਾ ਸਦਕਾ ਸਿੱਖਾਂ ਦੇ ਵਿਆਹ ਨੂੰ ਅਨੰਦ ਵਿਆਹ ਵਜੋਂ ਰਜਿਸਟਰਡ ਕੀਤੇ ਜਾਣ ਦੀ ਵਿਵਸਥਾ ਨਹੀਂ ਬਣਨ ਦਿੱਤੀ ਜਾ ਰਹੀ ਜੋ ਘੋਰ ਗ਼ਲਤ ਵਿਹਾਰ ਹੈ ਜਿਸ ਨੂੰ ਹੋਰ ਸਹਿਣ ਕਰਨਾ ਮੁਸ਼ਕਿਲ ਹੈ। ਇਹ ਸਾਰਿਆਂ ਨੂੰ ਪਤਾ ਹੀ ਹੈ ਕਿ ਵਿਆਹ ਮਗਰੋਂ ਵਿਵਾਹਤ ਜੋੜਿਆਂ ਨੂੰ ਇਸ ਸਬੰਧੀ ਕਾਨੂੰਨੀ ਮਾਨਤਾ ਪ੍ਰਾਪਤ ਕਰਨੀ ਹੀ ਪੈਂਦੀ ਹੈ। ਅਜਿਹੀ ਹਾਲਤ ਵਿਚ ਜਦੋਂ ਅਨੰਦ ਵਿਆਹ ਕਰਾ ਕੇ ਸਿੱਖ ਦੰਪਤੀ ਨੂੰ ਅਨੰਦ ਰੀਤੀ ਅਨੁਸਾਰ ਵਿਆਹ ਕਰਵਾ ਕੇ ਹਿੰਦੂ ਵਿਆਹ ਕਾਨੂੰਨ ਅਨੁਸਾਰ ਵਿਆਹ ਹੋਏ ਹੋਣ ਦੀ ਝੂਠੀ ਗੱਲ ਲਿਖਤੀ ਰੂਪ 'ਚ ਸਵੀਕਾਰਨੀ ਪੈਂਦੀ ਹੈ ਤਾਂ ਉਸ ਨੂੰ ਘੋਰ ਅਪਮਾਨ ਦੇ ਅਹਿਸਾਸ 'ਚੋਂ ਗੁਜ਼ਰਨਾ ਪੈਂਦਾ ਹੈ। ਆਪਣਾ ਧਰਮ ਹਰੇਕ ਨੂੰ ਪਿਆਰਾ ਹੁੰਦਾ ਹੈ। ਆਪਣੇ ਧਰਮ ਅਨੁਸਾਰ ਧਾਰਮਿਕ ਤੇ ਸਮਾਜਿਕ ਰਸਮਾਂ ਨਿਭਾਉਣਾ ਤਾਂ ਸਾਡਾ ਸਾਰਿਆਂ ਦਾ ਸੰਵਿਧਾਨਕ ਅਧਿਕਾਰ ਹੈ। ਜੇਕਰ ਕਿਸੇ ਨੂੰ ਰਸਮ ਤਾਂ ਆਪਣੇ ਧਰਮ ਅਨੁਸਾਰ ਨਿਭਾਉਣ ਦੀ ਖੁੱਲ੍ਹ ਹੋਵੇ ਐਪਰ ਉਸ ਦੀ ਉਸ ਰਸਮ ਨੂੰ ਕਿਸੇ ਹੋਰ ਧਰਮ ਨਾਲ ਜੋੜਨ ਦਾ ਯਤਨ ਕੀਤਾ ਜਾਵੇ ਤਾਂ ਇਹ ਇਕ ਖਾਸ ਕਿਸਮ ਦੀ ਧਾਰਮਿਕ ਦਖ਼ਲਅੰਦਾਜ਼ੀ ਹੈ ਜੋ ਕਿਸੇ ਵੀ ਤਰ੍ਹਾਂ ਧਾਰਮਿਕ ਅਜ਼ਾਦੀ 'ਤੇ ਹਮਲੇ ਤੋਂ ਘੱਟ ਨਹੀਂ। ਸਰਕਾਰ ਨੂੰ ਉਕਤ ਸਾਰੀ ਸਥਿਤੀ ਸਮਝਦਿਆਂ ਲੰਬੇ ਸਮੇਂ ਤੋਂ ਆਪਣੇ ਵੱਲੋਂ ਕੀਤਾ ਜਾ ਰਿਹਾ ਇਕ ਘੱਟ-ਗਿਣਤੀ ਕੌਮ ਨਾਲ ਅਨਿਆਂ ਦਾ ਵਿਹਾਰ ਛੱਡ ਕੇ ਮਾਮੂਲੀ ਸੋਧ ਕਰਨ ਤੋਂ ਆਪਣਾ ਮੌਜੂਦਾ ਹਠੀ ਵਿਹਾਰ ਸੁਧਾਰਨਾ ਚਾਹੀਦਾ ਹੈ। ਇਸ ਸਵਾਲ 'ਤੇ ਹੁਣ ਸਿੱਖ ਹੋਰ ਸਮਾਜਿਕ-ਮਾਨਸਿਕ ਪੀੜਾ ਤੇ ਅਨਿਆਂ ਨਹੀਂ ਸਹਿ ਸਕਣਗੇ। ਜਦੋਂ ਸਰਕਾਰ ਨੇ ਸੰਵਿਧਾਨ ਵਿਚ ਸੋਧ ਕਰਨ ਲਈ ਰਾਵਾਂ ਇਕੱਠੀਆਂ ਕੀਤੀਆਂ ਸਨ ਉਸ ਸਮੇਂ ਵੀ ਅਨੰਦ ਮੈਰਿਜ ਐਕਟ ਅਧੀਨ ਵਿਆਹ ਰਜਿਸਟਰਡ ਕਰਨ ਲਈ ਸੋਧ ਦੀ ਇਹ ਮੁੱਖ ਮੰਗ ਸੀ। ਅਨੰਦ ਮੈਰਿਜ ਐਕਟ ੧੯੦੯ ਨੂੰ ਸੋਧ ਕੇ ਲਾਗੂ ਕਰਨ ਲਈ ਕੇਂਦਰ ਸਰਕਾਰ ਵੱਲੋਂ ਜੋ ਸਾਂਝੀ ਸੰਸਦ ਕਮੇਟੀ ਬਣਾਈ ਸੀ ਉਸ ਵੱਲੋਂ ਵੀ ੨੦੦੭ ਈ: ਵਿਚ ਆਮ ਸਹਿਮਤੀ ਨਾਲ ਪਾਸ ਕਰਨ ਦੀ ਸਿਫਾਰਿਸ਼ ਕਰ ਦਿੱਤੀ ਗਈ ਸੀ ਜਿਸ ਨੂੰ ਰਦ ਕਰਨਾ ਸਿੱਖ ਕੌਮ ਨਾਲ ਬਹੁਤ ਵੱਡਾ ਧੱਕਾ ਹੈ। ਉਨ੍ਹਾਂ ਨੂੰ ਇਸ ਸਬੰਧ ਵਿਚ ਜੇਕਰ ਸੰਘਰਸ਼ ਦੇ ਰਾਹ ਵੱਲ ਧੱਕਿਆ ਜਾ ਰਿਹਾ ਹੈ। ਇਸ ਲਈ ਜੇਕਰ ਦੇਸ਼ ਕੌਮ ਦਾ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਇਸ ਦੇ ਜ਼ਿੰਮੇਵਾਰ ਸੱਤਾਧਾਰੀ ਹੀ ਮੰਨੇ ਜਾਣਗੇ। ■

# 'ਪਰਮਾਰਥੀ ਅਨੁਭਵਾਂ ਦੀ ਅਨੂਪਮ ਰਚਨਾ : ਜਪੁਜੀ ਸਾਹਿਬ'

*-ਡਾ. ਗੁਲਜ਼ਾਰ ਸਿੰਘ**

**ਜਾਣ-ਪਛਾਣ :** ਜਪੁਜੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ ਹੀ ਨਹੀਂ ਸਗੋਂ ਵਿਸ਼ਵ ਦੇ ਰੂਹਾਨੀ ਸਾਹਿਤ ਦੀ ਸਰਬੋਤਮ ਰਚਨਾ ਹੈ। ਸਿੱਖ ਧਰਮ ਵਿਚ ਇਸ ਦਾ ਸਥਾਨ ਨਿਤਨੇਮ ਦੀਆਂ ਬਾਣੀਆਂ ਵਿਚ ਪ੍ਰਥਮ ਹੈ ਤੇ ਇਸੇ ਕਰਕੇ ਪੰਚਮ ਪਾਤਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਦੇ ਹੋਏ ਇਸ ਨੂੰ ਸਭ ਤੋਂ ਪਹਿਲਾਂ ਰੱਖਿਆ ਹੈ। ਆਕਾਰ ਵਜੋਂ ਮੂਲ ਮੰਤਰ, ੩੮ ਪਉੜੀਆਂ ਅਤੇ ੨ ਸਲੋਕ ਵਾਲੀ ਇਹ ਰਚਨਾ ਸੂਤਰਮਈ ਹੈ ਜਿਸ ਵਿਚ ਸਿੱਖ ਰੂਹਾਨੀਅਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸਾਰ-ਤੱਤ ਸਮੋਇਆ ਹੋਇਆ ਹੈ। ਵਿਦਵਾਨ ਲੋਕ ਭਾਵੇਂ ਆਪਣੇ ਅਧਿਐਨ ਰਾਹੀਂ ਇਸ ਦੀ ਕਿੰਨੀ ਵੀ ਵਿਆਖਿਆ ਕਰ ਲੈਣ ਪਰ ਇਹ ਬੌਧਿਕ ਪਰਤਾਂ ਅਤੇ ਪਕੜਾਂ ਤੋਂ ਪਾਰ ਅਨੁਭਵ ਦੇ ਦੇਸ਼ ਦੀ ਰਚਨਾ ਹੈ ਜਿਸ ਦਾ ਮਰਮ ਕੋਈ ਅਨੁਭਵੀ ਪੁਰਸ਼ (ਗੁਰਮੁਖ) ਹੀ ਪਾ ਸਕਦਾ ਹੈ। ਸੱਚ ਤਾਂ ਇਹ ਹੈ ਕਿ ਜਪੁਜੀ ਪਰਮਾਰਥੀ ਅਨੁਭਵਾਂ ਦਾ ਐਸਾ ਅਥਾਹ ਸਾਗਰ ਹੈ ਜਿਸ ਵਿਚ ਜਿੰਨੀ ਡੂੰਘੀ ਚੁੱਭੀ ਮਾਰੀ ਜਾਵੇ, ਓਨੇ ਹੀ ਕੀਮਤੀ ਮੋਤੀ ਹੱਥ ਆਉਂਦੇ ਹਨ। ਵਿਦਵਾਨ ਪੁਰਸ਼ ਜਦ ਜਪੁਜੀ ਸਾਹਿਬ ਦਾ ਅਧਿਐਨ ਕਰਦੇ ਹਨ ਤਾਂ ਇਉਂ ਮਹਿਸੂਸ ਕਰਦੇ ਹਨ ਕਿ ਇਹ ਰਚਨਾ ਵਿਸ਼ਵ ਦੇ ਰੂਹਾਨੀ ਫ਼ਲਸਫ਼ੇ ਦਾ ਨਿਚੋੜ ਹੈ। ਇੱਥੇ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਇਸ ਰਚਨਾ ਦੀ ਸਿਰਜਨਾ ਵਿਵਿਧ ਧਰਮ ਗ੍ਰੰਥਾਂ ਨੂੰ ਪੜ੍ਹ ਕੇ ਜਾਂ ਵਿਸ਼ਲੇਸ਼ਣ ਕਰ ਕੇ ਨਹੀਂ ਕੀਤੀ, ਸਗੋਂ ਇਹ 'ਧੁਰ ਕੀ ਬਾਣੀ' ਦੇ ਰੂਪ ਵਿਚ ਨਿੱਜੀ ਰੂਹਾਨੀ ਅਨੁਭਵ ਵਿੱਚੋਂ ਪ੍ਰਗਟ ਹੋਈ ਹੈ। ਇਵੇਂ ਜਪੁਜੀ ਸਾਹਿਬ ਕੋਈ ਦਾਰਸ਼ਨਿਕ ਰਚਨਾ ਨਹੀਂ, ਸਗੋਂ ਸਾਧਨਾ ਰਾਹੀਂ ਉਜਾਗਰ ਹੋਈ ਪਰਮਾਰਥੀ ਅਨੁਭਵਾਂ ਦੀ ਅਨੂਪਮ ਰਚਨਾ ਹੈ। ਕਾਵਿਕ ਪੱਖੋਂ ਇਹ ਪ੍ਰਬੰਧ-ਕਾਵਿ ਦੀ ਵੰਨਗੀ ਵਿਚ ਆਉਂਦੀ ਹੈ ਕਿਉਂਕਿ ਇਸ ਵਿਚ ਸਿੱਖ ਧਰਮ ਦੇ ਬੁਨਿਆਦੀ ਸਿਧਾਂਤ, ਪਰਮਾਤਮਾ ਨਾਲ ਮਿਲਾਪ ਦੀ ਜੁਗਤ, ਸਦਾਚਾਰਕ ਨਿਯਮਾਵਲੀ (Moral Code), ਵਿਅਕਤੀਗਤ ਆਚਰਨ (Personal Coduct) ਅਤੇ ਸਮਾਜਿਕ ਵਿਵਹਾਰ (Social Conduct) ਸਭ ਨੂੰ ਰੂਹਾਨੀ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ।

**ਮੂਲ ਵਿਸ਼ਾ :** ਜਪੁਜੀ ਸਾਹਿਬ ਰਹੱਸਵਾਦੀ ਰਚਨਾ ਹੈ। ਰਹੱਸਵਾਦੀ ਅਨੁਭਵ ਨੂੰ ਗਿਆਨ ਦਾ ਸਰਬੋਤਮ ਸਾਧਨ ਮੰਨਿਆ ਹੈ ਕਿਉਂਕਿ ਇਸ ਰਾਹੀਂ ਅਗੰਮ, ਅਗੋਚਰ ਅਤੇ ਅਕੱਥ ਨੂੰ ਮਾਨਵੀ ਤੇ ਸਮਾਜਿਕ ਪੱਧਰ ਉੱਪਰ ਵਿਚਾਰਿਆ ਜਾਂਦਾ ਹੈ। ਅਗੰਮ,

** ਔਸ਼ਟੀ ਕਲੋਨੀ (ਨਜ਼ਦੀਕ ਐਮ.ਪੀ. ਕੋਠੀ), ਨੰਗਲ ਡੈਮ, ਜ਼ਿਲ੍ਹਾ ਰੋਪੜ। ਮੋ: ੯੮੭੨੨-੯੧੨੯੨*

ਅਗੋਚਰ ਜਾਂ ਅਕੱਥ ਮੂਲ ਰੂਪ ਵਿਚ ਪਰਮ-ਤੱਤ ਜਾਂ ਪਰਮ-ਸਤਿ ਹੈ ਜਿਸ ਦੀ ਵਿਚਾਰ ਇਸ ਬਾਣੀ ਵਿਚ ਹੋਈ ਹੈ, ਇਸੇ ਕਰਕੇ ਡਾ. ਦੀਵਾਨ ਸਿੰਘ ਜੀ ਕਹਿੰਦੇ ਹਨ- ''ਜਪੁਜੀ ਸਾਹਿਬ ਦੇ ਵਿਸ਼ੇ ਦੀ ਉਸਾਰੀ ਕਿਸੇ ਉੱਚੇ ਰਹੱਸਵਾਦੀ ਪੱਧਰ 'ਤੇ ਕੀਤੀ ਗਈ ਹੈ, ਜਿਸ ਨੂੰ ਕੇਵਲ ਸਹਿਜ ਅਨੁਭਵ ਦੀ ਅਵਸਥਾ ਵਿਚ ਹੀ ਪ੍ਰਤੀਤ ਕੀਤਾ ਜਾ ਸਕਦਾ ਹੈ। ਬੁੱਧੀ ਦੇ ਕਰਤੱਵ ਨਾਲ ਇਸ ਨੂੰ ਜਾਣਿਆ ਤੇ ਬਿਆਨਿਆ ਨਹੀਂ ਜਾ ਸਕਦਾ।''

ਸੰਖੇਪ ਵਿਚ ਕਹਿਣਾ ਹੋਵੇ ਤਾਂ ਜਪੁਜੀ ਸਾਹਿਬ ਦਾ ਵਿਸ਼ਾ ਹੈ ਕਿ ਮਨੁੱਖ 'ਸਚਿਆਰ' ਭਾਵ ਸੱਚ ਦਾ ਧਾਰਨੀ ਕਿਵੇਂ ਹੋ ਸਕਦਾ ਹੈ? ਸੱਚ ਦਾ ਧਾਰਨੀ ਹੋਣ ਦਾ ਭਾਵ ਮਨੁੱਖ ਦਾ ਆਪਣੇ ਆਤਮਿਕ ਸੋਮੇ ਪਰਮਸਤਿ ਨਾਲ ਅਭੇਦ ਹੋਣਾ ਹੈ। ਮਨੁੱਖਾ ਜਨਮ ਧਾਰ ਕੇ ਇਹ ਜੀਵ-ਆਤਮਾ ਪਰਮਸਤਿ ਤੋਂ ਵਿੱਛੜ ਗਈ ਹੈ ਅਤੇ ਕੂੜ ਦੇ ਪਾਸਾਰੇ ਵਿਚ ਆਵਾਗਵਨ ਦੇ ਚੱਕਰ ਕੱਟ ਰਹੀ ਹੈ। ਉਸ ਦੀ ਲੋਚਾ ਪਰਮਸਤਿ ਨਾਲ ਮੁੜ ਇਕਮਿਕ ਹੋਣ ਦੀ ਹੈ। ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਉਸ ਨੂੰ ਮਿਲਾਪ ਦਾ ਢੰਗ ਅਤੇ ਰਸਤਾ ਪਤਾ ਲੱਗ ਜਾਵੇ। ਹੁਕਮ ਦੀ ਪਛਾਣ ਹੀ ਇਸ ਬੰਦ-ਖਲਾਸੀ ਦਾ ਕੇਂਦਰੀ ਨੁਕਤਾ ਹੈ। ਗੁਰੂ ਸਾਹਿਬ ਜੀ ਨੇ ਇਸ ਮੂਲ ਵਿਸ਼ੇ ਨੂੰ ਪਹਿਲੀ ਪਉੜੀ ਵਿਚ ਹੀ ਬੜੇ ਸੰਖੇਪ ਤੇ ਭਾਵਪੂਰਤ ਢੰਗ ਨਾਲ ਸਾਹਮਣੇ ਲਿਆਂਦਾ ਹੈ:

*ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥* *(ਪੰਨਾ ੧)*

ਇਸ ਮੂਲ ਵਿਸ਼ੇ ਨੂੰ ਸਾਰੀ ਰਚਨਾ ਵਿਚ ਗੁਰੂ ਸਾਹਿਬ ਜੀ ਨੇ ਵਿਧੀਵਤ ਰੂਪ ਵਿਚ ਖੋਲ੍ਹਿਆ ਹੈ। ਇਸ ਰਹੱਸ ਦੇ ਤਿੰਨ ਪੱਖ ਹਨ: ਪਹਿਲਾ ਮਨੁੱਖਾ ਜੀਵਨ ਦਾ ਉਦੇਸ਼ ਕੀ ਹੈ, ਦੂਜਾ ਇਸ ਉਦੇਸ਼ ਨੂੰ ਪ੍ਰਾਪਤ ਕਰਨ ਲਈ ਕੀ ਕਰਨ ਦੀ ਲੋੜ ਹੈ ਅਤੇ ਤੀਜਾ, ਉਦੇਸ਼ ਦੀ ਪ੍ਰਾਪਤੀ ਹੋਣ ਪਿੱਛੋਂ ਕਿਹੋ ਜਿਹਾ ਅਨੁਭਵ ਹੁੰਦਾ ਹੈ। ਡਾ. ਦੀਵਾਨ ਸਿੰਘ ਜੀ ਵਿਸ਼ੇ ਦੇ ਸਾਰੇ ਪੱਖਾਂ ਨੂੰ ਖੋਲ੍ਹਣ ਲਈ ਇਸ ਨੂੰ ਛੇ ਅੰਗਾਂ ਵਿਚ ਵੰਡ ਕੇ ਜਪੁਜੀ ਸਾਹਿਬ ਦਾ ਅਧਿਐਨ ਕਰਦੇ ਹਨ। ਇਹ ਪੱਖ ਹਨ-

੧. ਪਰਮਾਤਮਾ ਦਾ ਸਰੂਪ
੨. ਮਨੁੱਖੀ ਆਤਮਾ ਦਾ ਕਰਤੱਵ
੩. ਕਰਤੱਵ ਦੀ ਪੂਰਤੀ ਦਾ ਸਾਧਨ
੪. ਪਰਮਾਤਮਾ ਦੀ ਅਨੰਨਤਾ ਦਾ ਅਨੁਭਵ
੫. ਪੁੱਗੇ ਹੋਏ ਮਨੁੱਖ ਦੀ ਆਤਮਕ ਅਵਿਵਸਥਾ
੬. ਆਤਮਿਕ ਮੰਡਲਾਂ ਦਾ ਵਰਣਨ (ਪੰਜ ਖੰਡ)

ਵਿਸ਼ੇ ਪੱਖੋਂ ਜਪੁਜੀ ਸਾਹਿਬ ਮਨੁੱਖ ਨੂੰ (ਪਰਮਸਤਿ) ਦੀ ਸੋਝੀ ਦਿਵਾਉਣ ਵਾਲੀ ਅਨੂਪਮ ਰਚਨਾ ਹੈ। 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਦੇ ਪ੍ਰਵਚਨ

ਰਾਹੀਂ ਗੁਰੂ ਜੀ ਦਾ ਸੰਬੋਧਨ ਮਨੁੱਖ ਨੂੰ ਹੈ ਪਰ ਗੱਲ ਪਰਮਾਤਮਾ ਦੀ ਕੀਤੀ ਗਈ ਹੈ। ਸਾਰੀ ਰਚਨਾ ਵਿਚ ਗੱਲ ਵਾਰ-ਵਾਰ ਪਰਮਾਤਮਾ ਦੀ ਕੀਤੀ ਗਈ ਹੈ ਤਾਂ ਜੋ ਮਨੁੱਖ ਦਾ ਧਿਆਨ ਰਚਨਾ ਦੀ ਥਾਂ ਰਚਨਹਾਰੇ ਵੱਲ ਖਿੱਚਿਆ ਜਾ ਸਕੇ। ਗੱਲ ਸ੍ਰਿਸ਼ਟੀ ਦੀ ਹੁੰਦੀ ਹੈ ਪਰ ਹੁੰਦੀ ਹੈ ਪਰਮਾਤਮਾ ਦੀ ਸਿਰਜਨਾ ਦੇ ਰੂਪ ਵਿਚ। ਇਸ ਸਿਰਜਨਾ ਵਿਚ ਜੋ ਸਿਰਜਣਹਾਰ ਲੁਪਤ ਹੈ, ਉਸ ਦੇ ਰਹੱਸ ਨੂੰ ਅਨੁਭੂਤੀ ਦੇ ਪੱਧਰ 'ਤੇ ਵਿਚਾਰਿਆ ਗਿਆ ਹੈ। ਗੱਲ ਮਨੁੱਖੀ ਰਿਸ਼ਤਿਆਂ ਦੀ ਹੋਈ ਹੈ ਪਰ ਇਹ ਵੀ ਪਰਮਾਤਮਾ ਦੁਆਰਾ ਸ੍ਰਿਸ਼ਟੀ ਦੇ ਸੰਚਾਲਨ ਲਈ ਬਣਾਏ ਗਏ 'ਨਦਰਿ-ਕਰਮ' ਦੇ ਸਿਧਾਂਤ ਦੇ ਪਿਛੋਕੜ ਵਿਚ ਹੋਈ ਹੈ। ਹਰ ਤੁਕ ਵਿਚ ਪਰਮਾਤਮਾ ਦੀ 'ਸਿਫ਼ਤ-ਸਲਾਹ' ਹੋਈ ਹੈ। ਮਨੁੱਖ ਦੇ ਸਮਾਜਿਕ, ਰਾਜਨੀਤਿਕ, ਆਰਥਿਕ ਹਾਲਾਤਾਂ 'ਤੇ ਕੋਈ ਟਿੱਪਣੀ ਨਹੀਂ ਕੀਤੀ ਗਈ ਸਗੋਂ ਮਨੁੱਖ ਦੇ ਪਰਮਾਤਮਾ ਨਾਲ ਰੂਹਾਨੀ ਰਿਸ਼ਤੇ ਦੀ ਗੱਲ ਹੋਈ ਹੈ ਜਿਸ ਦੀ ਸੋਝੀ ਪਾ ਕੇ ਮਨੁੱਖ ਨੇ ਪੂਰਨ-ਪੁਰਖ (ਸਚਿਆਰ) ਬਣ ਕੇ ਪੂਰਨ ਪਰਮੇਸ਼ਰ ਵਿਚ ਅਭੇਦ ਹੋਣਾ ਹੈ। ਪਰਮਾਤਮਾ ਦੇ ਸਤਯਮ-ਸ਼ਿਵਮ-ਸੁੰਦਰਮ ਸਰੂਪ ਨਾਲ ਜੁੜ ਕੇ ਜਦ ਮਨੁੱਖ ਅੰਦਰ ਇਹ ਤਿੰਨੇ ਗੁਣ ਪ੍ਰਕਾਸ਼ਮਾਨ ਹੋ ਜਾਂਦੇ ਹਨ ਤਾਂ ਪਰਮਾਤਮਾ ਦੀ 'ਸਿਫ਼ਤ-ਸਲਾਹ' ਤੋਂ ਬਿਨਾਂ ਹੋਰ ਕੁਝ ਬਚਦਾ ਹੀ ਨਹੀਂ ਹੈ। ਇਸੇ ਕਰਕੇ ਡਾ. ਦੀਵਾਨ ਸਿੰਘ ਜੀ ਕਹਿੰਦੇ ਹਨ – "ਮੇਰਾ ਵਿਚਾਰ ਇਹ ਹੈ ਕਿ ਜਪੁਜੀ ਸਾਹਿਬ ਦਾ ਮੁੱਖ ਵਿਸ਼ਾ ਪਰਮਾਤਮਾ ਦੀ ਅਨੰਤਤਾ ਦਾ ਡੂੰਘਾ ਅਨੁਭਵ ਕਰਕੇ ਵਿਸਮਾਦ-ਉਨਮਾਦਿਤ ਹੋ ਜਾਣਾ ਤੇ ਸਿਫ਼ਤ-ਸਲਾਹ ਵਿਚ ਲੀਨ ਹੋ ਜਾਣਾ ਹੈ। ਇਸ ਤੋਂ ਵੱਡੀ ਕੋਈ ਭਗਤੀ ਨਹੀਂ ਹੋ ਸਕਦੀ। ਇਸ ਤੋਂ ਵੱਡਾ ਕੋਈ ਨਾਮ ਜਪਣ ਦਾ ਸਾਧਨ ਨਹੀਂ ਹੋ ਸਕਦਾ। ਜਪੁਜੀ ਸਾਹਿਬ ਦਾ ਮੂਲ ਵਿਸ਼ਾ ਇਹੋ ਹੈ ਕਿ ਮਨੁੱਖ ਅਨੰਤ ਪ੍ਰਭੂ ਦੇ ਧਿਆਨ ਵਿਚ ਏਨਾ ਮਗਨ ਹੋ ਜਾਏ ਕਿ ਹੋਰ ਸਭ ਕੁਝ ਭੁੱਲ ਜਾਏ। ਇਹ ਤਾਂ ਹੀ ਹੋ ਸਕਦਾ ਹੈ ਜੇ ਉਹ ਰੱਬ ਦੀ ਲੀਲ੍ਹਾ ਦਾ ਠੀਕ-ਠੀਕ ਅਨੁਭਵ ਕਰੇ। ਗੁਰੂ ਜੀ ਨੇ ਇਸ ਮਹਾਨ ਅਨੁਭਵ ਦੀ ਛੋਹ ਸਾਨੂੰ ਇਸ ਬਾਣੀ ਰਾਹੀਂ ਦਿੱਤੀ ਹੈ।"

**ਅਨੁਭਵਾਂ ਦਾ ਸਾਰ-ਅੰਸ਼ :**

ਜਪੁਜੀ ਸਾਹਿਬ ਦਾ ਅਰੰਭ ਮੂਲ-ਮੰਤਰ ਨਾਲ ਹੁੰਦਾ ਹੈ ਜਿਸ ਵਿਚ ਪਰਮਾਤਮਾ ਦੇ ਸਰੂਪ ਦਾ ਅਨੁਭਵ ਸੂਤਰਮਈ ਰੂਪ ਵਿਚ ਕੀਤਾ ਗਿਆ ਹੈ। ਪਰਮਾਤਮਾ ਇਕ ਹੈ ਜੋ ਸਦਾ ਸਤਿ ਹੈ ਤੇ ਇਹੀ ਉਸ ਦਾ ਨਾਮ ਰੂਪ ਹੈ। ਉਹ ਕਰਤਾ ਤੇ ਵਿਧਾਤਾ ਹੁੰਦਾ ਹੋਇਆ ਲਾਸਾਨੀ ਹੈ। ਕੋਈ ਦੂਜਾ ਉਹਦੇ ਜਿਹਾ ਹੋਰ ਨਹੀਂ। ਉਹ ਨਿਰਭੈ ਹੈ, ਨਿਰਵੈਰ ਹੈ, ਦੇਸ਼-ਕਾਲ ਦੀ ਬੰਦਸ਼ਾਂ ਤੋਂ ਮੁਕਤ ਅਕਾਲ ਮੂਰਤਿ ਹੈ। ਉਹ ਆਪਣਾ ਆਧਾਰ ਆਪ ਹੈ, ਜਨਮ-ਮਰਨ ਦੇ ਦੁੱਖਾਂ ਤੋਂ ਪਰ੍ਹੇ ਤੇ ਉੱਪਰ ਹੈ। ਅਜਿਹੇ ਅਚਰਜ ਗੁਣਾਂ ਦੇ ਧਾਰਨੀ ਪਰਮਾਤਮਾ ਦੀ ਪ੍ਰਾਪਤੀ ਦਾ ਜ਼ਰੀਆ ਸਤਿਗੁਰ ਦੀ ਕਿਰਪਾ- ਦ੍ਰਿਸ਼ਟੀ (ਪ੍ਰਸਾਦਿ) ਹੈ। ਇਸ ਮੂਲ-ਮੰਤਰ ਦੀ ਮੂਲ ਇਬਾਰਤ ਇਸ ਪ੍ਰਕਾਰ ਹੈ:

*੧ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥*

ਮੂਲ-ਮੰਤਰ ਤੋਂ ਅੱਗੇ 'ਜਪੁ' ਅਰਥਾਤ ਜਪੁਜੀ ਸਾਹਿਬ ਬਾਣੀ ਦਾ ਪ੍ਰਾਰੰਭ ਸ਼ਲੋਕ ਨਾਲ ਹੁੰਦਾ ਹੈ ਜਿਸ ਵਿਚ ਪਰਮਾਤਮਾ ਦੀ ਹਸਤੀ ਨੂੰ ਸਦਾ ਕਾਇਮ ਰਹਿਣ ਵਾਲਾ ਸੱਚ ਕਿਹਾ ਗਿਆ ਹੈ। ਇਹ ਸੱਚ ਸਮੇਂ ਦੀ ਹੋਂਦ ਤੋਂ ਪਹਿਲਾਂ ਵੀ ਸੀ, ਹੁਣ ਵੀ ਹੈ ਤੇ ਸਰਬ ਸਮਿਆਂ ਵਿਚ ਵੀ ਹੋਵੇਗਾ।

ਡਾ. ਰਤਨ ਸਿੰਘ (ਜੱਗੀ) ਨੇ ਜਪੁਜੀ ਸਾਹਿਬ ਦੀਆਂ ਪਉੜੀਆਂ ਅਤੇ ਸਲੋਕਾਂ ਨੂੰ ਦਸ ਚੌਕੜੀਆਂ ਵਿਚ ਵੰਡ ਕੇ ਚਾਰ-ਚਾਰ ਪਉੜੀਆਂ ਦੇ ਜੁੱਟ ਬਣਾ ਕੇ ਵਿਆਖਿਆ ਕੀਤੀ ਹੈ। ਪ੍ਰਬੰਧ ਕਾਵਿ ਦੇ ਨਜ਼ਰੀਏ ਤੋਂ ਭਾਵੇਂ ਜਪੁਜੀ ਸਾਹਿਬ ਦੀਆਂ ਕਈ ਪਉੜੀਆਂ ਚਾਰ-ਚਾਰ ਜੁੱਟਾਂ ਵਿਚ ਆਈਆਂ ਹਨ ਪਰ ਅਨੁਭਵ ਦੇ ਪੱਖੋਂ ਜਪੁਜੀ ਸਾਹਿਬ ਦੀ ਬਾਣੀ ਇਕ ਨਿਰੰਤਰ ਵਿਕਾਸ ਵਿਚ ਅੱਗੇ ਵਧਦੀ ਹੈ। ਪਹਿਲੀ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਪਰਮਾਤਮਾ ਦੇ ਮਿਲਾਪ ਲਈ ਮਨੁੱਖ ਦੁਆਰਾ ਅਪਣਾਈਆਂ ਜਾਂਦੀਆਂ ਅਨੇਕਾਂ ਬਹੁਪ੍ਰਕਾਰੀ ਪ੍ਰਚਲਤ ਜੁਗਤਾਂ ਦਾ ਬਿਆਨ ਕਰਦੇ ਹੋਏ ਅਸਲੀਅਤ ਇਹ ਸਾਹਮਣੇ ਲਿਆਉਂਦੇ ਹਨ ਕਿ ਪਰਮਾਤਮਾ ਦੇ ਮਿਲਾਪ ਦਾ ਸਾਧਨ ਕੇਵਲ ਉਸ ਦੇ ਹੁਕਮ ਦੀ ਪਛਾਣ ਵਿਚ ਹੈ। ਜਿਸ ਜਗਿਆਸੂ ਨੇ ਹੁਕਮ ਪਛਾਣ ਲਿਆ, ਉਸ ਨੇ ਸੰਸਾਰ ਦੀ ਪਦਾਰਥਵਾਦੀ ਦੌੜ ਵਿਚ "ਕੂੜਿਆਰ" ਬਣਨ ਦੀ ਬਜਾਇ "ਸਚਿਆਰ" ਬਣਨ ਦਾ ਸਾਧਨ ਤੇ ਮਾਰਗ ਲੱਭ ਲਿਆ। "ਸਚਿਆਰ" ਪਦ ਤਦ ਹੀ ਪ੍ਰਾਪਤ ਹੁੰਦਾ ਹੈ ਜਦੋਂ ਜਗਿਆਸੂ ਪਰਮਾਤਮਾ ਰੂਪੀ ਸੱਚ ਵਿਚ ਸਮਾ ਜਾਂਦਾ ਹੈ। ਦੂਜੀ ਪਉੜੀ ਵਿਚ ਇਹ ਸਪਸ਼ਟ ਕੀਤਾ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਦਾ ਇਹ ਸਾਧਨ (ਹੁਕਮ ਰਜਾਈ ਚਲਣਾ) ਪਰਮਾਤਮਾ ਨੇ ਖੁਦ ਹੀ ਸਿਰਜਿਆ ਹੈ। ਹੁਕਮ ਜਿਸ ਰਾਹੀਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ, ਜਦ ਜੀਵ ਉਸ ਨੂੰ ਪਛਾਣ ਲੈਂਦਾ ਹੈ ਤਾਂ ਉਸ ਦੀ ਹਉਮੈ ਜਾਂ ਅਗਿਆਨਤਾ ਦਾ ਨਾਸ਼ ਹੋ ਜਾਂਦਾ ਹੈ।

ਤੀਜੀ ਤੋਂ ਸਤਵੀਂ ਤਕ ਦੀਆਂ ਪੰਜ ਪਉੜੀਆਂ ਪਰਮਾਤਮਾ ਦੀ ਸਿਫ਼ਤ-ਸਲਾਹ ਕਰਦੀਆਂ ਹਨ। ਅਣਗਿਣਤ ਲੋਕ ਅਣਗਿਣਤ ਢੰਗਾਂ ਨਾਲ ਪਰਮਾਤਮਾ ਦੀ ਉਪਮਾ ਕਰ ਰਹੇ ਹਨ ਪਰ ਉਸ ਦੀ ਪੂਰੀ ਉਪਮਾ ਬਿਆਨ ਕਰ ਸਕਣਾ ਅਸੰਭਵ ਹੈ। ਜੋ ਵੀ ਦਾਤਾਂ ਮਨੁੱਖ ਨੂੰ ਮਿਲੀਆਂ ਹੋਈਆਂ ਹਨ ਸਭ ਮਾਲਕ ਦੀ ਬਖਸ਼ਿਸ਼ ਸਦਕਾ ਹਨ। ਇਨ੍ਹਾਂ ਦਾਤਾਂ ਵਿੱਚੋਂ ਕੋਈ ਦਾਤ ਉਸ ਦੇ ਭੇਟ ਕਰ ਕੇ ਅਸੀਂ ਮਾਲਕ ਨੂੰ ਪ੍ਰਸੰਨ ਨਹੀਂ ਕਰ ਸਕਦੇ। ਉਸ ਦੀ ਪ੍ਰਸੰਨਤਾ ਦਾ ਸਾਧਨ ਉਸ ਦੇ ਭਾਣੇ ਨੂੰ ਪ੍ਰਵਾਨ ਕਰਨਾ ਹੈ। ਪਰਮਾਤਮਾ ਕਿਸੇ ਦੂਜੇ ਦੁਆਰਾ ਸਿਰਜਿਆ ਜਾਂ ਥਾਪਿਆ ਨਹੀਂ ਗਿਆ ਤੇ ਨਾ ਹੀ ਉਸ ਦੇ ਹੁਕਮ ਦੀ ਪਛਾਣ ਤੋਂ ਬਿਨਾਂ ਉਸ ਦੀ ਪ੍ਰਾਪਤੀ ਹੋ ਸਕਦੀ ਹੈ। ਪਰਮਾਤਮਾ ਦਾ ਬੋਧ ਗੁਰਮੁਖਾਂ ਰਾਹੀਂ ਹੁੰਦਾ ਹੈ ਕਿਉਂਕਿ ਗੁਰਮੁਖ ਨਾਦ ਵੀ ਹੈ, ਵੇਦ ਵੀ ਹੈ ਅਤੇ ਗੁਰਮੁਖਾਂ ਦੇ

ਹਿਰਦੇ ਵਿਚ ਪ੍ਰਭੂ ਸਮਾਇਆ ਹੁੰਦਾ ਹੈ। ਤੀਰਥਾਂ ਦੇ ਇਸ਼ਨਾਨ ਵਰਗੇ ਸਾਧਨ ਪ੍ਰਭੂ ਨੂੰ ਪ੍ਰਵਾਨ ਨਹੀਂ। ਇਵੇਂ ਹੀ ਮਨੁੱਖ ਭਾਵੇਂ ਲੰਮੀ ਉਮਰ, ਮਾਣ-ਵਡਿਆਈ ਆਦਿ ਦੀ ਕਾਮਨਾ ਕਰਦੇ ਹਨ ਪਰ ਪ੍ਰਭੂ ਦੀ ਬਖਸ਼ਿਸ਼ ਤੋਂ ਬਿਨਾਂ ਇਨ੍ਹਾਂ ਦਾ ਕੌਡੀ ਮੁੱਲ ਨਹੀਂ। ਲੋੜ ਉਸ ਦੀ ਦਇਆ-ਮਿਹਰ ਦੇ ਪਾਤਰ ਬਣਨ ਦੀ ਹੈ।

੮ਵੀਂ ਤੋਂ ੧੧ਵੀਂ ਤਕ ਚਾਰ ਪਉੜੀਆਂ ਵਿਚ ਪਰਮਾਤਮਾ ਦੇ ਨਾਮ ਨਾਲ ਲਿਵ ਜੋੜਨ ਨਾਲ ਪ੍ਰਾਪਤ ਹੋਣ ਵਾਲੇ ਅਨੇਕਾਂ ਅਲੌਕਿਕ ਗੁਣਾਂ ਦਾ ਬਿਆਨ ਹੈ। ਇਸ ਤੋਂ ਅੱਗੇ ੧੨-੧੬ ਪਉੜੀਆਂ ਵਿਚ ਨਾਮ ਵਿਚ ਲੀਨ ਸਾਧਕ ਦੀ ਵਿਸਮਾਦੀ ਅਵਸਥਾ ਬਿਆਨ ਕੀਤੀ ਗਈ ਹੈ। ਸਾਧਨਾ ਦਾ ਮਾਰਗ ਗੁਰੂ-ਭਗਤੀ, ਨਾਮ-ਭਗਤੀ ਹੈ ਅਤੇ ਉਦੇਸ਼ ਜਾਂ ਪ੍ਰਾਪਤੀ ਪਰਮਾਤਮਾ ਹੈ। ੧੬-੧੯ ਚਾਰ ਪਉੜੀਆਂ ਵਿਚ ਸ੍ਰਿਸ਼ਟੀ ਦੀ ਅਨੰਤਤਾ ਦਾ ਉਲੇਖ ਹੈ ਤੇ ਹਰ ਪਉੜੀ ਦੇ ਅੰਤ ਵਿਚ 'ਕੁਦਰਤਿ ਕਵਣ ਕਹਾ ਵੀਚਾਰੁ॥ ਵਾਰਿਆ ਨ ਜਾਵਾ ਏਕ ਵਾਰ॥ ਜੋ ਤੁਧੁ ਭਾਵੈ ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ ਨਿਰੰਕਾਰ॥' ਕਹਿ ਕੇ ਉਸ ਦੀ ਅਨੰਤਤਾ ਤੇ ਬੇਅੰਤਤਾ ਅੱਗੇ ਸਿਰ ਝੁਕਾਇਆ ਹੈ। ੨੦ਵੀਂ ਪਉੜੀ ਵਿਚ ਮਨ-ਆਤਮਾ ਦੀਆਂ ਮੈਲਾਂ ਧੋਣ ਦਾ ਸਾਧਨ ਸਿਰਜਣਹਾਰੇ ਦਾ ਸੱਚਾ ਨਾਮ ਦੱਸ ਕੇ ਨਾਮ ਤੇ ਨਾਮੀ ਦੋਹਾਂ ਦੀ ਉਪਮਾ ਕੀਤੀ ਹੈ। ੨੧ਵੀਂ ਪਉੜੀ ਵਿਚ ਪਰਮਾਤਮਾ ਨੂੰ ਅਨੰਤ ਗੁਣਾਂ ਦਾ ਭੰਡਾਰ ਦੱਸਿਆ ਹੈ। ਜਦ ਤਕ ਜੀਵ ਇਹ ਗੁਣ ਧਾਰਨ ਨਹੀਂ ਕਰਦਾ, ਤਦ ਤਕ ਸੱਚੀ ਭਗਤੀ ਨਹੀਂ ਹੋ ਸਕਦੀ। ਪਰਮਾਤਮਾ ਸਦਾ 'ਸਤਿ ਸੁਹਾਣੁ ਸਦਾ ਮਨਿ ਚਾਉ' ਵਾਲਾ ਹੈ। ਉਹ ਆਪਣੀ ਮੌਜ ਨਾਲ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਉਸ ਨੇ ਇਹ ਰਚਨਾ ਕਦੋਂ ਕੀਤੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ, ਇਹ ਉਹੀ ਜਾਣਦਾ ਹੈ। ਇਵੇਂ ਸ੍ਰਿਸ਼ਟੀ ਦੀ ਰਚਨਾ ਬਾਰੇ ਮਨੁੱਖ ਵੱਲੋਂ ਲਾਏ ਗਏ ਅਨੁਮਾਨ ਸਭ ਅਕਲੀ ਭੁਲੇਖੇ ਹਨ। ਸਿਰਜਨਾ 'ਕਾਲ' ਵਿਚ ਹੈ ਪਰ ਕਰਤਾ 'ਅਕਾਲ' ਹੈ। ਜਦ ਸਿਰਜਨਾ ਨਹੀਂ ਸੀ ਤਾਂ ਸਿਰਫ਼ ਸਿਰਜਣਹਾਰ ਸੀ। ਇਸੇ ਕਰਕੇ ਦੂਜਾ ਕੋਈ ਇਸ ਦੇ ਰਚੇ ਜਾਣ ਬਾਰੇ ਕੁਝ ਨਹੀਂ ਕਹਿ ਸਕਦਾ। ੨੨ਵੀਂ ਪਉੜੀ ਵਿਚ ਸ੍ਰਿਸ਼ਟੀ ਦੀ ਵਿਸ਼ਾਲਤਾ ਬਾਰੇ ਗੱਲ ਕਰਦੇ ਹੋਏ ਗੁਰੂ ਜੀ ਵੱਖ-ਵੱਖ ਧਰਮਾਂ ਦੇ ਦ੍ਰਿਸ਼ਟੀਕੋਣ ਸਾਹਮਣੇ ਲਿਆ ਕੇ ਗੱਲ ਇੱਥੇ ਮੁਕਾਉਂਦੇ ਹਨ ਕਿ ਅਸੀਮ ਪ੍ਰਭੂ ਦੀ ਸਿਰਜੀ ਹੋਈ ਸ੍ਰਿਸ਼ਟੀ ਵੀ ਅਸੀਮ ਹੈ। ਮਾਨਵੀ ਸੋਚ ਇਸ ਬਾਰੇ ਕੋਈ ਟਿੱਪਣੀ ਕਰ ਕੇ ਵੱਡਾ ਨਹੀਂ ਅਖਵਾ ਸਕਦੀ ਕਿਉਂਕਿ 'ਨਾਨਕ ਵਡਾ ਆਖੀਐ ਆਪੇ ਜਾਣੈ ਆਪੁ' ਹੈ।

੨੩-੨੫ ਤਕ ਦੀਆਂ ਪਉੜੀਆਂ ਵਿਚ ਫਿਰ ਪ੍ਰਭੂ ਦੀ ਮਹਿਮਾ ਬਿਆਨ ਹੋਈ ਹੈ। ਨਦੀਆਂ ਸਮੁੰਦਰ ਵਿਚ ਸਮਾ ਕੇ ਸਮੁੰਦਰ ਹੋ ਜਾਂਦੀਆਂ ਹਨ ਪਰ ਸਮੁੰਦਰ ਦੀ ਪੂਰਨ ਵਡਿਆਈ ਬਿਆਨ ਨਹੀਂ ਕੀਤੀ ਜਾ ਸਕਦੀ। ਪ੍ਰਭੂ ਦੇ ਗੁਣ-ਕਰਮ ਵਰਣਨ ਤੋਂ ਬਾਹਰ ਹਨ। ਅਨੇਕਾਂ ਲੋਕ ਉਸ ਦਾ ਅੰਤ ਪਾਉਣ ਦਾ ਯਤਨ ਕਰਦੇ ਰਹੇ ਪਰ ਕੋਈ ਉਸ ਦਾ ਅੰਤ ਨਹੀਂ ਪਾ ਸਕਿਆ। ਅਸਲੀ ਗੱਲ ਤਾਂ ਇਹੀ ਹੈ ਕਿ ਪਰਮਾਤਮਾ ਦੀ ਵਡਿਆਈ

ਉਹੀ ਜਾਣ ਸਕਦਾ ਹੈ ਜੋ ਪਰਮਾਤਮਾ ਜਿੱਡਾ ਵੱਡਾ ਹੋਵੇ ਕਿਉਂਕਿ 'ਏਵਡੁ ਊਚਾ ਹੋਵੈ ਕੋਇ॥ ਤਿਸ ਊਚੇ ਕਉ ਜਾਣੈ ਸੋਇ'॥ ੨੬-੨੭ 'ਅਮੁਲ' ਅਤੇ 'ਸੋ ਦਰੁ' ਦੀਆਂ ਪਉੜੀਆਂ ਵਿਸਮਾਦ ਦਾ ਇਕ ਅਦੁੱਤੀ ਪ੍ਰਗਟਾਅ ਹਨ ਜਿਸ ਵਿੱਚੋਂ ਰਹੱਸਵਾਦੀ ਅਨੁਭਵ ਦੇ ਦਿੱਗ-ਦਰਸ਼ਨ ਹੁੰਦੇ ਹਨ। ਪ੍ਰਭੂ ਦੇ ਨਿਵਾਸ-ਸਥਾਨ 'ਤੇ ਅਨੰਤ ਪ੍ਰਕਾਰ ਦੇ ਨਾਦ ਗੂੰਜ ਰਹੇ ਹਨ। ਜਗਿਆਸੂ ਰੂਹਾਂ ਨੂੰ ਇੱਥੇ ਪਹੁੰਚ ਕੇ ਸਾਰੀ ਸ੍ਰਿਸ਼ਟੀ ਇਕ ਕਿਤਾਬ ਵਾਂਗ ਖੁੱਲ੍ਹੀ ਅਤੇ ਪਰਮਾਤਮਾ ਦੇ ਹੁਕਮ ਵਿਚ ਪਰੋਈ ਨਜ਼ਰ ਆਉਂਦੀ ਹੈ। ਸਾਰੇ ਦੇਵੀ-ਦੇਵਤੇ, ਪੰਜੇ ਤੱਤ, ਧਰਮਰਾਜ, ਰਿਸ਼ੀ-ਮੁਨੀ, ਜਪੀ-ਤਪੀ, ਗਿਆਨੀ-ਧਿਆਨੀ ਹੀ ਨਹੀਂ ਸਗੋਂ ਸਾਰੇ ਖੰਡ-ਬ੍ਰਹਿਮੰਡ ਪ੍ਰਭੂ ਦੇ ਹੁਕਮ ਅੰਦਰ ਆਪੋ ਆਪਣੇ ਕਾਰਜ ਕਰਦੇ ਵਿਖਾਈ ਦਿੰਦੇ ਹਨ। ਵਿਚਾਰਨ ਵਾਲੀ ਗੱਲ ਇਹ ਹੈ:

*ਕਰਿ ਕਰਿ ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ॥*
*ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ॥*
*ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ॥* *(ਪੰਨਾ ੬)*

੨੮-੩੧ ਤਕ ਚਾਰ ਪਉੜੀਆਂ ਜੋਗੀਆਂ ਨੂੰ ਸੰਬੋਧਿਤ ਹਨ। ਜੋਗੀ ਪਰਮਾਤਮਾ ਦੇ ਮਿਲਾਪ ਲਈ ਅਨੇਕ ਭੇਖ ਧਾਰਦੇ ਹਨ ਅਤੇ ਅਨੇਕਾਂ ਬਾਹਰਮੁਖੀ ਸਾਧਨਾਂ ਦੀ ਵਰਤੋਂ ਕਰਦੇ ਹਨ। ਗੁਰੂ ਜੀ ਇਨ੍ਹਾਂ ਸਭਨਾਂ ਨੂੰ ਰੱਦ ਕਰਦੇ ਹੋਏ ਅੰਤਰਮੁਖੀ ਸਾਧਨਾਂ ਦਾ ਉਪਦੇਸ਼ ਦਿੰਦੇ ਹਨ ਜੋ ੩੨ਵੀਂ ਪਉੜੀ ਵਿਚ ਸਪਸ਼ਟ ਕੀਤਾ ਗਿਆ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਦਾ ਅਸਲ ਸਾਧਨ ਪ੍ਰਭੂ ਦੇ ਸੱਚੇ ਨਾਮ ਦਾ ਸਿਮਰਨ ਹੈ। ੩੩ਵੀਂ ਪਉੜੀ ਸਪਸ਼ਟ ਕਰਦੀ ਹੈ ਕਿ ਮਨੁੱਖ ਆਪਣੇ ਯਤਨ ਅਤੇ ਮਰਜ਼ੀ ਨਾਲ ਕੁਝ ਵੀ ਨਹੀਂ ਕਰ ਸਕਦਾ। ਜੋ ਕੁਝ ਹੋ ਰਿਹਾ ਹੈ, ਉਹ ਪ੍ਰਭੂ ਦੀ ਰਜ਼ਾ ਅਨੁਸਾਰ ਹੋ ਰਿਹਾ ਹੈ। ੩੪ਵੀਂ ਪਉੜੀ ਵਿਚ ਪਰਮਾਤਮਾ ਦੁਆਰਾ ਥਾਪੇ ਗਏ ਕਰਮ ਅਤੇ ਫਲ ਦੇ ਕਾਨੂੰਨ ਦਾ ਵਰਣਨ ਹੈ।

੩੫-੩੭ ਤਕ ਤਿੰਨ ਪਉੜੀਆਂ ਵਿਚ ਰੂਹਾਨੀ ਮੰਡਲਾਂ ਦਾ ਉਲੇਖ ਹੈ ਜਿਨ੍ਹਾਂ ਨੂੰ 'ਪੰਜ ਖੰਡ' ਕਹਿ ਕੇ ਬਿਆਨ ਕੀਤਾ ਹੈ। ਡਾ. ਤਾਰਨ ਸਿੰਘ ਨੇ ਇਨ੍ਹਾਂ ਪੰਜਾਂ ਖੰਡਾਂ ਨੂੰ ਸੂਫ਼ੀਆਂ ਦੀਆਂ ਪੰਜਾਂ ਮੰਜ਼ਲਾਂ ਦੇ ਬਰਾਬਰ ਮੰਨਿਆ ਹੈ ਪਰ ਇਹ ਖੰਡ ਸਥੂਲ, ਸੂਖ਼ਮ, ਮਾਨਸਿਕ ਅਤੇ ਨਿਰੋਲ ਰੂਹਾਨੀ ਅਨੁਭਵ ਦੇ ਦ੍ਰਿਸ਼ ਹਨ। 'ਧਰਮ-ਖੰਡ' ਵਿਚ ਧਰਤੀ ਧਰਮਸਾਲ ਦਾ ਉਲੇਖ ਕੀਤਾ ਗਿਆ ਹੈ ਜਿਸ ਵਿਚ ਕਰਮ ਅਤੇ ਫਲ ਦਾ ਨਿਯਮ ਪ੍ਰਧਾਨ ਹੈ। ਇਹ ਪੂਰਨ ਇਨਸਾਫ ਦਾ ਦੇਸ਼ ਹੈ ਜਿਸ ਵਿਚ ਜੋ ਕੁਝ ਮਿਲਦਾ ਹੈ, ਆਪਣੇ ਉੱਦਮ ਜਾਂ ਯਤਨ ਅਨੁਸਾਰ ਮਿਲਦਾ ਹੈ। ਕਰਮਾਂ ਵਿੱਚੋਂ ਤਕਦੀਰ ਜਨਮ ਲੈਂਦੀ ਹੈ ਅਤੇ ਤਕਦੀਰ ਅਟੱਲ ਹੈ। 'ਗਿਆਨ-ਖੰਡ' ਵਿਚ ਪਹੁੰਚ ਕੇ ਅਨੰਤ ਤੱਤਾਂ, ਦੇਵੀ-ਦੇਵਤਿਆਂ, ਕਰਮ-ਭੂਮੀਆਂ, ਪਰਬਤਾਂ, ਸੂਰਜਾਂ, ਦੇਸ਼ਾਂ, ਮੰਡਲਾਂ, ਸਮੁੰਦਰਾਂ ਵਿੱਚੋਂ ਨਿਕਲਣ ਵਾਲੇ ਰਤਨਾਂ, ਅਨੰਤ ਖਾਣੀਆਂ, ਬਾਣੀਆਂ, ਨਿਰਮਲ ਬਿਰਤੀਆਂ ਵਾਲੀਆਂ ਆਤਮਾਵਾਂ ਅਤੇ

ਪ੍ਰਭੂ ਦੇ -ਸੇਵਕਾਂ ਦਾ ਗਿਆਨ ਹੁੰਦਾ ਹੈ। 'ਸਰਮ ਖੰਡ' ਵਿਚ ਪਹੁੰਚ ਕੇ ਅਨੇਕਾਂ ਸੂਖ਼ਮ ਮਾਨਸਿਕ ਮੰਡਲਾਂ ਦਾ ਗਿਆਨ ਹੁੰਦਾ ਹੈ। 'ਕਰਮ ਖੰਡ' ਵਿਚ ਪਹੁੰਚ ਕੇ ਆਤਮਾ ਨਾ ਸਿਰਫ ਹਰ ਤਰ੍ਹਾਂ ਦੇ ਕਰਮਾਂ ਅਤੇ ਸੰਸਕਾਰਾਂ ਤੋਂ ਸਗੋਂ ਜਨਮ-ਮਰਨ ਦੇ ਚੱਕਰ ਤੋਂ ਵੀ ਅਜ਼ਾਦ ਹੋ ਜਾਂਦੀ ਹੈ। ਫਿਰ ਇਸ ਆਤਮਾ ਨੂੰ ਨਾ ਮਾਇਆ ਠੱਗ ਸਕਦੀ ਹੈ ਅਤੇ ਨਾ ਹੀ ਕਾਲ ਸਤਾ ਸਕਦਾ ਹੈ। ਕਰਮ ਖੰਡ ਦੇ ਨਿਵਾਸੀ ਮਾਇਆ ਦੀ ਹੱਦ ਲੰਘ ਚੁੱਕੇ ਸੱਚੇ ਭਗਤ ਹੀ ਹੁੰਦੇ ਹਨ। ਸਚਖੰਡ ਪ੍ਰਭੂ ਦਾ ਨਿਵਾਸ-ਸਥਾਨ ਹੈ। ਇੱਥੇ ਪਹੁੰਚ ਕੇ ਅਨੰਤ ਖੰਡਾਂ, ਮੰਡਲਾਂ, ਬ੍ਰਹਿਮੰਡਾਂ ਦੀ ਸੋਝੀ ਹੁੰਦੀ ਹੈ। ਇਸ ਖੰਡ ਬਾਰੇ ਕੁਝ ਕਹਿਣਾ ਲੋਹਾ ਚੱਬਣ ਦੇ ਤੁੱਲ ਹੈ। ਇੱਥੇ ਪਰਮਾਤਮਾ ਵਿਗਾਸ ਵਿਚ ਬਖਸ਼ਿਸ਼ਾਂ ਦੇ ਖਜ਼ਾਨੇ ਲੁਟਾ ਰਿਹਾ ਹੈ:

*ਵੇਖੈ ਵਿਗਸੈ ਕਰਿ ਵੀਚਾਰੁ॥*
*ਨਾਨਕ ਕਥਨਾ ਕਰੜਾ ਸਾਰੁ॥* (ਪੰਨਾ ੮)

ਪਰਮਾਰਥੀ ਜੀਵ ਰੂਹਾਨੀ ਅਭਿਆਸ ਰਾਹੀਂ ਸਥੂਲ ਜਗਤ (ਧਰਮ ਖੰਡ) ਨੂੰ ਪਾਰ ਕਰ ਕੇ ਸੂਖ਼ਮ ਮੰਡਲ (ਗਿਆਨ ਖੰਡ, ਸਰਮ ਖੰਡ) ਵਿਚ ਪ੍ਰਵੇਸ਼ ਕਰਦਾ ਹੈ ਤੇ ਫਿਰ ਨਿਰੋਲ ਰੂਹਾਨੀ ਮੰਡਲ (ਕਰਮ ਖੰਡ) ਤੇ ਫਿਰ ਉਸ ਤੋਂ ਪਾਰ ਪਰਮ ਚੇਤਨ ਮੰਡਲ (ਸੱਚਖੰਡ) ਵਿਚ ਪ੍ਰਵੇਸ਼ ਕਰਦਾ ਹੈ। ਇੱਥੇ ਪਹੁੰਚ ਕੇ ਹੀ ਸ੍ਰਿਸ਼ਟੀ ਤੇ ਜੀਵਨ ਦੀ ਬੁਝਾਰਤ ਦੀ ਪੂਰੀ ਸੋਝੀ ਆਉਂਦੀ ਹੈ। ਇਹ ਸਚਿਆਰ ਬਣਨ ਦੀ ਅੰਤਿਮ ਮੰਜ਼ਲ ਹੈ ਜਿੱਥੇ ਜੀਵਨ ਖੰਡਾਂ ਵਿਚ ਵੰਡਿਆ ਨਜ਼ਰ ਨਹੀਂ ਆਉਂਦਾ ਸਗੋਂ ਸਿਰਜਨਾ ਦੀ ਸਮੁੱਚਤਾ ਨਜ਼ਰ ਆਉਂਦੀ ਹੈ।

੩੮ਵੀਂ ਪਉੜੀ ਵਿਚ ਉਸ ਸਾਰੀ ਰੂਹਾਨੀ ਸਾਧਨਾ ਦਾ ਖੁਲਾਸਾ ਕੀਤਾ ਗਿਆ ਹੈ ਜਿਸ ਦੁਆਰਾ ਆਤਮਾ ਪਰਮਾਤਮਾ ਤੋਂ ਆਪਣੀ ਅਨੰਤ ਕਾਲ ਦੀ ਜੁਦਾਈ ਨੂੰ ਖ਼ਤਮ ਕਰ ਕੇ ਸਦੀਵੀਂ ਮਿਲਾਪ ਪ੍ਰਾਪਤ ਕਰਦੀ ਹੈ। ਮਿਲਾਪ ਦਾ ਇਹ ਸੁਭਾਗ ਪਰਮਾਤਮਾ ਦੇ ਨਾਮ-ਸਿਮਰਨ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਨਾਲ ਹੀ ਇਹ ਵੀ ਸਪਸ਼ਟ ਕੀਤਾ ਹੈ ਕਿ ਨਾਮ-ਅਭਿਆਸ-ਕਮਾਈ ਉਹੀ ਜੀਵ ਕਰ ਸਕਦਾ ਹੈ ਜਿਸ ਉੱਪਰ ਅਕਾਲ ਪੁਰਖ ਦੀ ਰਹਿਮਤ ਹੁੰਦੀ ਹੈ। ਪਰਮਾਰਥੀ ਜੀਵਨ ਦਾ ਪ੍ਰਾਰੰਭ ਜਪੁਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੁਕਮ ਦੀ ਪਛਾਣ ਜਾਂ 'ਹੁਕਮਿ ਰਜਾਈ ਚਲਣਾ' ਤੋਂ ਸ਼ੁਰੂ ਹੋਇਆ ਸੀ ਅਤੇ ਇਸ ਅੰਤਲੀ ਪਉੜੀ ਵਿਚ ਗੱਲ ਪਰਮਾਤਮਾ ਦੀ ਦਇਆ-ਮਿਹਰ 'ਤੇ ਮੁੱਕਦੀ ਹੈ। ਹੁਕਮ ਤੇ ਦਇਆ ਇੱਕੋ ਸਿੱਕੇ ਦੇ ਦੋ ਪਹਿਲੂ ਹਨ ਕਿਉਂਕਿ ਹੁਕਮ ਦੀ ਪਛਾਣ ਵਿਚ ਹੀ ਦਇਆ ਨਿਹਤ ਹੈ। ਪਉੜੀ ਦੇ ਅੰਤ ਵਿਚ ਕਿਹਾ ਗਿਆ ਹੈ:-

*ਘੜੀਐ ਸਬਦੁ ਸਚੀ ਟਕਸਾਲ॥*
*ਜਿਨ ਕਉ ਨਦਰਿ ਕਰਮੁ ਤਿਨ ਕਾਰ॥*
*ਨਾਨਕ ਨਦਰੀ ਨਦਰਿ ਨਿਹਾਲ॥* (ਪੰਨਾ ੮)

ਜਪੁਜੀ ਸਾਹਿਬ ਦੇ ਅੰਤਲੇ ਸਲੋਕ ਵਿਚ ਸਾਰੇ ਪਰਮਾਰਥੀ ਅਨੁਭਵ ਦਾ ਨਿਚੋੜ ਇਹ ਕੱਢਿਆ ਗਿਆ ਹੈ ਕਿ ਪਰਮਾਤਮਾ ਦੀ ਸਿਰਜੀ ਹੋਈ ਇਹ ਸ੍ਰਿਸ਼ਟੀ ਕਰਮ ਫਲ ਦੇ ਨਿਯਮ ਅਨੁਸਾਰ ਚੱਲ ਰਹੀ ਹੈ। ਇੱਥੇ ਹਰ ਜੀਵ ਨੂੰ ਕਰਮ ਭੋਗਣਾ ਪੈਂਦਾ ਹੈ। ਜੋ ਜਗਿਆਸੂ ਰੂਹਾਂ ਇਸ ਧਰਤੀ ਧਰਮਸਾਲ ਵਿਚ ਨਾਮ-ਅਭਿਆਸ ਦੀ ਕਮਾਈ ਰਾਹੀਂ ਸੱਚਾ ਧਰਮ ਕਮਾਉਂਦੀਆਂ ਹਨ, ਉਹ ਨਿਹਕਰਮੀ ਹੋ ਕੇ ਆਵਾਗਵਨ ਦੇ ਬੰਧਨ ਖ਼ਤਮ ਕਰ ਲੈਂਦੀਆਂ ਹਨ। ਇਹ ਨਿਰਮਲ ਰੂਹਾਂ ਪਰਮਾਤਮਾ ਦੇ ਦਰ-ਘਰ ਦਾ ਮਾਣ ਪ੍ਰਾਪਤ ਕਰ ਲੈਂਦੀਆਂ ਹਨ। ਇਹੀ ਸਚਿਆਰ ਪੁਰਸ਼ ਹਨ ਜੋ ਆਪ ਵੀ ਇਸ ਭਵ-ਸਾਗਰ ਤੋਂ ਤਰ ਜਾਂਦੇ ਹਨ ਅਤੇ ਦੂਜਿਆਂ ਨੂੰ ਵੀ ਪਾਰ ਲੰਘਣ ਦੀ ਪ੍ਰੇਰਨਾ ਦੇ ਜਾਂਦੇ ਹਨ:

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥* (*ਪੰਨਾ ੮*)

## ਪਰਮਾਰਥੀ ਜੀਵਨ ਦੀ ਹਰ ਜਗਿਆਸਾ ਦਾ ਉੱਤਰ :

ਜਪੁਜੀ ਸਾਹਿਬ ਜਿੱਥੇ ਨਿਤਨੇਮ ਦੀ ਬਾਣੀ ਹੋਣ ਕਰਕੇ ਰੋਜ਼ਾਨਾ ਪੜ੍ਹਨ ਦੀ ਬਾਣੀ ਹੈ, ਉੱਥੇ ਡੂੰਘੀ ਵਿਚਾਰ ਵਾਲੀ ਬਾਣੀ ਵੀ ਹੈ। ਇਸ ਵਿਚ ਮਾਨਵੀ ਜੀਵਨ ਦੀ ਹਰ ਜਗਿਆਸਾ ਦਾ ਉੱਤਰ ਦਿੱਤਾ ਗਿਆ ਹੈ। ਜੀਵਨ-ਸੱਚ ਨੂੰ ਪ੍ਰਾਪਤ ਕਰਨ ਲਈ ਇਕ ਸੰਪੂਰਨ ਜੀਵਨ-ਜਾਚ ਦਾ ਖਾਕਾ ਉਲੀਕਿਆ ਗਿਆ ਹੈ। ਇਸੇ ਕਰਕੇ ਪ੍ਰੋ. ਰਾਮ ਸਿੰਘ ਜੀ ਜਪੁਜੀ ਸਾਹਿਬ ਨੂੰ ਜ਼ਿੰਦਗੀ ਦੇ ਬੁਨਿਆਦੀ ਮਸਲਿਆਂ ਨੂੰ ਪੇਸ਼ ਕਰਨ ਵਾਲੀ ਅਤਿਅੰਤ ਗੰਭੀਰ ਰਚਨਾ ਮੰਨਦੇ ਹਨ ਜੋ ਹਰ ਮਸਲੇ ਨੂੰ ਉਭਾਰਦੀ ਵੀ ਹੈ ਅਤੇ ਫਿਰ ਸਮਾਧਾਨ ਵੀ ਪੇਸ਼ ਕਰਦੀ ਹੈ। ਮਨੁੱਖੀ ਜੀਵਨ ਦੇ ਬੁਨਿਆਦੀ ਮਸਲੇ ਤਿੰਨ ਹਨ ਜਿਨ੍ਹਾਂ ਪ੍ਰਤੀ ਜਾਣਨ ਦੀ ਜਗਿਆਸਾ ਹਰ ਮਨੁੱਖ ਵਿਚ ਹੈ:-

੧. ਸ੍ਰਿਸ਼ਟੀ ਕੀ ਹੈ?
੨. ਮਨੁੱਖਾ ਜੀਵਨ ਦਾ ਸ੍ਰਿਸ਼ਟੀ ਨਾਲ ਕੀ ਸੰਬੰਧ ਹੈ?
੩. ਜੀਵਨ ਜਿਊਣ ਦੀ ਸਫ਼ਲ ਜੁਗਤ ਕੀ ਹੈ?

ਗੁਰੂ ਸਾਹਿਬ ਜੀ ਨੇ ਇਨ੍ਹਾਂ ਤਿੰਨਾਂ ਮੁੱਦਿਆਂ ਉੱਪਰ ਬਹੁਤ ਹੀ ਸਪਸ਼ਟ ਅਤੇ ਸੰਖੇਪ ਰਚਨਾ ਕੀਤੀ ਹੈ। ਜਪੁਜੀ ਸਾਹਿਬ ਦੀ ਬਾਣੀ ਇਸ ਬੁਝਾਰਤ ਉੱਪਰੋਂ ਪਰਦਾ ਹਟਾਉਂਦੀ ਹੈ ਕਿ ਸ੍ਰਿਸ਼ਟੀ ਕੀ ਹੈ, ਇਸ ਨੂੰ ਕਿਸ ਨੇ, ਕਿਉਂ ਅਤੇ ਕਿਵੇਂ ਸਿਰਜਿਆ ਹੈ। ਵੱਖ-ਵੱਖ ਪਉੜੀਆਂ ਵਿਚ ਇਹ ਗੱਲ ਸਪਸ਼ਟ ਹੋਈ ਹੈ ਕਿ ਸ੍ਰਿਸ਼ਟੀ ਦੀ ਰਚਨਾ ਪਰਮਾਤਮਾ ਦੀ ਇੱਛਾ, ਮੌਜ ਜਾਂ ਭਾਣੇ ਦੀ ਖੇਡ ਹੈ। ਕਰਤਾ ਆਪਣੀ ਮੌਜ ਅਤੇ ਆਪਣੇ ਨਾਮ ਦੁਆਰਾ ਰਚਨਾ ਨੂੰ ਰਚ ਕੇ ਉਸ ਦੇ ਕਣ-ਕਣ ਵਿਚ ਸਮਾ ਗਿਆ ਹੈ। ਜਿਸ ਕਰਤਾ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ, ਓਹੀ ਇਸ ਦੀ ਪ੍ਰਤਿਪਾਲਣਾ ਅਤੇ ਸੰਭਾਲ ਕਰ ਰਿਹਾ ਹੈ। ਓਹੀ ਇਸ ਨੂੰ ਭਾਣੇ, ਹੁਕਮ (ਵਿਧਾਨ) ਅਨੁਸਾਰ ਚਲਾ ਰਿਹਾ ਹੈ। ਸਮੁੱਚੀ ਸ੍ਰਿਸ਼ਟੀ ਇਕ ਹੀ ਇਕਾਈ ਹੈ ਅਤੇ ਇਕ ਹੀ ਸੂਤਰ ਵਿਚ ਪਰੋਈ ਹੋਈ ਹੈ। ਸ੍ਰਿਸ਼ਟੀ ਵਿਚ ਦ੍ਰਿਸ਼ਾਂ ਦੀ ਅਨੇਕਤਾ ਹੈ ਪਰ ਨਿਯਮ ਤੇ ਪ੍ਰਯੋਜਨ ਦੀ ਏਕਤਾ ਹੈ।

ਇਹ ਹੁਕਮ ਵਿੱਚੋਂ ਉਪਜ ਕੇ ਹੁਕਮ ਅਨੁਸਾਰ ਚੱਲ ਰਹੀ ਹੈ। ਹਰ ਚੀਜ਼ ਦੇ ਵਾਪਰਨ ਦੀ ਇਕ ਵਿਧੀ ਹੈ। ਮਨੁੱਖ (ਜੀਵ) ਦਾ ਸ੍ਰਿਸ਼ਟੀ ਨਾਲ ਸੰਬੰਧ ਆਪਣੇ ਕੀਤੇ ਕਰਮ ਅਤੇ ਫਲ ਕਰਕੇ ਹੈ। ਇਹ ਪੂਰਨ ਇਨਸਾਫ ਦਾ ਦੇਸ ਹੈ ਜਿੱਥੇ ਕੀਤੇ ਕਰਮ ਤੋਂ ਬਿਨਾਂ ਨਾ ਕੋਈ ਫਲ ਦਿੱਤਾ ਜਾਂਦਾ ਹੈ ਅਤੇ ਨਾ ਕੋਈ ਸਜ਼ਾ ਦਿੱਤੀ ਜਾਂਦੀ ਹੈ। ਹਰ ਕਰਮ ਲੇਖੇ ਵਿਚ ਹੈ ਤੇ ਹਰ ਲੇਖ ਨੂੰ ਭੋਗਣ ਲਈ ਇੱਥੇ ਆਉਣਾ ਪੈਂਦਾ ਹੈ। ਪਰਮਾਤਮਾ ਦੇ ਹੁਕਮ ਨੂੰ ਪਛਾਣ ਲੈਣਾ ਹੀ ਜੀਵਨ-ਜੁਗਤ ਹੈ। ਇਸ ਪਛਾਣ ਰਾਹੀਂ ਰਹਿਮਤ ਦੇ ਦਰ-ਘਰ ਖੁੱਲ੍ਹਦੇ ਹਨ ਤੇ ਜੀਵ ਪਰਮਸਤਿ ਨਾਲ ਸਦੀਵੀਂ ਰਿਸ਼ਤਾ ਕਾਇਮ ਕਰਦਾ ਹੈ। ਜਪੁਜੀ ਸਾਹਿਬ ਦੀ ਦੂਜੀ ਪਉੜੀ ਇਸ ਪੱਖੋਂ ਬੜੀ ਮਹੱਤਵਪੂਰਨ ਹੈ:

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥*
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥*
*ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥*
*ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥*
*ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥*
*ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥* *(ਪੰਨਾ ੧)*

ਸਮੁੱਚੇ ਰੂਪ ਵਿਚ ਵੇਖਿਆ ਜਾਵੇ ਤਾਂ ਜਪੁਜੀ ਸਾਹਿਬ ਪਰਮਾਰਥੀ ਅਨੁਭਵਾਂ ਦੀ ਉਹ ਅਨੂਪਮ ਰਚਨਾ ਹੈ ਜਿਸ ਵਿਚ ਆਦਰਸ਼ਕ ਜੀਵਨ (ਗੁਰਮੁਖ-ਜੀਵਨ) ਜਿਊਣ ਦੀ ਸੰਪੂਰਨ ਜੁਗਤ ਪੇਸ਼ ਕੀਤੀ ਗਈ ਹੈ। ਮਾਨਵ ਨੂੰ ਹਰ ਪੱਖ ਤੋਂ ਸੰਪੂਰਨ ਬਣਾਉਣ ਦਾ ਇਹ ਮਾਰਗ-ਦਰਸ਼ਨ ਕਰਦੀ ਹੈ। ਇਸ ਦੇ ਚਿੰਤਨ ਨਾਲ ਜੀਵਨ ਦੀ ਹਰ ਚਿੰਤਾ ਖ਼ਤਮ ਹੁੰਦੀ ਹੈ ਅਤੇ ਸਭਿਆਚਾਰ ਬਣ ਕੇ ਪਰਮਸਤਿ ਨਾਲ ਸਦੀਵੀ ਰਿਸ਼ਤਾ ਜੋੜ ਕੇ 'ਲੋਕ ਸੁਖੀਏ ਪਰਲੋਕ ਸੁਹੇਲੇ' ਹੋਣ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਗੁਰਮਤਿ ਵਿਚਾਰਧਾਰਾ ਦਾ ਇਹ ਰਚਨਾ ਨਿਚੋੜ ਹੈ।

**ਸਹਾਇਕ ਗ੍ਰੰਥਾਵਲੀ:-**


*੧. ਡਾ. ਦੀਵਾਨ ਸਿੰਘ, 'ਗੁਰਮਤਿ ਸਿਧਾਂਤ', ਪੰਜਾਬੀ ਰਾਈਟਰਜ਼ ਕੋਅਪਰੇਟਿਵ ਸੁਸਾਇਟੀ ਲਿਮਟਿਡ, ਲੁਧਿਆਣਾ ੧੯੮੮.*

*੨. ਡਾ. ਤਾਰਨ ਸਿੰਘ, 'ਗੁਰੂ ਨਾਨਕ ਚਿੰਤਨ ਤੇ ਕਲਾ' ਕਸਤੂਰੀ ਲਾਲ ਐਂਡ ਸੰਨਜ਼, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ੧੯੬੨.*

*੩. ਪ੍ਰੋ. ਰਾਮ ਸਿੰਘ, 'ਜਪੁਜੀ ਦਾ ਵਿਸ਼ਾ ਤੇ ਰੂਪ', ਪੰਜਾਬੀ ਸਾਹਿਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ ੧੯੬੯.*

*੪. ਡਾ. ਦਲੀਪ ਸਿੰਘ, 'ਜਪੁਜੀ (ਇਕ ਤੁਲਨਾਤਮਕ ਅਧਿਐਨ)', ਪੰਜਾਬ ਬੁੱਕ ਸਟੋਰ, ਪਹਾੜ ਗੰਜ, ਨਵੀਂ ਦਿੱਲੀ, ੧੯੬੯.*

*੫. ਡਾ. ਰਤਨ ਸਿੰਘ ਜੱਗੀ, 'ਵਿਚਾਰਧਾਰਾ' ਮਦਾਨ ਪਬਲਿਸ਼ਰਜ਼, ਪਟਿਆਲਾ, ੧੯੬੬.*


■

# ਗੁਰਬਾਣੀ ਵਿਚ ਪੇਸ਼ ਆਦਰਸ਼ ਮਨੁੱਖ ਦਾ ਅਧਿਐਨ ਮਾਡਲ

*-ਬੀਬੀ ਰਾਜਪ੍ਰੀਤ ਕੌਰ**

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦਿੱਬ-ਦ੍ਰਿਸ਼ਟੀ ਸ਼ਖ਼ਸੀਅਤ ਐਸੇ ਦਾਰਸ਼ਨਿਕ ਅਤੇ ਅਨੂਪਮ ਆਤਮਿਕ ਤਜ਼ਰਬਿਆਂ ਦਾ ਸੋਮਾ ਬਣੀ ਜਿਨ੍ਹਾਂ ਦੇ ਆਧਾਰ 'ਤੇ ਗੁਰੂ ਸਾਹਿਬਾਨ ਨੇ ਇਕ ਸ੍ਵੈ-ਸੰਪੂਰਨ ਅਤੇ ਬੜੀ ਚੰਗੀ ਤਰ੍ਹਾਂ ਸੰਗਠਿਤ ਧਰਮ ਸਥਾਪਿਤ ਕੀਤਾ। ਇਸੇ ਧਰਮ ਦੇ ਗੁਰੂ ਸਾਹਿਬਾਨ ਨੇ ਆਪਣੇ ਜੀਵਨ ਦੀਆਂ ਘਾਲ-ਕਮਾਈਆਂ 'ਚੋਂ ਗੁਰਬਾਣੀ ਦਾ ਖਜ਼ਾਨਾ ਬਖਸ਼ ਕੇ ਇਕ ਐਸੇ ਆਦਰਸ਼ ਮਨੁੱਖ ਦੀ ਅਗਵਾਈ ਕੀਤੀ ਜੋ ਗੁਰਮਤਿ ਸਭਿਆਚਾਰ, ਸੁਤੰਤਰ ਹੋਂਦ ਅਤੇ ਬੇਦਾਗ ਆਤਮਾ ਵਾਲਾ ਬਲਵਾਨ ਗੁਰਸਿੱਖ ਹੈ। ਸਿੱਖ ਧਰਮ ਨਵ-ਸਿਰਜਤ ਅਤੇ ਨਵ-ਨਿਰਮਾਣਤ ਧਰਮ ਹੈ। ਇਸ ਦੇ ਸਿਰਜਨਹਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਨੂੰ ਸੁਤੰਤਰ ਅਤੇ ਵਿਭਿੰਨ ਉਪਾਸ਼ਨਾ ਕੇਂਦਰ ਦਿੱਤਾ, ਜਿਸ ਨੂੰ ਉਨ੍ਹਾਂ ਸੰਗਤ ਦਾ ਗੁਰਦੁਆਰਾ ਕਿਹਾ। ਗੁਰੂ ਸਾਹਿਬਾਨ ਨੇ ਸੰਗਤ ਨੂੰ ਪ੍ਰਮਾਣਿਕ ਧਰਮ-ਗ੍ਰੰਥ ਦਿੱਤਾ ਜਿਸ ਨੂੰ ਉਨ੍ਹਾਂ ਨੇ ਸਤਿਪੁਰਸ਼ਾਂ ਦੀ ਸੱਚੀ ਬਾਣੀ ਆਖਿਆ ਅਤੇ ਇਸ ਪਾਵਨ ਗ੍ਰੰਥ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਨਾਂ ਨਾਲ ਸਿੱਖਾਂ ਸਮੇਤ ਸਾਰੀ ਮਨੁੱਖਤਾ ਨੂੰ ਪ੍ਰਦਾਨ ਕੀਤਾ। ਉਨ੍ਹਾਂ ਨੇ ਪੰਡਤਾਂ ਪ੍ਰੋਹਤਾਂ ਦੀ ਪੁਜਾਰੀ ਸ਼੍ਰੇਣੀ ਖਤਮ ਕਰਕੇ, ਗੁਰਦੀਖਿਆ ਦੇਣ ਦੇ, ਪ੍ਰਾਰਥਨਾ-ਉਪਾਸਨਾ ਦੇ,ਰਹਿਤ-ਮਰਯਾਦਾ ਦੇ ਆਪਣੇ ਨਿਯਮ ਸਥਾਪਿਤ ਕੀਤੇ ਜੋ ਅੱਜ ਤਕ ਪ੍ਰਚੱਲਿਤ ਹਨ ਅਤੇ ਗੁਰਸਿੱਖੀ ਦੇ ਆਦਰਸ਼ਾਂ ਤੇ ਅਮਲਾਂ ਦਾ ਆਧਾਰ ਹਨ। ਉਨ੍ਹਾਂ ਸਿੱਖ ਧਰਮ ਨੂੰ ਬੋਝਲ ਬੰਧਨਾਂ, ਫਜ਼ੂਲ ਰਸਮਾਂ-ਰੀਤਾਂ ਤੇ ਬੇਮਤਲਬ ਦੇ ਸੰਸਕਾਰਾਂ ਤੋਂ ਮੁਕਤ ਕੀਤਾ ਤਾਂ ਕਿ ਇਸ ਦੇ ਤੱਤ-ਆਦਰਸ਼ ਅਤੇ ਅਮਲ ਮਾਨਵੀ ਆਤਮਵਾਦ ਦੇ ਨੇੜੇ ਰਹਿਣ।

ਪ੍ਰੋ. ਕਿਰਪਾਲ ਸਿੰਘ ਬਡੂੰਗਰ ਆਪਣੀ ਪੁਸਤਕ 'ਗੁਰਮਤਿ ਸਭਿਆਚਾਰ' ਦੇ ਸਫ਼ਾ ੭-੮ 'ਤੇ ਲਿਖਦੇ ਹਨ, "ਗੁਰੂ ਨਾਨਕ ਦੇਵ ਜੀ ਨੇ ਇਲਾਹੀ ਹੁਕਮ ਅਨੁਸਾਰ ਜੋ ਧਰਮ ਸਥਾਪਿਤ ਕੀਤਾ ਉਹ ਰੱਬੀ ਏਕਤਾ ਅਤੇ ਮਨੁੱਖੀ ਭਾਈਚਾਰੇ ਦੇ ਅਸੂਲਾਂ 'ਤੇ ਆਧਾਰਿਤ ਸੀ। ਇਸ ਵਿਚ ਜੋ ਨਵਾਂ ਨਿਵੇਕਲਾ ਤੇ ਨਿਆਰਾ ਸਭਿਆਚਾਰ ਪ੍ਰਕਾਸ਼ਮਾਨ ਹੋਇਆ, ਗੁਰਮਤਿ ਸਭਿਆਚਾਰ ਅਖਵਾਇਆ।"

ਗੁਰਮਤਿ ਵਿਚਾਰਧਾਰਾ 'ਤੇ ਆਧਾਰਿਤ ਇਸ ਸਭਿਆਚਾਰ ਰਾਹੀਂ ਸਤਿਗੁਰਾਂ ਨੇ ਮਨੁੱਖ ਨੂੰ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਤੌਰ 'ਤੇ ਨਵੀਂ ਸੋਚ ਅਤੇ ਸਿਧਾਂਤ ਬਖਸ਼ਿਆ। ਜਿਸ ਦਾ ਧੁਰਾ ਕਿਰਤ ਕਰਨਾ, ਵੰਡ ਛਕਣਾ, ਨਾਮ ਜਪਣਾ ਸੀ

** ਲੈਕਚਰਾਰ, ਪੰਜਾਬੀ ਵਿਭਾਗ, ਏ.ਐੱਸ. ਕਾਲਜ, ਖੰਨਾ।*

ਅਤੇ ਇਹ ਸੇਵਾ, ਸਿਮਰਨ ਅਤੇ ਮਨੁੱਖੀ ਬਰਾਬਰੀ 'ਤੇ ਆਧਾਰਿਤ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਧਾਰਾਵਾਂ ਦੀ ਰੋਸ਼ਨੀ ਵਿਚ ਸਹੀ ਸੇਧ ਦੇਣ ਲਈ ਇਕ ਰੱਬ (ੴ ਇਕ ਓਅੰਕਾਰ ਭਾਵ ਪਰਮਾਤਮਾ ਇੱਕ ਹੈ) 'ਤੇ ਜ਼ੋਰ ਦਿੱਤਾ। ਅਜਿਹਾ ਹੋਣ ਨਾਲ ਇਕ ਕੇਂਦਰੀ ਸੰਚਾਲਕ ਸ਼ਕਤੀ ਸਬੰਧੀ ਗਿਆਨ-ਅਨੁਭਵ ਹੋਇਆ ਅਤੇ ਕਿਸੇ ਜਾਤ-ਪਾਤ, ਮਤ-ਮਤਾਂਤਰਾਂ ਦੇ ਵਿਤਕਰਿਆਂ ਦੀ ਥਾਂ ਸਾਰੀ ਮਨੁੱਖਤਾ ਇਕ ਸੂਤਰ ਵਿਚ ਪਰੋਈ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੱਬ ਬਾਰੇ ਦਿੱਤਾ ਗਿਆ ਸਿਧਾਂਤ ਸੱਚ 'ਤੇ ਆਧਾਰਿਤ ਹੈ। ਉਹ ਰੱਬ ਸੱਚ ਹੈ, ਆਦਿ ਜੁਗਾਦਿ ਤੋਂ ਸੱਚ ਹੈ ਅਤੇ ਸਦਾ ਸੱਚ ਰਹੇਗਾ:

*ਨਾਨਕ ਸਚ ਧਿਆਇਨ ਸਚੁ॥ ਜੋ ਮਰਿ ਜੰਮੇ ਸੁ ਕਚੁ ਨਿਕਚੁ॥* (ਪੰਨਾ ੪੬੩)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰੱਬ ਨੂੰ ਨਿਰੰਕਾਰ ਆਖਿਆ - ਭਾਵ ਨਿਰ-ਆਕਾਰ। ਭਾਵ ਉਸ ਦਾ ਕੋਈ ਰੂਪ ਜਾਂ ਆਕਾਰ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਉਹ ਵੱਡਾ ਸਾਹਿਬ ਹੈ ਅਤੇ ਉੱਚੀ ਥਾਂ 'ਤੇ ਬਿਰਾਜਮਾਨ ਹੈ। ਉਸ ਦੀ ਉਚਾਈ ਅਸੀਮ ਹੈ। ਉਸ ਨੂੰ ਕੇਵਲ ਉਹੀ ਜਾਣ ਸਕਦਾ ਹੈ -

*ਏਵਡੁ ਊਚਾ ਹੋਵੈ ਕੋਇ ਤਿਸੁ ਊਚੇ ਕਉ ਜਾਣੈ ਸੋਇ॥* (ਪੰਨਾ ੫)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਉਹ ਪਰਮਾਤਮਾ ਆਪ ਸੱਚਾ ਹੈ। ਇਸ ਲਈ ਉਸ ਦੁਆਰਾ ਪੈਦਾ ਕੀਤੀ ਸ੍ਰਿਸ਼ਟੀ ਵੀ ਸੱਚੀ ਅਤੇ ਸੁੱਚੀ ਹੈ। ਇਹ ਬ੍ਰਹਿਮੰਡ, ਇਹ ਦੁਨੀਆਂ ਕੂੜ ਦਾ ਪਸਾਰਾ ਨਹੀਂ ਸਗੋਂ ਸੱਚੀ ਹੈ, ਕਿਉਂਕਿ ਸੱਚ ਵਿੱਚੋਂ ਕੇਵਲ ਸੱਚ ਦੀ ਉਤਪਤੀ ਹੋ ਸਕਦੀ ਹੈ।

ਗੁਰੂ ਸਾਹਿਬ ਦੇ ਇਨ੍ਹਾਂ ਕਥਨਾਂ ਦਾ ਪ੍ਰਭਾਵ ਸਮੁੱਚੀ ਸਿੱਖ ਕੌਮ 'ਤੇ ਪਿਆ। ਨਤੀਜੇ ਵਜੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਸੱਚ ਦੀ ਪਛਾਣ ਅਤੇ ਸੱਚ ਪ੍ਰਤੀ ਸਮਰਪਨ ਕਰਨ ਲੱਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਇਕ ਗੁਰਸਿੱਖ ਦੇ ਫਰਜ਼ਾਂ ਨੂੰ ਭਾਈ ਗੁਰਦਾਸ ਜੀ ਆਪਣੀ ੪੦ਵੀਂ ਵਾਰ ਵਿਚ ਇਸ ਤਰ੍ਹਾਂ ਲਿਖਦੇ ਹਨ:

*ਗੁਰਸਿਖ ਭਲਕੇ ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।*
*ਗੁਰੁ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ ਕਰੰਦਾ।*
*ਸਾਧਸੰਗਤਿ ਵਿਚਿ ਜਾਇ ਕੈ ਗੁਰਬਾਣੀ ਦੀ ਪ੍ਰੀਤਿ ਸੁਣੰਦਾ।*
*ਸੰਕਾ ਮਨਹੁਂ ਮਿਟਾਇ ਕੈ ਗੁਰੁ ਸਿਖਾਂ ਦੀ ਸੇਵ ਕਰੰਦਾ।*
*ਕਿਰਤ ਵਿਰਤ ਕਰਿ ਧਰਮ ਦੀ ਲੈ ਪਰਸਾਦ ਆਣਿ ਵਰਤੰਦਾ।*
*ਗੁਰਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ।* (ਵਾਰ ੪੦:੧੧)

ਗੁਰੂ ਸਾਹਿਬ ਨੇ ਦੱਸਿਆ ਕਿ ਉਹ ਸੱਚਾ ਰੱਬ ਮਨੁੱਖ ਦੀ ਅੰਤਰ-ਆਤਮਾ ਵਿਚ ਵੱਸਦਾ ਹੈ। ਇਸ ਕਰਕੇ ਮਨੁੱਖ ਨੂੰ ਫੋਕਟ ਕਰਮ ਕਰਨ ਦੀ ਬਜਾਇ ਆਪਣੀ ਅੰਤਰ-

ਆਤਮਾ ਦੀ ਸ਼ੁੱਧੀ ਲਈ ਉਹ ਕਰਮ ਕਰਨੇ ਚਾਹੀਦੇ ਹਨ ਜੋ ਉਸ ਨੂੰ ਸਚਿਆਰਾ ਮਨੁੱਖ ਬਣਾਉਣ ਵਿਚ ਸਹਾਈ ਹੋਣ।

ਗੁਰੂ ਸਾਹਿਬ ਨੇ ਮਨੁੱਖ ਨੂੰ ਕਰਮ-ਕਾਂਡਾਂ ਵਿੱਚੋਂ ਕੱਢ ਕੇ ਨੈਤਿਕ ਗੁਣ ਸਤੁ, ਸੰਤੋਖ, ਹਲੀਮੀ, ਪਰਉਪਕਾਰ ਅਤੇ ਦਇਆ ਨਾਲ ਜੋੜਿਆ। ਗੁਰੂ ਸਾਹਿਬ ਨੇ ਮੁਸਲਮਾਨੀ ਸ਼ਰ੍ਹਾ ਦੀਆਂ ਪੰਜ ਨਮਾਜ਼ਾਂ ਦਾ ਜ਼ਿਕਰ ਕਰਦੇ ਹੋਏ ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ:

੧) ਸੱਚ ਬੋਲਣਾ - ਪਹਿਲੀ ਨਮਾਜ਼ ਹੈ।

੨) ਹੱਕ ਦੀ ਕਮਾਈ - ਦੂਜੀ ਨਮਾਜ਼ ਹੈ।

੩) ਸਰਬੱਤ ਦਾ ਭਲਾ ਮੰਗਣਾ - ਤੀਜੀ ਨਮਾਜ਼ ਹੈ।

੪) ਸਾਫ਼ ਨੀਅਤ - ਚੌਥੀ ਨਮਾਜ਼ ਹੈ।

੫) ਅੱਲਾਹ ਦੀ ਸਿਫ਼ਤ ਸਲਾਹ ਅਤੇ ਵਡਿਆਈ - ਪੰਜਵੀਂ ਨਮਾਜ਼ ਹੈ।

ਸਿੱਖਾਂ ਨੇ ਜਪਣਾ 'ਸ਼ਬਦ' ਨੂੰ ਹੈ। ਮੂਰਤੀ ਪੂਜਾ, ਦੇਵੀ-ਦੇਵਤਿਆਂ ਦੀ ਪੂਜਾ ਫੋਕਟ ਕਰਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਇਸ ਉਪਦੇਸ਼ ਬਾਰੇ ਸ੍ਰੀ ਗੋਕਲ ਚੰਦ ਲਿਖਦੇ ਹਨ, "ਗੁਰੂ ਨਾਨਕ (ਦੇਵ ਜੀ) ਨੇ ਪੰਜਾਬ ਦੇ ਹਿੰਦੂਆਂ (ਲੋਕਾਂ) ਦੇ ਮਨਾਂ ਨੂੰ ਭਰਮ, ਪਖੰਡ ਅਤੇ ਕਪਟ ਤੋਂ ਮੁਕਤ ਕੀਤਾ।"

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਵਹਿਮਾਂ-ਭਰਮਾਂ 'ਚੋਂ ਕੱਢਦੇ ਹੋਏ ਇਹ ਮਹਿਸੂਸ ਕਰਾਇਆ ਕਿ ਨਗਨ ਫਿਰਨਾ, ਗੇਰੂਆ ਵਸਤ੍ਰ ਪਹਿਨਣਾ, ਜਟਾਂ ਧਾਰਨੀਆਂ ਜਾਂ ਸਿਰ ਮੁੰਡਾਉਣਾ ਧਾਰਮਿਕ ਸ਼ਖ਼ਸੀਅਤ ਦੇ ਚਿੰਨ੍ਹ ਨਹੀਂ, ਬਲਕਿ ਇਹ ਸਭ ਪਖੰਡ ਅਤੇ ਦੰਭ ਦੇ ਪਹਿਰਾਵੇ ਮਾਤਰ ਹਨ। ਗੁਰੂ ਸਾਹਿਬ ਨੇ ਮਨੁੱਖ ਦੀ ਅਣਖ ਜਗਾਈ। ਉਸ ਨੂੰ ਅਨੁਭਵ ਕਰਾਇਆ ਕਿ ਉਸ ਦੀ ਪ੍ਰਤਿਭਾ ਤੇ ਸਿਰਜਨ ਸ਼ਕਤੀ, ਸੰਸਕ੍ਰਿਤੀ ਅਤੇ ਸਭਿਅਤਾ ਨੂੰ ਅਤੇ ਸੰਸਾਰ ਦੇ ਇਤਿਹਾਸ ਨੂੰ ਮਾਨਵ ਜਾਤੀ ਦੇ ਸੁਨਹਿਰੇ ਭਵਿੱਖ ਨੂੰ ਸਿਰਜਨਹਾਰੀ ਹੈ। ਗੁਰੂ ਸਾਹਿਬ ਸਿੱਧਾਂ, ਜੋਗੀਆਂ, ਵੇਦਾਂਤੀਆਂ, ਵੈਸ਼ਨਵਾਂ, ਬੋਧੀਆਂ, ਜੈਨੀਆਂ ਆਦਿ ਸਭ ਨੂੰ ਜਿੱਥੇ ਵੀ ਮਿਲਦੇ, ਇਹ ਗੱਲ ਸਮਝਾਉਂਦੇ ਕਿ ਜਦ ਤਕ ਕੋਈ ਧਰਮ ਮਾਨਵ ਦ੍ਰਿਸ਼ਟੀ ਦੇ ਜੀਵਨ ਪਰਵਾਰ ਵਿੱਚੋਂ ਇਸ ਦੀਆਂ ਸਮਾਜਿਕ ਤੇ ਆਤਮਿਕ ਲਹਿਰਾਂ ਨਾਲ ਓਤਪੋਤ ਨਾ ਹੋਵੇ ਉਤਨੀ ਦੇਰ ਉਹ ਬੇਆਸਰਾ ਬੇੜੀ ਵਾਂਗ ਡਾਵਾਂ ਡੋਲ ਰਹਿੰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਇਕ ਐਸਾ ਮਨੁੱਖ ਹੈ ਜਿਸ ਨੂੰ ਗੁਰੂ ਸਾਹਿਬਾਨ ਨੇ ਆਦਰਸ਼ ਮਾਨਵ ਬਣਾ ਕੇ ਸਮੁੱਚੇ ਅਤੇ ਮਾਨਵਤਾਪੱਖੀ ਦ੍ਰਿਸ਼ਟੀਕੋਨ ਦਾ ਮਾਲਕ ਬਣਾਇਆ ਇਕ ਐਸਾ ਮਾਨਵ ਜੋ ਆਪਣੇ ਆਦਰਸ਼ ਗੁਰੂਆਂ ਵਾਂਗ ਆਪਣੇ ਚੌਗਿਰਦੇ ਪ੍ਰਤੀ ਜਾਗਰੂਕ ਹੈ, ਜੋ ਆਪਣੇ ਸਮੇਂ ਦੀਆਂ ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਨਾਲ ਟੱਕਰ ਲੈਣੀ ਜਾਣਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਇਨਕਲਾਬੀ ਸਨ। ਉਨ੍ਹਾਂ ਬਚਪਨ ਵਿਚ ਹੀ ਸਮਾਜ ਦੀਆਂ ਕਰਮਕਾਂਡੀ ਰਸਮਾਂ ਨਾਲ ਟੱਕਰ ਲੈ

ਲਈ। ਉਨ੍ਹਾਂ ਉਸ ਪੁਜਾਰੀ ਵਰਗ ਨੂੰ ਵੀ ਵੰਗਾਰਿਆ ਜੋ ਉਸ ਸਮੇਂ ਦੇ ਸਮਾਜ ਦੇ ਕਰਤਾ-ਧਰਤਾ ਅਖਵਾਉਂਦੇ ਸਨ। ਗੁਰੂ ਜੀ ਨੇ ਜਨੇਊ ਪਾਉਣ ਆਏ ਪੰਡਿਤ ਨੂੰ ਪੁੱਛਿਆ ਇਹ ਜਨੇਊ ਕਿਸ ਕੰਮ ਲਈ ਪਾ ਰਹੇ ਹੋ? ਜੇ ਜਨੇਊ ਪਾਉਣਾ ਹੀ ਤਾਂ —

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥* *(ਪੰਨਾ ੪੭੧)*

ਹੇ ਪਾਂਡੇ! ਜੇ ਜਨੇਊ ਪਾਉਣਾ ਹੀ ਹੈ ਤਾਂ ਇਹ ਸੂਤ ਦਾ ਜਨੇਊ ਮੇਰੇ ਕੰਮ ਨਹੀਂ, ਮੇਰੇ ਤਾਂ ਐਸਾ ਜਨੇਊ ਪਾ ਜਿਸ ਵਿਚ ਕਪਾਹ ਦਇਆ ਦੀ ਹੋਵੇ, ਸੂਤ ਸਬਰ-ਸੰਤੋਖ ਦਾ ਹੋਵੇ, ਗੰਢਾਂ ਜਤੁ ਦੀਆਂ ਹੋਣ। ਐਸੇ ਸੂਤ ਦਾ ਜਨੇਊ ਜੇ ਤੇਰੇ ਕੋਲ ਹੈ ਤਾਂ ਮੇਰੇ ਪਾ ਜੋ ਸਦਾ ਮੇਰੀ ਆਤਮਾ ਨੂੰ ਬਲਵਾਨ ਅਤੇ ਬੇਦਾਗ ਰੱਖੇ।

ਇਹ ਸੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਨਕਲਾਬ ਅਤੇ ਸਮਾਜਿਕ ਫੋਕਟ ਰਸਮਾਂ ਵਿਰੁੱਧ ਟੱਕਰ ਦਾ ਆਗਾਜ਼। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਸਿਆਸੀ ਨੇਤਾਵਾਂ ਅਤੇ ਪੁਜਾਰੀ ਵਰਗ ਤੋਂ ਬੇਖੌਫ ਹੈ, ਜੋ ਕਰਮ-ਕਾਂਡ ਦਾ ਵਿਰੋਧੀ ਹੈ, ਜੋ ਬੇਦਾਗ ਆਤਮਾ ਵਾਲਾ ਮਨੁੱਖ ਹੈ, ਜੋ ਨਵੇਂ ਸਮਾਜਿਕ ਇਨਕਲਾਬ ਦਾ ਸਿਰਜਕ ਹੈ। ਜੋ ਸੰਨਿਆਸ ਨਹੀਂ ਲੈਂਦਾ, ਸਗੋਂ 'ਘਰਿ ਹੀ ਮਾਹਿ ਉਦਾਸਾ' ਹੈ, ਜੋ ਭਰਪੂਰ ਸਮਾਜਿਕ ਜੀਵਨ ਜਿਊਣ ਵਾਲਾ ਮਾਨਵ ਹੈ। ਉਸ ਦੀ ਸ਼ਕਤੀ ਦਾ ਸੋਮਾ ਕਰਮ-ਕਾਂਡ ਨਹੀਂ, ਸਗੋਂ ਬਾਣੀ ਵਿਚ ਰੰਗੀ ਹੋਈ ਉਸ ਦੀ ਬਲਵਾਨ ਆਤਮਾ ਹੈ, ਜੋ ਆਜ਼ਾਦ ਫਿਜ਼ਾ ਵਿਚ ਰਹਿੰਦਿਆਂ ਇਕ ਸੁਚੱਜਾ ਜੀਵਨ ਜਿਊਂਦਿਆਂ ਹੋਇਆਂ, 'ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ' ਹੋਣ ਦੇ ਦੱਸੇ ਮਾਰਗ, 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' 'ਤੇ ਚੱਲ ਕੇ ਪ੍ਰਭੂ-ਪ੍ਰਾਪਤੀ ਲਈ ਅਤੇ ਆਦਰਸ਼ ਮਾਨਵ ਬਣਨ ਦੀ ਕੋਸ਼ਿਸ਼ ਕਰਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਆਦਰਸ਼ ਸਿੱਖ ਬਾਰੇ ਡਾ. ਬਲਕਾਰ ਸਿੰਘ ਲਿਖਦੇ ਹਨ, "ਸਿੱਖ ਜੀਵਨ ਸੱਚ, ਹੱਕ, ਸੁਤੰਤਰਤਾ ਅਤੇ ਪਤਿ ਦੇ ਵਿਜੈਸ਼ਾਲੀ ਪ੍ਰਗਟਾਵੇ ਦਾ ਹੀ ਨਾਮ ਹੈ। ਸਪਸ਼ਟ ਹੈ ਕਿ ਜਿਸ ਸਮਾਜਿਕ ਇਕਾਈ ਅਤੇ ਖੇਤਰੀ ਸਭਿਆਚਾਰ ਨੇ ਆਪਣੇ ਅਧਿਆਤਮਕ ਜੀਵਨ ਦੇ ਵਿਜੈਸ਼ਾਲੀ ਪ੍ਰਗਟਾਵੇ ਨੂੰ ਇਤਿਹਾਸ ਤੋਂ ਮੰਨਵਾ ਲਿਆ ਹੈ ਉਨ੍ਹਾਂ ਦੇ ਅਧਿਆਤਮਿਕ ਜੀਵਨ ਦੇ ਵਿਲੱਖਣ ਸਰੂਪ ਦੀ ਮੌਲਿਕਤਾ ਅਤੇ ਅਸਤਿਤਵ ਨੂੰ ਅੱਖੋਂ ਓਹਲੇ ਤਾਂ ਕੀਤਾ ਜਾ ਸਕਦਾ ਹੈ ਪਰ ਅਸਵੀਕਾਰ ਨਹੀਂ ਕੀਤਾ ਜਾ ਸਕਦਾ। ਇਹ ਚੇਤਨਾ ਇਸ ਤਰ੍ਹਾਂ ਪ੍ਰਤੱਖ ਅਤੇ ਪ੍ਰਬਲ ਰੂਪ ਵਿਚ ਜਿਵੇਂ ਸਿੱਖ ਚਿੰਤਨ ਅਤੇ ਸਿੱਖ ਇਤਿਹਾਸ ਵਿਚ ਪ੍ਰਾਪਤ ਹੈ, ਹੋਰ ਕਿਧਰੇ ਮੇਰੇ ਪੜ੍ਹਨ-ਪੜ੍ਹਾਉਣ ਵਿਚ ਨਹੀਂ ਆਈ।

ਇਸ ਨੂੰ ਸਿੱਖ ਰਹੱਸਵਾਦ ਦਾ ਵੱਖਰਾ ਅਸਤਿਤਵ ਕਿਹਾ ਜਾ ਸਕਦਾ ਹੈ ਕਿ ਸਿੱਖ ਰਹੱਸਵਾਦ ਦੀ ਦ੍ਰਿਸ਼ਟੀ ਤੋਂ ਸਿੱਖ ਸ਼ਖ਼ਸੀਅਤ ਵਿਚ ਭਗਤੀ ਤੇ ਸ਼ਕਤੀ, ਸੰਤ ਤੇ

ਸਿਪਾਹੀ, ਗਿਆਨ ਅਤੇ ਕਰਮ, ਗ੍ਰਿਹਸਥ ਅਤੇ ਬਲੀਦਾਨ, ਫਕੀਰੀ ਅਤੇ ਵਰਿਆਮਤਾ, ਕੋਮਲਤਾ ਅਤੇ ਰਣਬੀਰਤਾ, ਕਲਾਤਮਕਤਾ ਅਤੇ ਕਲਿਆਣਸ਼ੀਲਤਾ ਦਾ ਸਦਾ ਸੱਜਰਾ, ਸਜੀਵ, ਸੁੰਦਰ ਅਤੇ ਸੰਯੋਗੀ ਮੇਲ ਸ਼ਾਮਲ ਹੈ। ਇਸ ਤੋਂ ਬਾਅਦ ਇਹ ਕਹਿਣਾ ਅਨੁਚਿਤ ਨਹੀਂ ਹੋਵੇਗਾ ਕਿ ਵਿਅਕਤਿਤਵ ਆਦਰਸ਼ ਦਾ ਜਿਹੜਾ ਰੇਖਾ-ਚਿੱਤਰ ਸਿੱਖ ਰਹੱਸਵਾਦੀ ਪ੍ਰੰਪਰਾ ਵਿੱਚੋਂ ਪ੍ਰਾਪਤ ਹੈ, ਉਹ ਲਾਸਾਨੀ ਹੈ। ਸਮਾਜਿਕਤਾ ਅਤੇ ਅਧਿਆਤਮਿਕਤਾ ਦੀ ਇਕਸੁਰਤਾ ਨੂੰ ਪ੍ਰਵਿਰਤੀ ਅਤੇ ਨਿਰਵਿਰਤੀ ਵਜੋਂ ਪ੍ਰਵਾਨ ਕਰਕੇ ਸਿੱਖ ਰਹੱਸਵਾਦ ਨੇ ਵਿਲੱਖਣ ਜੀਵਨ ਆਦਰਸ਼ ਦੀ ਸਥਾਪਨਾ ਕਰ ਦਿੱਤੀ ਹੈ।"

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਿੱਖ ਕਥਨੀ ਅਤੇ ਕਰਨੀ ਦਾ ਪੂਰਾ ਹੈ, ਸਿਦਕ 'ਤੇ ਡਟਿਆ ਰਹਿਣ ਵਾਲਾ ਮਾਨਵ ਹੈ। ਉਹ ਸ਼ਰਨ ਆਏ ਦੀ ਸੀਸ ਦੇ ਕੇ ਵੀ ਰੱਖਿਆ ਕਰਨਾ ਜਾਣਦਾ ਹੈ। ਅਸਲ ਵਿਚ ਸਿੱਖ ਸਭਿਆਚਾਰ ਹੈ ਹੀ ਭਗਤ, ਪ੍ਰੇਮੀ ਅਤੇ ਸੂਰਮੇ ਦਾ ਸਭਿਆਚਾਰ। ਸਿੱਖਾਂ ਦੇ ਇਸ ਮੀਰੀ ਗੁਣ ਦੀ ਦ੍ਰਿੜ੍ਹਤਾ ਕਰਾਉਂਦੇ ਹੋਏ ਡਾ. ਭਾਈ ਜੋਧ ਸਿੰਘ ਲਿਖਦੇ ਹਨ, "ਦੀਵੇ ਉਤੇ ਪਤੰਗਿਆਂ ਦੀਆਂ ਕੁਲਾਂ ਦੀਆਂ ਕੁਲਾਂ ਨਾਸ ਹੋ ਜਾਂਦੀਆਂ ਹਨ, ਪਰ ਦੀਵੇ ਦਾ ਪ੍ਰੇਮ ਪਤੰਗੇ ਨਹੀਂ ਛੱਡਦੇ, ਇਸੇ ਤਰ੍ਹਾਂ ਸਿੱਖ ਵੀ ਭਾਵੇਂ ਕਿੰਨਾ ਵੀ ਔਖਾ ਕਿਉਂ ਨਾ ਹੋਵੇ, ਜਾਨ ਗਵਾ ਦੇਣਗੇ, ਪਰ ਸਿਦਕ ਨਹੀਂ ਛੱਡਦੇ।"

ਸੇਵਾ, ਸਿਮਰਨ ਅਤੇ ਕੁਰਬਾਨੀ ਸਿੱਖ ਧਰਮ ਦੇ ਉੱਚਤਮ ਅਸੂਲ ਹਨ। ਸਿੱਖ ਧਰਮ 'ਸੱਚ ਹੀ ਸਥਾਈ ਹੈ' ਦੇ ਧੁਰੇ 'ਤੇ ਕਾਇਮ ਹੈ। ਸਿੱਖੀ ਦੇ ਕੁਝ ਅਜਿਹੇ ਵਿਸ਼ੇਸ਼ ਗੁਣ ਹਨ, ਜਿਨ੍ਹਾਂ ਕਰਕੇ ਸਿੱਖ ਧਰਮ ਨੂੰ ਸੱਤਿਤਾ, ਸਵਾਧੀਨਤਾ ਅਤੇ ਸੰਪੂਰਨਤਾ ਦਾ ਉੱਚਤਮ ਮਾਣ ਪ੍ਰਾਪਤ ਹੈ...

੧) ਸਤੁ, ਸੰਤੋਖ, ਵੀਚਾਰ
੨) ਦਯਾ, ਧਰਮ, ਦਾਨ
੩) ਸਿਦਕ, ਸਬਰ, ਸੰਜਮ
੪) ਖਿਮਾ, ਗਰੀਬੀ, ਸੇਵਾ
੫) ਪ੍ਰੇਮ, ਕਿਰਤ ਅਤੇ ਗਿਆਨ
੬) ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ

ਕਰਨਲ ਜਸਵੰਤ ਸਿੰਘ ਲਿਖਦੇ ਹਨ, "ਅੱਜ ਦੇਸ਼ ਵਿਚ ਕੀ ਬਦੇਸ਼ੀ ਮੁਲਕਾਂ ਵਿਚ ਵੀ ਬੱਚਾ-ਬੱਚਾ ਜਾਣਦਾ ਹੈ ਕਿ ਸਿੱਖ ਕੌਣ ਹੁੰਦੇ ਹਨ। ਉਨ੍ਹਾ ਦਾ ਪਹਿਰਾਵਾ ਅਤੇ ਰਹਿਣੀ-ਬਹਿਣੀ ਕੀ ਹੈ? ਉਨ੍ਹਾਂ ਦਾ ਧਰਮ ਕੇਂਦਰੀ ਸਥਾਨ (ਭਾਵ ਹਰਿਮੰਦਰ ਸਾਹਿਬ ਅੰਮ੍ਰਿਤਸਰ) ਕਿਹੜਾ ਹੈ?

ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਆਪਣੇ ਆਪ ਵਿਚ ਇਕ ਅਦਭੁਤ, ਵਿਲੱਖਣ, ਅਨੋਖਾ, ਨਿਰਾਲਾ ਅਤੇ ਸ਼ੋਭਨੀਕ ਹੈ ਜੋ ਆਪਣੀ ਮਿਸਾਲ ਆਪ ਹੀ ਹੈ ਅਤੇ

*(ਬਾਕੀ ਸਫ਼ਾ ੩੩ 'ਤੇ)*

# ਜਿਤੁ ਬੋਲਿਐ ਪਤਿ ਪਾਈਐ...

*-ਸ. ਰੂਪ ਸਿੰਘ**

ਸਿਰਜਨਹਾਰ ਦੀ ਸਿਰਜਨਾ ਵਿਸਮਾਦਮਈ ਹੈ। ਸਮੁੱਚੀ ਸਿਰਜਨਾ ਨੂੰ ਜਾਣਨਾ ਉਤਨਾ ਹੀ ਮੁਸ਼ਕਲ ਹੈ ਜਿਤਨਾ ਸਿਰਜਨਹਾਰ ਨੂੰ! ਵਿਸਮਾਦੀ ਸਿਰਜਨਾ ਵਿੱਚੋਂ ਹੀ ਮਾਨਵ-ਜਾਤੀ ਪ੍ਰਭੂ ਦੀ ਸਰਵੋਤਮ ਕਿਰਤ ਮੰਨੀ ਗਈ ਹੈ। ਮਾਨਵ ਨੂੰ 'ਧਰਤੀ ਦਾ ਸਿਰਦਾਰ' ਕਹਿ ਨਿਵਾਜਿਆ ਗਿਆ ਹੈ। ਲੱਖਾਂ ਹੀ ਜੂਨਾਂ ਵਿੱਚੋਂ ਮਾਨਵ ਨੂੰ ਪ੍ਰਭੂ ਨੇ ਸਿਰਦਾਰ ਹੋਣ ਦੀ ਵਡਿਆਈ ਬਖਸ਼ੀ ਹੈ। ਜੋ ਸਿਰਦਾਰੀ ਦੇ ਅਵਸਰ ਨੂੰ ਲਬ-ਲੋਭ, ਹਉਮੈ-ਹੰਕਾਰ ਤੇ ਸੰਸਾਰਿਕ ਨਸ਼ਿਆਂ ਵਿਚ ਗਲਤਾਨ ਕਰ ਕੇ ਗਵਾ ਲੈਂਦਾ ਹੈ, ਉਹ ਜਨਮ-ਮਰਨ ਦੇ ਚੱਕਰ ਦਾ ਦੁੱਖ ਸਹਾਰਦਾ ਹੈ। ਮਾਨਵ ਜੀਵਨ ਅਮੋਲਕ ਹੈ, ਦੁਰਲੱਭ ਹੈ ਜੋ ਬਾਰ-ਬਾਰ ਨਹੀਂ ਮਿਲਦਾ ਤੇ ਜੋ ਮਨੁੱਖ ਜੀਵਨ-ਆਦਰਸ਼ ਦੀ ਪ੍ਰਾਪਤੀ ਲਈ ਜੀਵਨ ਭਰ ਯਤਨਸ਼ੀਲ ਰਹਿੰਦਾ ਹੈ, ਉਹੀ ਪ੍ਰਭੂ-ਦਰ 'ਤੇ ਪ੍ਰਵਾਨ ਚੜ੍ਹਦਾ ਹੈ। ਸਮਾਜਿਕ ਮਾਣ-ਸਨਮਾਨ ਦਾ ਹੱਕਦਾਰ ਵੀ ਅਜਿਹਾ ਹੀ ਮਨੁੱਖ ਬਣਦਾ ਹੈ।

ਮਨੁੱਖਾ ਸਰੀਰ ਹੀ ਨਹੀਂ ਸਗੋਂ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਇਸ ਦਾ ਹਰੇਕ ਅੰਗ ਹੀ ਅਮੋਲਕ ਤੇ ਦੁਰਲੱਭ ਨਜ਼ਰ ਆਵੇਗਾ। ਕਿਸੇ ਅੰਗ ਦੀ ਕੀਮਤ ਦਾ ਅਹਿਸਾਸ ਕਿਸੇ ਅੰਗਹੀਣ ਦੀ ਬੇਵਸੀ ਵੱਲ ਤੱਕ ਕੇ ਸਹਿਜੇ ਹੀ ਹੋ ਸਕਦਾ ਹੈ। ਜਿਸ ਮਨੁੱਖ ਦੇ ਨੈਣ ਜੋਤ ਤੋਂ ਹੀਣ ਹਨ, ਉਹ ਹਰ ਕੀਮਤ 'ਤੇ ਅੱਖਾਂ ਦੀ ਰੋਸ਼ਨੀ ਪ੍ਰਾਪਤ ਕਰਨੀ ਲੋਚਦਾ ਹੈ।

ਇਸ ਤਰ੍ਹਾਂ ਹੀ ਮਨੁੱਖ ਨੂੰ ਸੋਚ ਤੇ ਬੋਲ-ਸ਼ਕਤੀ ਪਰਮਾਤਮਾ ਨੇ ਬਖਸ਼ਿਸ਼ ਕੀਤੀ ਹੈ। ਬੋਲ-ਸ਼ਕਤੀ ਹੀ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਹਰ ਵਿਅਕਤੀ ਆਪਣੀਆਂ ਅੰਦਰੂਨੀ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ। ਬੋਲ-ਸ਼ਕਤੀ ਹੀ ਐਸਾ ਸਾਧਨ ਹੈ ਕਿ ਜੇਕਰ ਮਨੁੱਖ ਚਾਹੇ ਤਾਂ ਮਿੱਠੜੇ ਬੋਲ ਬੋਲ ਕੇ ਸੱਜਣਤਾਈ ਪ੍ਰਾਪਤ ਕਰ ਸਕਦਾ ਹੈ ਤੇ ਜੇ ਚਾਹੇ ਤਾਂ ਗਾਲੀ-ਗਲੋਚ ਦੇ ਬੋਲਾਂ ਨਾਲ ਸੱਜਣਾਂ ਨੂੰ ਵੀ ਦੁਸ਼ਮਣ ਬਣਾ ਸਕਦਾ ਹੈ। ਪਾਵਨ ਗੁਰਬਾਣੀ ਮਨੁੱਖ ਨੂੰ ਜੀਵਨ ਦੇ ਹਰ ਪਹਿਲੂ ਤੋਂ ਅਗਵਾਈ ਬਖ਼ਸ਼ਿਸ਼ ਕਰਦੀ ਹੈ। ਅਸੀਂ ਵਿਚਾਰ ਕਰਨੀ ਹੈ ਕਿ ਗੁਰਬਾਣੀ ਸਾਨੂੰ ਬੋਲ-ਚਾਲ ਸੰਬੰਧੀ ਕਿਵੇਂ ਸੇਧ ਪ੍ਰਦਾਨ ਕਰਦੀ ਹੈ?

ਬੋਲ ਦਾ ਅਰਥ ਹੈ, 'ਬਚਨ', 'ਅਵਾਜ਼', 'ਕਥਨ'। ਬੋਲਣ ਤੋਂ ਭਾਵ ਹੈ ਵਾਰਤਾਲਾਪ ਕਰਨਾ, ਕਿਸੇ ਨੂੰ ਕੁਝ ਕਹਿਣਾ, ਗੱਲਬਾਤ ਕਰਨੀ ਆਦਿ। ਹਰ ਮਨੁੱਖ

** ਡਾਇਰੈਕਟਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ। ਮੋ: ੯੮੧੪੬-੩੭੯੭੯*

ਦੀ ਆਪਣੀ ਹੀ ਬੋਲਣ-ਸ਼ੈਲੀ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਵਿਅਕਤ ਕਰਦਾ ਹੈ! ਵਿਦਵਾਨਾਂ ਨੇ ਅਵਾਜ਼ ਜਾਂ ਬੋਲੀ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। 'ਪਰਾ', 'ਪਸਯੰਤੀ', 'ਮਧਯਮਾ' ਤੇ 'ਬੈਖਰੀ'। 'ਪਰਾ' ਉਹ ਅਵਾਜ਼ ਹੈ ਜੋ ਅਜੇ ਮੂਲਾਧਾਰ ਵਿਚ ਹੀ ਹੈ ਤੇ ਮੂਲਾਧਾਰ ਤੋਂ ਉੱਠ ਕੇ ਹਿਰਦੇ ਵਿਚ ਆਉਣ ਵਾਲੀ ਅਵਾਜ਼ 'ਪਸਯੰਤੀ' ਕਹਾਉਂਦੀ ਹੈ, ਜੋ ਕੰਠ ਵਿਚ ਆ ਗਈ ਉਹ 'ਮਧਯਮਾ' ਅਤੇ ਜੋ ਮੁਖ ਰਾਹੀਂ ਉਚਾਰੀ ਗਈ ਉਹ 'ਬੈਖਰੀ' ਕਹਿਲਾਉਂਦੀ ਹੈ। ਇਨ੍ਹਾਂ ਵਿੱਚੋਂ ਬੈਖਰੀ ਮਹੱਤਵਪੂਰਨ ਹੈ। ਪਹਿਲੀਆਂ ਅਵਸਥਾਵਾਂ ਵਿਚ ਤਾਂ ਮਨੁੱਖ ਦਾ ਆਪਾ ਬਾਹਰ ਪ੍ਰਗਟ ਹੀ ਨਹੀਂ ਹੁੰਦਾ ਤੇ ਚੌਥੀ ਅਵਸਥਾ ਵਿਚ ਆਪਾ 'ਬੋਲਣ' ਦੁਆਰਾ ਪ੍ਰਗਟ ਹੋ ਜਾਂਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਤੀਰ ਕਮਾਨੋਂ, ਬੋਲ ਜ਼ੁਬਾਨੋਂ ਨਿਕਲੇ ਵਾਪਸ ਨਹੀਂ ਆਉਂਦੇ। ਗੁਰਬਾਣੀ ਅਨੁਸਾਰ ਉਹੀ ਬੋਲ ਪ੍ਰਵਾਨ ਮੰਨੇ ਗਏ ਹਨ ਜਿਨ੍ਹਾਂ ਦੇ ਬੋਲਣ ਨਾਲ ਸਮਾਜ ਵਿਚ ਮਾਣ-ਸਨਮਾਨ ਤੇ ਪ੍ਰਭੂ-ਦਰਬਾਰ ਵਿਚ ਢੋਈ ਪ੍ਰਾਪਤ ਹੁੰਦੀ ਹੈ। ਫਿੱਕੇ ਬੋਲ ਬੋਲਣ ਵਾਲਾ ਹਮੇਸ਼ਾਂ ਹੀ ਖ਼ੁਆਰ ਹੁੰਦਾ ਹੈ। ਗੁਰਬਾਣੀ ਦਾ ਪਾਵਨ ਫ਼ਰਮਾਨ ਹੈ:

*ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥*
*ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥* *(ਪੰਨਾ ੧੫)*

ਇਸ ਕਰਕੇ ਹਰੇਕ ਮਨੁੱਖ ਨੂੰ ਆਪਣੇ ਬੋਲ-ਬਚਨਾਂ ਵਿਚ ਮਿਠਾਸ ਤੇ ਨਿਮਰਤਾ-ਭਾਵ ਦੇ ਸਦਗੁਣ ਪੈਦਾ ਕਰਨੇ ਚਾਹੀਦੇ ਹਨ। ਕਠੋਰ ਤੇ ਕੌੜੇ ਬੋਲ ਬੋਲਣ ਵਾਲੇ ਵਿਅਕਤੀ ਸਮਾਜ ਵਿਚ ਕਦੇ ਵੀ ਇੱਜ਼ਤ-ਮਾਣ ਦੇ ਹੱਕਦਾਰ ਨਹੀਂ ਬਣਦੇ। ਅਸੀਂ ਰੋਜ਼ਾਨਾ ਜੀਵਨ ਵਿਚ ਦੇਖਦੇ ਹਾਂ ਕਿ ਕੌੜੇ ਬੋਲ ਬੋਲਣ ਵਾਲਿਆਂ ਤੋਂ ਸਾਰੇ ਹੀ ਕੰਨੀ ਕਤਰਾਉਂਦੇ ਹਨ। ਕੌੜੇ ਬੋਲ ਬੋਲਣ ਵਾਲੇ ਵਿਅਕਤੀ ਨੂੰ ਹਰ ਪਾਸੇ ਤੋਂ ਫਿਟਕਾਰਾਂ ਹੀ ਪੈਂਦੀਆਂ ਹਨ ਤੇ ਉਸ ਨੂੰ ਸਮਾਜ ਵਿਚ ਮੂਰਖ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਤੇ ਉਹ ਕਈ ਵਾਰ ਤਾਂ ਫਿੱਕੇ ਬੋਲ ਬੋਲਣ ਕਰਕੇ ਜੁੱਤੀਆਂ ਦਾ ਵੀ ਭਾਗੀ ਬਣਦਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਹੁਕਮ ਹੈ:

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥* *(ਪੰਨਾ ੪੭੩)*

ਬਾਬਾ ਫਰੀਦ ਜੀ ਵੀ ਮਨੁੱਖਤਾ ਦਾ ਮਾਰਗ-ਦਰਸ਼ਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜੇ ਤੈਨੂੰ ਪ੍ਰੀਤਮ ਪਿਆਰੇ ਪ੍ਰਭੂ ਨਾਲ ਮਿਲਣ ਦੀ ਸਿੱਕ ਹੈ ਤਾਂ ਤੈਨੂੰ ਕਿਸੇ ਨਾਲ ਵੀ ਮਾੜਾ ਬੋਲ ਨਹੀਂ ਬੋਲਣਾ ਚਾਹੀਦਾ ਕਿਉਂਕਿ ਹਰੇਕ ਮਨੁੱਖ ਦੇ ਅੰਦਰ ਉਸ ਪ੍ਰੀਤਮ ਪਿਆਰੇ ਦੀ ਜੋਤ ਵਿਆਪਕ ਹੈ। ਫ਼ਰਮਾਨ ਹੈ:

*ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ।*
*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥* *(ਪੰਨਾ ੧੩੮੪)*

ਮਿੱਠੜੇ ਤੇ ਨਿਮਰਤਾ ਭਰੇ ਬੋਲ ਹੀ ਚੰਗੇ ਗੁਣਾਂ ਦਾ ਤੱਤਸਾਰ ਹੈ:

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥* *(ਪੰਨਾ ੪੭੦)*

ਬੋਲ ਮਨੁੱਖ ਦੀ ਅਜ਼ਾਦ ਹਸਤੀ ਦਾ ਵੀ ਪ੍ਰਗਟਾਅ ਕਰਦੇ ਹਨ। ਗੁਲਾਮ ਮਨੁੱਖ ਦੀ ਬੋਲ-ਸ਼ਕਤੀ ਖ਼ਤਮ ਹੋ ਜਾਂਦੀ ਹੈ। ਉਹ ਬੋਲਣ ਦੇ ਅੰਗ ਰੱਖਦਾ ਹੋਇਆ ਵੀ ਬੋਲਣ ਤੋਂ ਅਸਮਰੱਥ ਹੈ, ਗੂੰਗਾ ਹੈ। ਗੁਲਾਮ ਦੇ ਬੋਲ ਆਪਣੇ ਨਹੀਂ ਹੁੰਦੇ। ਉਹ ਜੋ ਬੋਲਦਾ ਹੈ ਆਪਣੀ ਜ਼ਮੀਰ ਦੀ ਅਵਾਜ਼ ਤੋਂ ਨਹੀਂ ਬੋਲਦਾ ਸਗੋਂ ਮਾਲਕ ਦੇ ਹੁਕਮ 'ਤੇ ਹੀ ਬੋਲਦਾ ਹੈ। ਗੁਲਾਮ ਜੇਕਰ ਜ਼ਮੀਰ ਤੋਂ ਬੋਲਣਾ ਸ਼ੁਰੂ ਕਰ ਦੇਵੇ ਤਾਂ ਉਹ ਬਾਗੀ ਸਦਵਾਉਂਦਾ ਹੈ। ਪਰ ਅਜ਼ਾਦ-ਸੁਤੰਤਰ ਮਨੁੱਖ ਦੇ ਬੋਲ ਜ਼ਮੀਰ ਦੀ ਅਵਾਜ਼-ਅਧਾਰਿਤ ਹੁੰਦੇ ਹਨ, ਉਧਾਰੇ ਨਹੀਂ ਲਏ ਹੁੰਦੇ, ਸ਼ਾਇਦ ਇਸ ਕਰਕੇ ਹੀ ਸੂਰਮੇ ਮਨੁੱਖ ਦਾ ਸਰੀਰ ਤਾਂ ਭਾਵੇਂ ਬਿਨਸ ਜਾਏ ਪਰ ਬੋਲ ਸਦੀਵੀ ਹੋ ਨਿੱਬੜਦੇ ਹਨ। ਸੂਰਮਾ ਮਨੁੱਖ ਸਮੇਂ ਸਿਰ ਸੱਚੇ ਤੇ ਮਿੱਠੇ ਬੋਲ ਬੋਲਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸਮੇਂ ਸਿਰ ਸੱਚੇ ਤੇ ਸਦੀਵੀ ਬੋਲ ਬੋਲ ਕੇ ਮਾਨਵਤਾ ਦਾ ਮਾਰਗ-ਦਰਸ਼ਨ ਕੀਤਾ ਹੈ। ਉਨ੍ਹਾਂ ਨੇ ਸਮੇਂ ਦੇ ਹਾਕਮਾਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦੇ ਵਿਰੁੱਧ ਜ਼ੋਰਦਾਰ ਅਵਾਜ਼ ਉਠਾਈ ਤੇ ਬਾਬਰ ਨੂੰ ਜਾਬਰ ਤਕ ਕਿਹਾ। ਉਨ੍ਹਾਂ ਲੋਕਾਈ ਨੂੰ ਵੰਗਾਰ ਕੇ ਕਿਹਾ, "ਲੋਕੋ! ਤੁਹਾਡੀ ਤਾਂ ਬੋਲੀ ਹੀ ਹੋਰ ਹੋ ਗਈ। ਖੱਤਰੀਆਂ, ਜਿਨ੍ਹਾਂ ਨੇ ਦੇਸ਼ ਦੀ ਰੱਖਿਆ ਦਾ ਕਾਰਜ ਆਪਣੇ ਸਿਰ ਲਿਆ ਸੀ ਤੇ ਖੱਤਰੀਪੁਣੇ ਨੂੰ ਆਪਣਾ ਧਰਮ, ਕਰਮ ਸਮਝਦੇ ਸਨ, ਉਨ੍ਹਾਂ ਨੇ ਵੀ ਗੁਲਾਮੀ ਅਖਤਿਆਰ ਕਰ ਲਈ ਅਤੇ ਮਲੇਛ ਭਾਸ਼ਾ ਬੋਲਣੀ ਸ਼ੁਰੂ ਕਰ ਦਿੱਤੀ:

*-ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥* *(ਪੰਨਾ ੧੧੯੧)*

*-ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥* *(ਪੰਨਾ ੬੬੩)'*

ਬੋਲਾਂ ਸੰਬੰਧੀ ਗੁਰਬਾਣੀ ਵਿੱਚੋਂ ਸਾਨੂੰ ਭਰਪੂਰ ਅਗਵਾਈ ਮਿਲਦੀ ਹੈ ਕਿ ਮਨੁੱਖ ਬੋਲਣ-ਸ਼ਕਤੀ ਦਾ ਕਿਵੇਂ ਸਦ-ਉਪਯੋਗ ਕਰ ਸਕਦਾ ਹੈ। ਜਿਵੇਂ ਕਿ ਅਸਾਂ ਪਹਿਲਾਂ ਵਿਚਾਰ ਕੀਤੀ ਹੈ ਕਿ ਪ੍ਰਭੂ-ਦਰਬਾਰ ਵਿਚ ਉਹੀ ਲੋਕ ਸ਼ੋਭਾ ਦੇ ਪਾਤਰ ਬਣਦੇ ਹਨ ਜਿਨ੍ਹਾਂ ਦੀ ਬੋਲ-ਬਾਣੀ ਅੰਮ੍ਰਿਤਮਈ ਹੋਵੇ। ਜਿਵੇਂ ਗੁਰਮਤਿ ਵਿਚ ਥੋੜ੍ਹਾ ਖਾਣ, ਥੋੜ੍ਹਾ ਸੌਣ ਦੀ ਤਾਕੀਦ ਕੀਤੀ ਗਈ ਹੈ ਇਵੇਂ ਹੀ ਬੋਲਣ ਸੰਬੰਧੀ ਵੀ ਸੰਜਮ ਅਖਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਬਹੁਤਾ ਬੋਲਣ ਤੋਂ ਵਰਜਿਆ ਗਿਆ ਹੈ। ਬਹੁਤਾ ਬੋਲਣਾ ਫਜ਼ੂਲ ਹੈ-ਬੇ-ਫਾਇਦਾ ਹੈ ਕਿਉਂਕਿ ਪ੍ਰੀਤਮ ਪਿਆਰਾ ਮਨੁੱਖ ਦੀ ਮੂਕ ਭਾਸ਼ਾ ਨੂੰ ਵੀ ਸੁਣਦਾ, ਸਮਝਦਾ ਹੈ! ਪਾਵਨ ਫ਼ਰਮਾਨ ਹੈ:

*ਬਹੁਤਾ ਬੋਲਣੁ ਝਖਣੁ ਹੋਇ॥ ਵਿਣੁ ਬੋਲੇ ਜਾਣੈ ਸਭੁ ਸੋਇ॥* *(ਪੰਨਾ ੬੬੧)*

ਮਨੁੱਖ ਦਾ ਮਨੁੱਖ ਨਾਲ ਸਨੇਹ-ਪਿਆਰ ਮਿੱਠੇ ਬੋਲ ਬੋਲਣ ਨਾਲ ਹੀ ਬਣ ਸਕਦਾ ਹੈ ਪਰ ਪਿਆਰ ਦੀ ਸਾਂਝ ਬੁਰੇ ਬੋਲ ਬੋਲਣ ਨਾਲ ਪਲਾਂ ਵਿਚ ਟੁੱਟ ਵੀ ਜਾਂਦੀ ਹੈ:

*-ਗੰਢੁ ਪਰੀਤੀ ਮਿਠੇ ਬੋਲ॥* *(ਪੰਨਾ ੧੪੩)*

*-ਟੂਟਿ ਪਰੀਤਿ ਗਈ ਬੁਰ ਬੋਲਿ॥* *(ਪੰਨਾ ੯੩੩)*

ਤੇ ਫਿਰ ਜਿੱਥੇ ਬੋਲਣਾ ਹੀ ਵਿਅਰਥ ਹੋਵੇ, ਬੇ ਫਾਇਦਾ ਹੋਵੇ ਭਾਵ ਜਿੱਥੇ ਬੋਲਣ 'ਤੇ ਸੁਣਨ ਵਾਲੇ ਅਸਰ ਹੀ ਕਬੂਲ ਨਾ ਕਰਨ, ਉੱਥੇ ਤਾਂ ਬੋਲਣ ਨਾਲੋਂ ਚੁੱਪ ਹੀ ਭਲੀ ਹੈ:

*ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥* *(ਪੰਨਾ ੧੪੯)*

ਗੁਰਬਾਣੀ ਵਿਚ ਮਨੁੱਖ ਨੂੰ ਅਧਿਆਤਮਿਕ ਪੱਖ ਦੇ ਨਾਲ-ਨਾਲ ਸਮਾਜਿਕ ਵਰਤੋਂ-ਵਿਹਾਰ ਵਿਚ ਵੀ ਬੋਲ ਚਾਲ ਦਾ ਚੱਜ-ਆਚਾਰ ਅਖ਼ਤਿਆਰ ਕਰਨ ਦੀ ਨਸੀਹਤ ਕੀਤੀ ਹੈ। ਪ੍ਰਭੂ-ਰਜ਼ਾ ਵਿਚ ਚੱਲਣ ਵਾਲਾ ਮਨੁੱਖ ਚੰਗੀਆਂ ਬਿਰਤੀਆਂ ਨੂੰ ਧਾਰਨ ਕਰਦਾ ਹੈ ਤੇ ਮਾੜੇ ਕਰਮਾਂ ਤੋਂ ਤੋਬਾ ਕਰਦਾ ਹੋਇਆ ਕਥਨੀ ਤੇ ਕਰਨੀ ਵਿਚ ਇਕਸਾਰਤਾ ਲਿਆਉਂਦਾ ਹੈ। ਮਿਠਾਸ ਤੇ ਨਿਮਰਤਾ ਭਰਪੂਰ ਬੋਲਣ ਵਾਲਿਆਂ ਨੂੰ ਘਰ-ਪਰਵਾਰ ਤੇ ਸਮਾਜ ਵਿਚ ਮਾਣ-ਸਤਿਕਾਰ ਪ੍ਰਾਪਤ ਹੁੰਦਾ ਹੈ। ਗੁਰਬਾਣੀ ਦਾ ਪਾਵਨ ਸਿਧਾਂਤ ਹੈ:

*ਅੰਮ੍ਰਿਤ ਫਲ ਤਿਨ ਜਨ ਕਉ ਲਾਗੇ॥*
*ਜੋ ਬੋਲਹਿ ਅੰਮ੍ਰਿਤ ਬਾਤਾ ਹੇ॥* *(ਪੰਨਾ ੧੦੫੧)*

ਜਿੱਥੇ ਗੁਰਬਾਣੀ ਵਿਚ ਬਾਰ-ਬਾਰ ਨਿਮਰਤਾ ਤੇ ਮਿਠਾਸ ਭਰਪੂਰ ਬੋਲ ਬੋਲਣ 'ਤੇ ਜ਼ੋਰ ਦਿੱਤਾ ਗਿਆ ਹੈ ਉੱਥੇ ਨਾਲ ਹੀ ਇਹ ਵੀ ਤਾਕੀਦ ਕੀਤੀ ਗਈ ਹੈ ਕਿ ਆਪਣੇ ਧਰਮ ਅਨੁਸਾਰ ਸੱਚੇ ਬੋਲ ਬੋਲੋ-ਕਦੇ ਵੀ ਝੂਠੇ ਬੋਲ ਬੋਲ ਕੇ ਦੂਸਰਿਆਂ ਦਾ ਮਨ ਨਾ ਦੁਖਾਓ ਤੇ ਨਾ ਹੀ ਆਪਣੇ ਆਪ ਨਾਲ ਇਸ ਤਰ੍ਹਾਂ ਕਦੇ ਧੋਖਾ ਕਰੋ। ਜਿੱਤ ਹਮੇਸ਼ਾਂ ਸੱਚੇ ਬੋਲਾਂ ਦੀ ਹੀ ਹੁੰਦੀ ਹੈ। ਝੂਠ ਬੋਲਣ ਵਾਲਿਆਂ ਦੇ ਅਖ਼ੀਰ ਨਮੋਸ਼ੀ ਹੀ ਪੱਲੇ ਪੈਂਦੀ ਹੈ:

*ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥* *(ਪੰਨਾ ੪੮੮)*

ਮੰਦੇ ਬੋਲ ਬੋਲ ਕੇ ਕਿਸੇ ਦਾ ਵੀ ਮਨ ਨਹੀਂ ਦੁਖਾਉਣਾ ਚਾਹੀਦਾ। ਗਿਆਨ ਦੀ ਪ੍ਰਾਪਤੀ ਕਰ ਕੇ ਮਨੁੱਖ ਨੂੰ ਇਹੀ ਸਮਝ ਆਉਂਦੀ ਹੈ ਕਿ ਮੂਰਖ ਬੇਵਕੂਫ ਨਾਲ ਕਦੇ ਵੀ ਬਹਿਸ ਜਾਂ ਵਾਦ-ਵਿਵਾਦ ਨਹੀਂ ਕਰਨਾ ਚਾਹੀਦਾ:

*ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥ ਮੂਰਖੈ ਨਾਲਿ ਨ ਲੁਝੀਐ॥*
*(ਪੰਨਾ ੪੭੩)*

ਮਿੱਠੇ ਬਚਨ ਹਰ ਕਿਸੇ ਨੂੰ ਮੁਲਾਇਮ ਕਰ ਲੈਂਦੇ ਹਨ। ਬਚਨਾਂ ਦੀ ਮਿਠਾਸ ਹਰੇਕ ਨੂੰ ਪ੍ਰੇਰ ਲੈਂਦੀ ਹੈ:

*ਕੋਮਲ ਬਾਣੀ ਸਭ ਕਉ ਸੰਤੋਖੈ॥* *(ਪੰਨਾ ੨੯੯)*

ਬੁਜ਼ਦਿਲਾਂ, ਮਾਨਸਿਕ ਅਪਾਹਜਾਂ ਮਨਮੁਖਾਂ ਤੇ ਮੂਰਖਾਂ ਦੀ ਪਹਿਚਾਣ ਉਨ੍ਹਾਂ ਦੇ ਸਰੀਰ, ਰੰਗ-ਰੂਪ ਤੇ ਪਹਿਰਾਵੇ ਤੋਂ ਨਹੀਂ ਹੁੰਦੀ ਸਗੋਂ ਉਨ੍ਹਾਂ ਦੇ ਬੋਲ ਹੀ ਉਨ੍ਹਾਂ ਦੀ ਪਹਿਚਾਣ ਕਰਾਉਂਦੇ ਹਨ। ਬੁਜ਼ਦਿਲ, ਕਾਇਰ, ਗੁਲਾਮ ਸਮੇਂ ਸਿਰ ਸੱਚ ਨਹੀਂ ਬੋਲਦੇ, ਉਹ ਕੇਵਲ ਹਾਕਮ ਦੀ ਖੁਸ਼ਨੂਦੀ ਹਾਸਲ ਕਰਨ ਲਈ ਖੁਸ਼ਾਮਦ ਕਰਦੇ ਹਨ ਤੇ ਹਾਂ 'ਚ ਹਾਂ ਮਿਲਾਉਂਦੇ ਹਨ। ਮਨਮੁਖ ਤੇ ਮੂਰਖ ਦੀ ਪ੍ਰਮੁੱਖ ਨਿਸ਼ਾਨੀ ਹੈ ਕਿ ਉਹ ਬੋਲਣ ਤੋਂ

ਪਹਿਲਾਂ ਵਿਚਾਰਦਾ ਨਹੀਂ, ਜੋ ਮੂੰਹ ਵਿਚ ਆਉਂਦਾ ਹੈ ਉਗਲ ਦਿੰਦਾ ਹੈ। ਉਹ ਦੂਸਰਿਆਂ ਨੂੰ ਤਾਂ ਆਪਣੀ ਗੱਲ ਸੁਣਾਉਂਦਾ ਹੈ ਪਰ ਆਪ ਨਾ ਤਾਂ ਕਿਸੇ ਦੀ ਗੱਲ ਗਹੁ ਨਾਲ ਸੁਣਦਾ-ਵਿਚਾਰਦਾ ਹੈ ਤੇ ਨਾ ਹੀ ਆਪਣੇ ਕਹੇ 'ਤੇ ਅਮਲ ਕਰਦਾ ਹੈ। ਗੁਰਬਾਣੀ ਦੇ ਪਾਵਨ ਵਾਕ ਹਨ:

*-ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ॥* *(ਪੰਨਾ ੯੮੧)*
*-ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥* *(ਪੰਨਾ ੮੩੧)*

ਬਿਨਾਂ ਸੋਚੇ-ਸਮਝੇ ਬੋਲੇ ਹੋਏ ਬੋਲ ਕਈ ਵਾਰ ਤਲਵਾਰ ਦੇ ਜ਼ਖਮਾਂ ਤੋਂ ਵੀ ਵੱਧ ਘਾਤਕ ਤੇ ਚਿਰਕਾਲੀ ਹੋ ਨਿੱਬੜਦੇ ਹਨ। ਬੇਸਮਝੀ ਵਿਚ ਬੋਲਿਆ ਇਕ ਕੌੜਾ ਬੋਲ ਉਮਰਾਂ ਦੀ ਲੰਮੀ ਸਾਂਝ ਨੂੰ ਦੁਸ਼ਮਣੀ ਵਿਚ ਬਦਲ ਸਕਦਾ ਹੈ। ਦੂਸਰੇ ਪਾਸੇ ਨਿਮਰਤਾ ਨਾਲ ਕਹੇ ਹੋਏ ਮਿੱਠੜੇ ਬੋਲ ਪੁਰਾਣੇ ਜ਼ਖਮਾਂ ਨੂੰ ਮੇਟਣ ਵਿਚ ਸਹਾਈ ਹੋ ਸਕਦੇ ਹਨ।

ਗੁਰਬਾਣੀ ਦੇ ਆਸ਼ੇ ਅਨੁਸਾਰ ਹਰੇਕ ਮਨੁੱਖ ਦੀ ਬੋਲ-ਬਾਣੀ ਮਿਠਾਸ-ਭਰਪੂਰ ਤੇ ਸੰਜਮਮਈ ਹੋਣੀ ਚਾਹੀਦੀ ਹੈ, ਗੁਰਸਿੱਖ ਸਦਵਾਉਣ ਵਾਲਿਆਂ ਲਈ ਤਾਂ ਇਹ ਨਹਾਇਤ ਹੀ ਜ਼ਰੂਰੀ ਹੈ ਕਿਉਂਕਿ ਗਾਲੀ-ਗਲੋਚ ਵਾਲੀ ਭਾਸ਼ਾ ਤੇ ਬੋਲ-ਬਾਣੀ ਗੁਰੂ-ਹੁਕਮਾਂ ਦੀ ਸਰਾਸਰ ਉਲੰਘਣਾ ਹੈ, ਜੋ ਗੁਰਸਿੱਖ ਕਦੇ ਵੀ ਨਹੀਂ ਕਰਦਾ! ਗੁਰਸਿੱਖਾਂ ਨੂੰ ਤਾਂ ਹਦਾਇਤ ਹੈ :

*ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥*
*ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥* *(ਪੰਨਾ ੪੮੮)*

■

---

## ***...ਆਦਰਸ਼ ਮਨੁੱਖ ਦਾ ਅਧਿਐਨ ਮਾਡਲ***

*(ਸਫ਼ਾ ੨੮ ਦਾ ਬਾਕੀ ਹਿੱਸਾ)*

ਜਿਸ ਦਾ ਕੋਈ ਹੋਰ ਸਾਨੀ ਨਹੀਂ ਹੈ।"

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਿਯਮਾਂ ਦਾ ਧਾਰਨੀ ਉਹ ਮਨੁੱਖ ਸਭਿਆਚਾਰਕ ਮਾਨਵ ਅਤੇ ਆਦਰਸ਼ ਮਨੁੱਖ ਹੈ ਜੋ ਇਕ ਪ੍ਰਭੂ ਦਾ ਭਗਤ ਹੈ, ਸ਼ਰਨ ਆਏ ਦੀ ਲਾਜ ਰੱਖਣ ਵਾਲਾ ਦਾਤਾ ਹੈ। ਦੁਨੀਆਂ ਨੂੰ ਪ੍ਰੇਮ ਦੀ ਨਜ਼ਰ ਨਾਲ ਤੱਕਣ ਵਾਲਾ ਪ੍ਰੇਮੀ ਹੈ। ਪਿਆਰ ਖ਼ਾਤਰ ਜਾਨ ਦੀ ਕੁਰਬਾਨੀ ਦੇ ਦੇਣ ਵਾਲਾ ਸੂਰਮਾ ਹੈ ਜੋ ਪਰਮਾਤਮਾ ਦੀ ਰਜ਼ਾ ਵਿਚ ਰਹਿੰਦਿਆਂ ਖੁਦ ਵੀ ਖੁਸ਼ਹਾਲ ਜੀਵਨ ਜਿਊਂਦਾ ਹੈ ਅਤੇ ਆਪਣੇ ਆਲੇ-ਦੁਆਲੇ ਨੂੰ ਵੀ ਭਰਪੂਰ ਜ਼ਿੰਦਗੀ ਬਖਸ਼ਦਾ ਹੋਇਆ ਗੌਰਵਸ਼ਾਲੀ ਹੋਂਦ ਦਾ ਧਾਰਨੀ ਹੋ ਨਿੱਬੜਦਾ ਹੈ। ਗੁਰਬਾਣੀ ਦਾ ਖਜ਼ਾਨਾ ਸਾਡੀ ਕੀਮਤੀ ਪੂੰਜੀ ਹੈ। ਇਹ ਰੋਸ਼ਨ ਜ਼ਮੀਰ ਮਹਾਂਪੁਰਸ਼ਾਂ, ਗੁਰੂਆਂ ਦੀ ਸਦੀਆਂ ਦੀ ਘਾਲ-ਕਮਾਈ ਹੈ, ਜਿਸ ਦੇ ਅਸੂਲਾਂ 'ਤੇ ਚੱਲ ਕੇ ਅਸੀਂ ਸਿੱਖ ਸਭਿਆਚਾਰ ਦੇ ਆਦਰਸ਼ ਮਨੁੱਖ ਬਣ ਸਕਦੇ ਹਾਂ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਕ੍ਰਿਤੀ ਸੰਭਾਲ ਲਈ ਪਾਣੀ ਦੀ ਮਹੱਤਤਾ

*-ਬੀਬੀ ਨਰਿੰਦਰ ਕੌਰ**

ਪ੍ਰਕ੍ਰਿਤੀ ਦਾ ਆਗਮਨ ਮਨੁੱਖੀ ਜੀਵਨ ਦੇ ਆਗਾਜ਼ ਦਾ ਆਧਾਰ ਹੈ ਇਹ ਦੋਵੇਂ ਪੰਜ ਤੱਤਾਂ ਦੀ ਸੰਰਚਨਾ ਦਾ ਸਿੱਟਾ ਹੈ, ਕਾਦਰ ਨੇ ਪਹਿਲਾਂ ਪ੍ਰਕ੍ਰਿਤੀ ਦੀ ਸਾਜਨਾ ਕੀਤੀ ਉਸ ਤੋਂ ਉਪਰੰਤ ਮਨੁੱਖੀ ਜੀਵਨ ਦਾ ਅਰੰਭ ਹੋਇਆ। ਮਨੁੱਖ ਅਤੇ ਪ੍ਰਕ੍ਰਿਤੀ ਦਾ ਆਪਸ ਵਿਚ ਗੂੜ੍ਹਾ ਸੰਬੰਧ ਹੈ। ਪ੍ਰਕ੍ਰਿਤੀ ਤੋਂ ਭਾਵ ਉਨ੍ਹਾਂ ਵਸਤਾਂ ਤੋਂ ਹੈ ਜੋ ਕਰਤਾ ਦੇ ਆਦੇਸ਼ ਦੁਆਰਾ ਸੁਭਾਵਕ ਹੀ ਹੋਂਦ ਵਿਚ ਆਈਆਂ ਹੋਣ।

'ਪ੍ਰਕ੍ਰਿਤੀ' ਸੰਸਕ੍ਰਿਤੀ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਕੁਦਰਤ, ਮਾਇਆ, ਕੁਦਰਤ ਦਾ ਕਾਨੂੰਨੀ ਢਾਂਚਾ। ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਧਰਮ-ਗ੍ਰੰਥ ਹੈ ਜਿਸ ਵਿਚ ਸ੍ਰਿਸ਼ਟੀ ਦੀ ਵਿਸ਼ਾਲਤਾ ਅਤੇ ਬੇਅੰਤਤਾ ਨੂੰ ਦੱਸਦਿਆਂ ਮਨੁੱਖ ਦੇ ਜੀਵਨ ਵਿਚ ਪ੍ਰਾਕ੍ਰਿਤੀ ਅਤੇ ਉਸ ਦੇ ਮਹੱਤਵ ਨੂੰ ਵੀ ਗੁਰਬਾਣੀ ਰਾਹੀਂ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਉਸ ਕਾਦਰ ਦੁਆਰਾ ਰਚੀ ਇਸ ਪ੍ਰਕ੍ਰਿਤੀ ਵਿਚ ਪ੍ਰਭੂ ਦਾ ਵਾਸਾ ਹੈ। ਕਾਦਰ ਨੂੰ ਕੁਦਰਤ ਦੇ ਪਸਾਰੇ ਵਿਚ ਵੇਖਿਆ ਜਾ ਸਕਦਾ ਹੈ।

ਪ੍ਰਕ੍ਰਿਤੀ ਬਾਰੇ ਵਿਗਿਆਨਕ ਪੱਖੋਂ ਵੀ ਗੁਰਬਾਣੀ ਦਾ ਗਿਆਨ ਸਹੀ ਹੈ। ਸ੍ਰਿਸ਼ਟੀ ਦੀ ਰਚਨਾ ਸੰਬੰਧੀ ਗੁਰਬਾਣੀ ਤੱਥਾਂ ਦੇ ਆਧਾਰ 'ਤੇ ਗਿਆਨ ਦਿੰਦੀ ਹੈ ਅਤੇ ਗੁਰਬਾਣੀ ਵਿਚ ਦਿੱਤਾ ਹਰ ਤੱਥ ਵਿਗਿਆਨਕ ਕਸਵੱਟੀ 'ਤੇ ਪੂਰਾ ਉਤਰਦਾ ਹੈ। ਵਿਗਿਆਨ ਨੇ ਜੋ ਅੱਜ ਸਿੱਧ ਕੀਤਾ ਹੈ ਉਹ ਤਾਂ ਗੁਰਬਾਣੀ ਵਿਚ ਸਦੀਆਂ ਪਹਿਲਾਂ ਰਚਿਆ ਜਾ ਚੁੱਕਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਸ੍ਰਿਸ਼ਟੀ ਰਚਨਾ ਬਾਰੇ ਦੱਸਦੇ ਹਨ ਕਿ ਪਰਮਾਤਮਾ ਨੇ ਹੀ ਸ੍ਰਿਸ਼ਟੀ ਦੀ ਰਚਨਾ ਕੀਤੀ ਹੈ। ਗੁਰਵਾਕ ਹੈ :

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥* *(ਪੰਨਾ ੧੯)*

ਭਾਵ ਪਰਮਾਤਮਾ ਦੇ ਹੁਕਮ ਨਾਲ ਗੈਸਾਂ ਪੈਦਾ ਹੋਈਆਂ, ਫੇਰ ਜਲ ਅਤੇ ਜਲ ਤੋਂ ਸਾਰੀ ਬਨਸਪਤੀ ਤੇ ਜੀਵ-ਜੰਤੂ ਪੈਦਾ ਹੋਏ। ਇਹ ਇਕ ਵਿਗਿਆਨਕ ਸੋਚ ਹੈ ਕਿ ਜਿੱਥੇ ਜਲ ਹੈ ਉੱਥੇ ਹੀ ਜੀਵਨ ਹੈ। ਪਰਮਾਤਮਾ ਨੇ ਸਭ ਤੋਂ ਪਹਿਲਾਂ ਸ਼ੁੱਧ ਹਵਾ, ਪਾਣੀ ਅਤੇ ਪ੍ਰਕ੍ਰਿਤੀ ਦੇ ਕਿੰਨੇ ਹੀ ਸੁੰਦਰ ਨਜ਼ਾਰਿਆਂ ਨਾਲ ਚੌਗਿਰਦੇ ਦੀ ਸਿਰਜਨਾ ਕੀਤੀ ਤੇ ਮਗਰੋਂ ਮਨੁੱਖ ਨੂੰ ਪੈਦਾ ਕੀਤਾ ਕਿਉਂਕਿ ਮਨੁੱਖ ਦੀ ਹੋਂਦ ਨੂੰ ਬਣਾਈ ਰੱਖਣ

**ਮਾਤਾ ਗੁਜਰੀ ਕਾਲਜ, ਫਤਿਹਗੜ੍ਹ ਸਾਹਿਬ।*

ਲਈ ਇਹ ਦਾਤਾਂ ਅਤਿਅੰਤ ਜ਼ਰੂਰੀ ਸਨ। ਇਹੀ ਦਾਤਾਂ ਮਨੁੱਖ ਵਿਚ ਆਤਮਿਕ ਅਤੇ ਮਾਨਸਿਕ ਸ਼ਕਤੀਆਂ ਦਾ ਸੰਚਾਰ ਵੀ ਕਰਦੀਆਂ ਹਨ। ਇਨ੍ਹਾਂ ਕੁਦਰਤੀ ਤੋਹਫਿਆਂ ਵਿੱਚੋਂ ਪਾਣੀ ਇਕ ਅਨਮੋਲ ਸਾਧਨ ਹੈ ਜੋ ਪੂਰੀ ਸ੍ਰਿਸ਼ਟੀ ਲਈ ਅਕਾਲ ਪੁਰਖ ਦਾ ਅਜਿਹਾ ਵਰਦਾਨ ਹੈ ਜਿਸ ਬਿਨਾਂ ਜੀਵ ਅਤੇ ਬਨਸਪਤੀ ਜ਼ਿੰਦਾ ਨਹੀਂ ਰਹਿ ਸਕਦੀ। ਜਗਤ ਦੀ ਸੰਰਚਨਾ ਵਿਚ ਪਾਣੀ ਦੇ ਵਡਮੁੱਲੇ ਯੋਗਦਾਨ ਨੂੰ ਪਛਾਣਦੇ ਹੋਏ ਸਮੁੱਚੀ ਮਾਨਵਤਾ ਦਾ ਮਾਰਗ-ਦਰਸ਼ਨ ਕਰਨ ਵਾਲੀ ਗੁਰਬਾਣੀ ਨੇ ਵੀ ਪਾਣੀ ਦੀ ਮਹੱਤਤਾ ਦਰਸਾਈ ਹੈ:

*ਪਾਣੀ ਚਿਤੁ ਨ ਧੋਪਈ ਮੁਖਿ ਪੀਤੈ ਤਿਖ ਜਾਇ॥*
*ਪਾਣੀ ਪਿਤਾ ਜਗਤ ਕਾ ਫਿਰਿ ਪਾਣੀ ਸਭੁ ਖਾਇ॥* *(ਪੰਨਾ ੧੨੪੦)*

ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਸ਼ਾਹਕਾਰ ਰਚਨਾ ਜਪੁਜੀ ਸਾਹਿਬ ਵਿਚ ਅਤੇ ਵਾਰ ਸਾਰੰਗ ਵਿਚ ਇਕ ਸਲੋਕ ਵਿਚ ਪਾਣੀ ਦੀ ਮਹੱਤਤਾ ਨੂੰ ਦਰਸਾਉਂਦਿਆਂ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ:

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥*
*ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥* *(ਪੰਨਾ ੮)*

ਗੁਰਬਾਣੀ ਵਿਚ ਜੀਵਨ ਦੀ ਉਤਪਤੀ ਸਬੰਧੀ ਵਿਸਥਾਰ ਸਹਿਤ ਇਉਂ ਵਰਣਨ ਕੀਤਾ ਗਿਆ ਹੈ।

*ਰਾਤੀ ਰੁਤੀ ਥਿਤੀ ਵਾਰ॥*
*ਪਵਣ ਪਾਣੀ ਅਗਨੀ ਪਾਤਾਲ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥*
*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥*
*ਤਿਨ ਕੇ ਨਾਮ ਅਨੇਕ ਅਨੰਤ॥* *(ਪੰਨਾ ੭)*

ਪਰਮਾਤਮਾ ਨੇ ਸ੍ਰਿਸ਼ਟੀ-ਰਚਨਾ ਸਮੇਂ ਪਾਣੀ ਨੂੰ ਹੀ ਸਮੁੱਚੀ ਸ੍ਰਿਸ਼ਟੀ ਦਾ ਉਤਪਾਦਕ ਬਣਾਇਆ ਹੈ। ਪੰਜ ਤੱਤਾਂ (ਆਕਾਸ਼, ਧਰਤੀ, ਹਵਾ, ਪਾਣੀ, ਅੱਗ) ਦੇ ਸੁਮੇਲ ਤੋਂ ਬਣੇ ਸਾਰੇ ਪਦਾਰਥਾਂ ਦੀ ਸਿਰਜਨਾ ਦਾ ਮੂਲ ਤੱਤ ਪਾਣੀ ਹੈ। ਹਰ ਜੀਵ ਪਾਣੀ ਦੀ ਹੀ ਉਪਜ ਹੈ। ਪਾਣੀ ਹੀ ਅਜਿਹਾ ਤੱਤ ਹੈ ਜਿਸ ਨਾਲ ਜੀਵ ਸਜੀਵ ਹੋ ਜਾਂਦਾ ਹੈ।

*ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥* *(ਪੰਨਾ ੪੭੨)*

ਧਰਤੀ ਉੱਤੇ ਜੀਵਨ ਸੰਭਵ ਹੋਣ ਦਾ ਇਕ ਕਾਰਨ ਇੱਥੇ ਜਲ ਦਾ ਹੋਣਾ ਹੈ ਭਾਵ ਪਾਣੀ ਦੀ ਹੋਂਦ ਨਾਲ ਹੀ ਕੁੱਲ ਬਨਸਪਤੀ, ਜੀਵ-ਜੰਤੂਆਂ ਅਤੇ ਮਨੁੱਖੀ ਜੀਵਨ ਦੀ ਸੰਭਾਵਨਾ ਬਣੀ ਰਹਿੰਦੀ ਹੈ। ਜਿਵੇਂ ਧਰਤੀ ਦਾ ੭੦% ਭਾਗ ਪਾਣੀ ਹੈ ਉਸੇ ਪ੍ਰਕਾਰ

ਮਨੁੱਖੀ ਸਰੀਰ ਵਿਚ ਵੀ ੭੦% ਭਾਗ ਪਾਣੀ ਦਾ ਮੰਨਿਆ ਜਾਂਦਾ ਹੈ, ਪਾਣੀ ਕੁੱਲ ਸ੍ਰਿਸ਼ਟੀ ਦੇ ਆਹਾਰ ਅਤੇ ਪਿਆਸ ਬੁਝਾਉਣ ਲਈ ਸਾਧਨ ਜੁਟਾਉਂਦਾ ਹੈ:

*ਜਲ ਹੀ ਤੇ ਸਭ ਊਪਜੈ ਬਿਨੁ ਜਲ ਪਿਆਸ ਨ ਜਾਇ॥* *(ਪੰਨਾ ੧੪੨੦)*

ਗੁਰਬਾਣੀ ਮਨੁੱਖ ਨੂੰ ਕੁਦਰਤ ਨਾਲ ਹੋਰ ਪਾਕੀਜ਼ਗੀ ਅਤੇ ਸੁਹਿਰਦਤਾ ਨਾਲ ਜੁੜਨ ਦਾ ਸੰਦੇਸ਼ ਦਿੰਦੀ ਹੈ। ਇਸੇ ਲਈ ਖੂਬਸੂਰਤ ਪ੍ਰਕ੍ਰਿਤੀ ਦੀ ਰਚਨਾ ਸਮੇਂ ਜਲ ਨੂੰ ਸ਼੍ਰੋਮਣੀ ਸਥਾਨ ਦਿੱਤਾ ਗਿਆ ਜਿਸ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਕਥਨ ਕਰਦੇ ਹਨ :

*ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥*
*ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ॥*
*(ਪੰਨਾ ੭੮੩)*

ਸਾਰੀ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਵਿਚ ਪੰਜ ਤੱਤਾਂ ਤੋਂ ਬਣੇ ਇਸ ਸੰਸਾਰ ਵਿਚ ਪਾਣੀ ਨੂੰ ਸ਼੍ਰੋਮਣੀ ਸਥਾਨ ਪ੍ਰਦਾਨ ਕੀਤਾ ਗਿਆ ਹੈ ਜਿਸ ਦੇ ਆਧਾਰ ਉੱਤੇ ਸਾਰੀ ਪ੍ਰਕ੍ਰਿਤੀ ਤੇ ਮਨੁੱਖ ਦਾ ਜੀਵਨ ਟਿਕਿਆ ਹੋਇਆ ਹੈ:

*ਨਾਨਕ ਇਹੁ ਜਗਤੁ ਸਭੁ ਜਲੁ ਹੈ ਜਲ ਹੀ ਤੇ ਸਭ ਕੋਇ* *(ਪੰਨਾ ੧੨੮੩)*

ਪਰ ਪਰਮਾਤਮਾ ਵੱਲੋਂ ਦਿੱਤੀ ਇਸ ਅਨਮੋਲ ਦਾਤ ਨੂੰ ਮਨੁੱਖ ਸਾਂਭ ਨਹੀਂ ਰਿਹਾ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਪਰਮਾਤਮਾ ਨੇ ਮਨੁੱਖੀ ਜੀਵਨ ਲਈ ਹਵਾ, ਪਾਣੀ, ਭੋਜਨ ਦੀਆਂ ਜ਼ਰੂਰਤਾਂ ਕੁਦਰਤੀ ਸਾਧਨਾਂ ਦੁਆਰਾ ਪੂਰੀਆਂ ਕੀਤੀਆਂ ਹਨ ਅਤੇ ਪਰਮਾਤਮਾ ਦੁਆਰਾ ਸਾਨੂੰ ਜੋ ਕੁਦਰਤੀ ਸੋਮੇ ਦਿੱਤੇ ਗਏ ਹਨ ਅੱਜ ਅਸੀਂ ਉਨ੍ਹਾਂ ਸੋਮਿਆਂ ਦੀ ਮਹੱਤਤਾ ਤੋਂ ਇਨਕਾਰੀ ਹੁੰਦਿਆਂ ਉਨ੍ਹਾਂ ਦੀ ਸੰਭਾਲ ਦੇ ਸਾਧਨ ਨਹੀਂ ਜੁਟਾ ਪਾ ਰਹੇ। ਜੇਕਰ ਇਸੇ ਪ੍ਰਕਾਰ ਹੁੰਦਾ ਰਿਹਾ ਤਾਂ ਸਾਨੂੰ ਇਸ ਤੋਂ ਵੀ ਭੈੜੇ ਨਤੀਜੇ ਭੁਗਤਣੇ ਪੈ ਸਕਦੇ ਹਨ। ਪ੍ਰਕ੍ਰਿਤੀ ਦੀ ਹੋਂਦ ਹੀ ਮਨੁੱਖੀ ਹੋਂਦ ਦਾ ਕਾਰਨ ਹੈ। ਜੀਵਨ ਦੀ ਰਵਾਨਗੀ, ਸਜੀਵਤਾ ਅਤੇ ਹਰਿਆਵਲੀ ਪਾਣੀ ਸਦਕਾ ਹੀ ਸੰਭਵ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਸੇਧ ਲੈ ਕੇ ਸਾਨੂੰ ਆਪਣੇ ਅਨਮੋਲ ਪ੍ਰਕ੍ਰਿਤੀ-ਸੋਮਿਆਂ ਦਾ ਬਚਾਅ ਕਰਨਾ ਚਾਹੀਦਾ ਹੈ ਤਾਂ ਜੋ ਵਾਤਾਵਰਨ ਸਵੱਛ ਰਹਿ ਸਕੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਪਾਣੀ ਦੀ ਉੱਚਤਾ ਅਤੇ ਮਹਾਨਤਾ ਇਸ ਦੀਆਂ ਕੁਦਰਤੀ ਵਿਸ਼ੇਸ਼ਤਾਵਾਂ ਕਰਕੇ ਹੈ ਜਿਸ ਕਰਕੇ ਇਹ ਕਾਇਨਾਤ ਉਸਰੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਾਣੀ ਦੀ ਜੋ ਅਹਿਮੀਅਤ ਦਰਸਾਈ ਗਈ ਹੈ ਉਸ ਤੋਂ ਸਹੀ ਸੇਧ ਲੈ ਕੇ ਅਸੀਂ ਕੁਦਰਤ ਦੀ ਇਸ ਵਡਮੁੱਲੀ ਦਾਤ ਦਾ ਬਚਾਅ ਕਰ ਸਕਦੇ ਹਾਂ।

■

*ਸਤੰਬਰ ੨੦੧੧ ਦਾ ਬਾਕੀ ਹਿੱਸਾ :*

# ਸ੍ਰੀ ਗੁਰੂ ਗ੍ਰੰਥ ਸਾਹਿਬ: ਟੀਕੇ ਅਤੇ ਅਨੁਵਾਦ

*-ਡਾ. ਪਰਮਵੀਰ ਸਿੰਘ**

## ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ

ਪ੍ਰੋ. ਸਾਹਿਬ ਸਿੰਘ ਜੀ ਦੀ ਇਹ ਇਕ ਅਮੋਲਕ ਕਿਰਤ ਹੈ ਜੋ ਕਿ ਗੁਰਬਾਣੀ ਟੀਕਿਆਂ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਹ ਸੰਪੂਰਨ ਟੀਕਾ ਦਸ ਭਾਗਾਂ ਵਿਚ ਹੈ। ੧੯੨੫ ਤੋਂ ੧੯੬੧ ਈਸਵੀ ਤਕ ਇਸ ਟੀਕੇ ਦਾ ਕਾਰਜ ਨਿਰੰਤਰ ਚੱਲਦਾ ਰਿਹਾ ਅਤੇ ਹੁਣ ਤਕ ਇਸ ਦੇ ਕਈ ਐਡੀਸ਼ਨ ਪਾਠਕਾਂ ਦੇ ਸਨਮੁਖ ਹੋ ਚੁੱਕੇ ਹਨ। ਇਹ ਟੀਕਾ ਉਨ੍ਹਾਂ ਦੀ ਲੰਮੀ ਘਾਲਣਾ ਦਾ ਨਤੀਜਾ ਹੈ। ਇਸ ਟੀਕੇ ਨੂੰ ਕਰਨ ਦਾ ਖ਼ਿਆਲ ਉਨ੍ਹਾਂ ਦੇ ਮਨ ਵਿਚ ਕਿਵੇਂ ਆਇਆ ਇਸ ਬਾਰੇ ਉਹ ਆਪ ਹੀ ਦੱਸਦੇ ਹਨ ਕਿ ਸ੍ਰੀ ਗੁਰੂ ਰਾਮਦਾਸ ਜੀ ਦੀਆਂ ਵਾਰਾਂ, ਭੱਟਾਂ ਦੇ ਸਵੱਈਏ, ਜਪੁ ਅਤੇ ਆਸਾ ਕੀ ਵਾਰ ਦੇ ਟੀਕਿਆਂ ਦੀ ਪ੍ਰਸੰਸਾ ਵਿਦਵਾਨਾਂ ਅਤੇ ਸਿੱਖ ਸੰਗਤ ਦੁਆਰਾ ਕੀਤੀ ਗਈ ਸੀ। ਸਰਦਾਰ ਜੋਧ ਸਿੰਘ ਜੀ ਨੇ ਮੈਨੂੰ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਲਿਖਣ ਲਈ ਉਤਸ਼ਾਹ ਦਿੱਤਾ, ਪਰ ਇਤਨਾ ਭਾਰੀ ਮਹਾਨ ਕੰਮ ਵੇਖ ਕੇ ਮੈਨੂੰ ਹੌਂਸਲਾ ਨਾਹ ਪਿਆ। ਇਨ੍ਹਾਂ ਤੋਂ ਬਾਅਦ ਦਿੱਲੀ ਨਿਵਾਸੀ ਇਕ ਸੱਜਣ ਸ: ਦਲੀਪ ਸਿੰਘ ਮੈਨੂੰ ਮਿਲੇ ਜਿਨ੍ਹਾਂ ਨੇ ਵੱਖ-ਵੱਖ ਬਾਣੀਆਂ ਤੇ ਕੀਤੇ ਮੇਰੇ ਟੀਕੇ ਵੇਖੇ ਸਨ ਉਨ੍ਹਾਂ ਵੀ ਮੈਨੂੰ ਸਾਰਾ ਟੀਕਾ ਲਿਖਣ ਦੀ ਪ੍ਰੇਰਨਾ ਕੀਤੀ। ਉਹ ਤਾਂ ਚਲੇ ਗਏ ਪਰ ਉਹ ਆਪਣੀ ਪ੍ਰੇਰਨਾ ਮੇਰੇ ਅੰਦਰ ਟਿਕਾ ਗਏ। ਪ੍ਰੋ. ਸਾਹਿਬ ਸਿੰਘ ਜੀ ਕਹਿੰਦੇ ਹਨ ਕਿ ਮੈਨੂੰ ਇਨ੍ਹਾਂ ਪ੍ਰੇਰਨਾਵਾਂ ਦੇ ਨਤੀਜੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਟੀਕਾ ਲਿਖਣ ਦੀ ਚਿਣਗ ਲੱਗੀ ਅਤੇ ਅਕਾਲ ਪੁਰਖ ਦੀ ਕਿਰਪਾ ਸਦਕਾ ਇਹ ਕਾਰਜ ਸੰਪੂਰਨ ਹੋਇਆ।

ਪ੍ਰੋ. ਸਾਹਿਬ ਸਿੰਘ ਹੋਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਵਿਆਕਰਣਿਕ ਨਿਯਮਾਂ ਅਨੁਸਾਰ ਕੀਤਾ। ਵਿਆਕਰਣਿਕ ਨਿਯਮਾਂ ਅਨੁਸਾਰ ਟੀਕਾ ਕਰਨ ਨੂੰ ਉਚਿਤ ਸਮਝਦੇ ਹੋਏ ਪ੍ਰੋ. ਸਾਹਿਬ ਸਿੰਘ ਕਹਿੰਦੇ ਹਨ, "ਜੇ ਪੁਰਾਤਨ ਰਿਸ਼ੀ ਇਹ ਖਿਆਲ ਕਰਦੇ ਕਿ ਵੇਦਾਂ ਦਾ ਵਿਆਕਰਣ ਲਿਖਣਾ 'ਅਕਾਸ਼ ਬਾਣੀ' ਦੀ ਨਿਰਾਦਰੀ ਹੈ ਤਾਂ ਅੱਜ ਉਨ੍ਹਾਂ ਵੇਦਾਂ ਨੂੰ ਸਮਝਣਾ ਅਸੰਭਵ ਹੁੰਦਾ। ਬੋਲੀ ਸਦਾ ਬਦਲਦੀ ਆਈ ਹੈ। ਅੱਜ ਦੀ ਪੰਜਾਬੀ ਉਹ ਨਹੀਂ ਜੋ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਉਸ ਪੰਜਾਬੀ ਬੋਲੀ ਵਿਚ ਉਚਾਰਣ ਕੀਤੀ ਗਈ ਹੈ, ਜੋ ਉਸ ਵੇਲੇ ਪ੍ਰਚਲਿਤ

** ਰੀਡਰ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: ੯੮੭੨੦-੭੪੩੨੨*

ਸੀ। ਤਦੋਂ ਦਾ ਕੋਸ਼, ਅੱਜ ਦੇ ਕੋਸ਼ ਨਾਲੋਂ ਵੱਖਰਾ ਸੀ, ਤਦੋਂ ਦਾ ਵਿਆਕਰਣ ਭੀ ਅੱਜ ਦੇ ਵਿਆਕਰਣ ਨਾਲੋਂ ਵਿਲੱਖਣ ਸੀ।"[੨੮]

ਪ੍ਰੋ. ਸਹਿਬ ਸਿੰਘ ਨੇ ਤਰਕਪੂਰਨ ਢੰਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਟੀਕਾ ਕੀਤਾ ਅਤੇ ਬਹੁਤ ਸਾਰੇ ਭਾਵਾਤਮਕ ਸ਼ਬਦਾਂ ਦੀ ਵਿਆਖਿਆ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਕ ਤੋਂ ਵਧੇਰੇ ਦਲੀਲਾਂ ਦਿੱਤੀਆਂ ਤਾਂ ਕਿ ਤਰਕ ਦਾ ਸਹਾਰਾ ਲੈ ਕੇ ਤੁਰਨ ਵਾਲੀ ਨਵੀਂ ਪੀੜ੍ਹੀ ਦੇ ਮਨ ਵਿਚ ਗੁਰਬਾਣੀ ਦੀ ਕਿਸੇ ਗੱਲ ਪ੍ਰਤੀ ਸ਼ੰਕਾ ਬਾਕੀ ਨਾ ਰਹੇ। ਉਨ੍ਹਾਂ ਨੇ ਇਹ ਟੀਕਾ ਕਰਨ ਲਈ ਇਕੱਲਿਆਂ ਹੀ ਯਤਨ ਅਰੰਭੇ ਅਤੇ ਸਫਲਤਾ ਪੂਰਵਕ ਢੰਗ ਨਾਲ ਇਸ ਕਾਰਜ ਨੂੰ ਸਿਰੇ ਚੜ੍ਹਾਇਆ। ਪੁਰਾਤਨ ਟੀਕਿਆਂ ਨਾਲੋਂ "ਭਾਈ ਸਾਹਿਬ ਦਾ ਕੰਮ ਵਧੇਰੇ ਸੰਤੁਸ਼ਟੀ ਵਾਲਾ ਹੈ। ਸੰਪੂਰਨ ਟੀਕਾ ਤਿਆਰ ਕਰਨ ਲਈ ਪ੍ਰੋ. ਸਾਹਿਬ ਸਿੰਘ ਦੀ ਸਮਰੱਥਾ ਭਾਈ ਵੀਰ ਸਿੰਘ ਦੇ ਬਰਾਬਰ ਦੀ ਨਹੀਂ ਸੀ ਕਿਉਂਕਿ ਨਾ ਤਾਂ ਉਨ੍ਹਾਂ ਨੂੰ ਕਿਸੇ ਰਾਜੇ ਮਹਾਰਾਜੇ ਦੀ ਸਰਪ੍ਰਸਤੀ ਹਾਸਲ ਸੀ ਅਤੇ ਨਾ ਹੀ ਉਨ੍ਹਾਂ ਦੇ ਆਰਥਿਕ ਜਾਂ ਸਮਾਜਿਕ ਵਸੀਲੇ ਭਾਈ ਵੀਰ ਸਿੰਘ ਵਰਗੇ ਵਿਸ਼ਾਲ ਸਨ। ਫਿਰ ਵੀ ਪ੍ਰੋ. ਸਾਹਿਬ ਸਿੰਘ ਨੇ ਸਮੇਂ ਅਤੇ ਪੈਸੇ ਦੀ ਪਰਵਾਹ ਨਾ ਕਰਦਿਆਂ ਹੋਇਆਂ ਬਿਨਾਂ ਝਿਜਕ ਬਿਨਾਂ ਮਦਦ ਦੇ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਰਨ ਦੀ ਹਿੰਮਤ ਠਾਣ ਲਈ। ਜਿਹੜਾ ਕੰਮ ਕਈ ਸੰਸਥਾਵਾਂ ਮਿਲ ਕੇ ਨੇਪਰੇ ਨਾ ਚਾੜ੍ਹ ਸਕਦੀਆਂ ਹੋਣ, ਉਹ ਨਿਹੰਗ ਬਿਰਤੀ ਵਾਲੇ ਫੱਕਰ ਨੇ ਆਪਣੇ ਸਿਰ ਲੈ ਲਿਆ। ਸਾਲਾਂ ਭਰ ਦੀ ਮਿਹਨਤ ਨਾਲ ਸਿਰੇ ਵੀ ਚੜ੍ਹਾ ਦਿੱਤਾ।... ਗੁਰਬਾਣੀ ਟੀਕਾਕਾਰੀ ਵਿਚ ਉਨ੍ਹਾਂ ਦਾ ਯੋਗਦਾਨ ਨਵੀਨ ਵਿਆਖਿਆ ਕਾਰਣ ਹੀ ਨਹੀਂ ਸਗੋਂ ਗੁਰਬਾਣੀ ਵਿਆਕਰਣ ਦੇ ਆਧਾਰ 'ਤੇ ਸ਼ਬਦਾਰਥ ਘੜਨ, ਪ੍ਰਸੰਗ ਉਘਾੜਨ ਅਤੇ ਨਵੇਂ ਸੰਦਰਭ ਸਿਰਜਣ ਵਿਚ ਵੀ ਹੈ। ਇਤਿਹਾਸਿਕ ਖੋਜ ਦੇ ਆਧਾਰ 'ਤੇ ਵੀ ਗੁਰਬਾਣੀ ਦਾ ਸਹੀ ਪ੍ਰਸੰਗ ਲੱਭਣ ਦੀ ਕੋਸ਼ਿਸ਼ ਕੀਤੀ ਗਈ ਹੈ।"[੨੯]

## ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ: ਤੁਲਨਾਤਮਕ ਅਧਿਐਨ (ਟੀਕਾ ਗਿਆਨੀ ਹਰਿਬੰਸ ਸਿੰਘ ਜੀ)

ਗਿਆਨੀ ਹਰਿਬੰਸ ਸਿੰਘ ਜੀ ਦਾ ਜਨਮ ੨੫ ਅਪ੍ਰੈਲ ੧੯੨੫ ਈਸਵੀ ਨੂੰ ਪਾਕਿਸਤਾਨ ਦੇ ਪਿੰਡ ਹਾਸਲ ਤਹਿਸੀਲ ਚਕਵਾਲ, ਜ਼ਿਲ੍ਹਾ ਜੇਹਲਮ ਵਿਖੇ ਸ. ਅਤਰ ਸਿੰਘ ਅਤੇ ਮਾਤਾ ਰਾਜ ਕੌਰ ਦੇ ਘਰ ਹੋਇਆ। ਅੱਜਕਲ੍ਹ ਪਟਿਆਲਾ ਵਿਖੇ ਨਿਵਾਸ ਕਰ ਰਹੇ ਹਨ। ਬਚਪਨ ਤੋਂ ਹੀ ਘਰ ਵਿਚ ਗੁਰਬਾਣੀ ਦੀ ਲਗਨ ਲੱਗੀ ਅਤੇ ਅੱਠ ਸਾਲ ਦੀ ਉਮਰ ਵਿਚ ਅਖੰਡ ਪਾਠੀ ਦੀ ਸੇਵਾ ਨਿਭਾਉਣ ਲੱਗੇ। ਪਿਸ਼ਾਵਰ ਵਿਚ ਗੁਰਦੁਆਰਾ ਭਾਈ ਜੋਗਾ ਸਿੰਘ ਵਿਖੇ ਮੀਤ ਮੈਨੇਜਰ ਦੀ ਸੇਵਾ ਨਿਭਾਈ ਅਤੇ ਦੇਸ਼-ਵੰਡ ਉਪਰੰਤ ਪਟਿਆਲਾ ਵਿਖੇ ਆ ਵੱਸੇ। ਇੱਥੇ ਆ ਕੇ ਇਨ੍ਹਾਂ ਨੇ ਗੁਰਦੁਆਰਾ ਨਾਢਾ ਸਾਹਿਬ ਤੇ ਗੁਰਦੁਆਰਾ ਗੁਰੂ ਕਾ ਲਾਹੌਰ ਵਿਖੇ ਇਕ ਚੌਕੜੇ ਵਿਚ ਅਖੰਡ ਪਾਠ ਦੀ ਸੇਵਾ ਨਿਭਾਈ

ਜੋ ਕਿ ਇਨ੍ਹਾਂ ਦੀ ਗੁਰਬਾਣੀ ਪ੍ਰਤੀ ਦ੍ਰਿੜ੍ਹਤਾ ਅਤੇ ਨਿਸ਼ਠਾ ਦਾ ਪ੍ਰਤੀਕ ਹੈ। ਅਨੇਕਾਂ ਸਨਮਾਨ ਹਾਸਲ ਕਰਨ ਵਾਲੇ ਗਿਆਨੀ ਜੀ ਨੇ ਨੌਂ ਸਾਲ ਦੀ ਉਮਰ ਵਿਚ ਪਹਿਲੀ ਵਾਰ ਪੰਜਾਬੀ ਦੀ ਪੈਂਤੀ-ਅੱਖਰੀ ਅਨੁਸਾਰ ਕਵਿਤਾ ਦੀ ਰਚਨਾ ਕੀਤੀ ਜੋ ਕਿ ਗੁਰਬਾਣੀ ਸੰਦੇਸ਼ ਦਾ ਪ੍ਰਗਟਾਵਾ ਕਰਦੀ ਹੈ। ਇੰਨ੍ਹੀ ਛੋਟੀ ਉਮਰ ਵਿਚ ਲਿਖਣ ਦੀ ਪੈਦਾ ਹੋਈ ਰੁਚੀ ਨੇ ਅੱਗੇ ਹੋਰ ਕਈ ਪੁਸਤਕਾਂ ਲਿਖਣ ਦਾ ਰਾਹ ਖੋਲ੍ਹ ਦਿੱਤਾ। ਇਨ੍ਹਾਂ ਦਾ ਸਭ ਤੋਂ ਪ੍ਰਮੁੱਖ ਕਾਰਜ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ: ਤੁਲਨਾਤਮਕ ਅਧਿਐਨ' ਹੈ। ਇਸ ਤੋਂ ਪਹਿਲਾਂ ਗੁਰਬਾਣੀ ਦੇ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਕਈ ਪੁਸਤਕਾਂ ਦੀ ਰਚਨਾ ਕਰ ਚੁੱਕੇ ਸਨ। ਇਨ੍ਹਾਂ ਵਿਚ ਕੁਝ ਬਾਣੀਆਂ ਦੇ ਟੀਕੇ ਵੀ ਸ਼ਾਮਲ ਸਨ ਜਿਨ੍ਹਾਂ ਨੇ ਗੁਰਬਾਣੀ ਦਾ ਸੰਪੂਰਨ ਟੀਕਾ ਕਰਨ ਦੀ ਪ੍ਰੇਰਨਾ ਪੈਦਾ ਕੀਤੀ। ਇਸ ਟੀਕੇ ਦੀ ਪਹਿਲੀ ਪੋਥੀ ੧੯੮੦ ਈਸਵੀ ਵਿਚ ਤਿਆਰ ਹੋ ਗਈ ਸੀ। ਇਸ ਟੀਕੇ ਦਾ 'ਆਦਿ ਕਥਨ' ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਸਾਬਕਾ ਮੁੱਖ ਗ੍ਰੰਥੀ ਗਿਆਨੀ ਕਿਰਪਾਲ ਸਿੰਘ ਜੀ ਨੇ ਲਿਖਿਆ ਹੈ। ਉਹ ਇਸ ਟੀਕੇ ਦੀਆਂ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਦੇ ਹਨ:

੧. ਅਰੰਭ ਵਿਚ ਵੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਰਚਨਾ, ਸੰਪਾਦਨਾ ਤੇ ਗੁਰਿਆਈ ਬਾਰੇ ਇਤਿਹਾਸਿਕ ਗਰੰਥਾਂ ਦੇ ਹਵਾਲੇ ਦੇ ਕੇ ਭਰਪੂਰ ਵਾਕਫੀਅਤ ਦਰਜ ਕੀਤੀ ਗਈ ਹੈ।

੨. **ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਕਾਸ਼ ਬਾਰੇ ਗੁਰਮਰਯਾਦਾ** ਦੇ ਸਿਰਲੇਖ ਹੇਠ ਵਡਮੁੱਲੀ ਜਾਣਕਾਰੀ ਇਕੱਤਰ ਕਰਕੇ ਮਹਾਨ ਪਰ-ਉਪਕਾਰੀ ਕਾਰਜ ਕੀਤਾ ਹੈ।

੩. **ਗੁਰਬਾਣੀ ਪਾਠ ਦਰਸ਼ਨ** ਸਿਰਲੇਖ ਹੇਠ ਗੁਰਬਾਣੀ ਦੇ ਪਾਠ ਕਰਨ ਸਮੇਂ ਪਦ-ਵੰਡ, ਬਿਸਰਾਮ ਤੇ ਸ਼ੁੱਧ-ਉਚਾਰਨ ਸੰਬੰਧੀ ਨਵੀਨ ਖੋਜ ਦੁਆਰਾ ਵਿਸ਼ੇਸ਼ ਚਾਨਣਾ ਪਾਇਆ ਹੈ।

੪. **ਗੁਰਬਾਣੀ ਅੰਕਾਵਲੀ** ਸਿਰਲੇਖ ਹੇਠ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੰਦਰ ਦਰਜ ਅੰਕਾਂ ਦੇ ਭਾਵ ਨੂੰ ਸਪਸ਼ਟ ਕੀਤਾ ਹੈ ਤੇ ਦੱਸਿਆ ਹੈ ਕਿ ਕਿਨ੍ਹਾਂ ਅੰਕਾਂ ਨੂੰ ਉਚਾਰਨ ਕਰਨਾ ਹੈ ਤੇ ਕਿਨ੍ਹਾਂ ਨੂੰ ਨਹੀਂ ਕਰਨਾ। ਪੈਰ ਅੰਕਾਂ ਦਾ ਵੀ ਮਤਲਬ ਸਮਝਾਇਆ ਹੈ।

੫. **'ਪਹਿਲੀ ਪੋਥੀ ਦਾ ਬਾਣੀ ਬਿਉਰਾ'** ਨਾਮ ਦੇ ਸਿਰਲੇਖ ਹੇਠ ਇਕ ਨਕਸ਼ਾ ਬਣਾ ਕੇ ਉਸ ਵਿਚ ਬਾਣੀ ਕਰਤਾ, ਬਾਣੀ ਦਾ ਨਾਮ, ਪੰਨਾ, ਸ਼ਬਦਾਂ, ਅਸ਼ਟਪਦੀਆਂ, ਪਹਿਰੇ, ਛੰਤ, ਵਣਜਾਰਾ, ਵਾਰ ਪਉੜੀ, ਤੇ ਸਲੋਕ ਦੇ ਖਾਨਿਆਂ ਵਿਚ ਵੱਖ-ਵੱਖ ਵੇਰਵੇ ਲਿਖ ਕੇ ਹੇਠ ਵੱਖ-ਵੱਖ ਖਾਨਿਆਂ ਦੇ ਜੋੜ ਲਿਖ ਕੇ ਸਟੀਕ ਵਿਚ ਇਕ ਨਵੀਂ ਪਰੰਪਰਾ ਅਰੰਭ ਕੀਤੀ ਹੈ ਜੋ ਪਾਠਕਾਂ ਲਈ ਲਾਭਕਾਰੀ ਸਾਬਤ ਹੋਵੇਗੀ।

੬. ਮੂਲ ਮੰਤਰ ਦੇ ਅਰਥ, ਵਿਆਖਿਆ, ਸ਼ੰਕਾ ਤੇ ਸਮਾਧਾਨ ਅਤੇ ਸਾਰ ਸਿਧਾਂਤ ਦਾ

ਵਿਦਵਤਾ, ਖੋਜ ਤੇ ਯੁਕਤੀਆਂ ਦੁਆਰਾ ਵਰਣਨ ਕਰਨ ਦੀ ਤੀਖਣ ਪ੍ਰਤਿਭਾ ਦਾ ਸੂਚਕ ਹੈ।

੭. ਗੁਰਬਾਣੀ ਦੇ ਮੂਲ ਪਾਠ ਨੂੰ ਬਿਸਰਾਮ ਦੇ ਕੇ ਮੋਟੇ ਅੱਖਰਾਂ ਵਿਚ ਛਾਪਿਆ ਹੈ ਤਾਂ ਕਿ ਗੁਰਬਾਣੀ ਦਾ ਵੱਖਰਾਪਨ ਸ਼ੀਘਰ ਹੀ ਪਾਠਕਾਂ ਦੀ ਦ੍ਰਿਸ਼ਟੀਗੋਚਰ ਹੋ ਸਕੇ ਤੇ ਸ਼ੁੱਧ ਪਾਠ ਕੀਤਾ ਜਾ ਸਕੇ। ਫਿਰ ਉਚਾਰਨ ਸਿਰਲੇਖ ਹੇਠ ਪਹਿਲਾਂ ਇਹ ਸ਼ਬਦ ਲਿਖੇ ਹਨ ਜੋ ਬਿੰਦੇ ਸਹਿਤ ਉਚਾਰਨ ਕਰਨੇ ਹਨ। ਫਿਰ ਉਹ ਸ਼ਬਦ ਜਿਨ੍ਹਾਂ ਦਾ ਬਿੰਦੇ ਰਹਿਤ ਉਚਾਰਨ ਕਰਨਾ ਹੈ, ਅੱਗੋਂ ਕੁਝ ਫੁਟਕਲ ਉਚਾਰਨ ਸੰਬੰਧੀ ਜਾਣਕਾਰੀ ਨਿਰੂਪਣ ਕੀਤੀ ਹੈ। ਪਦ ਅਰਥ, ਅਰਥ, ਸ਼ੰਕੇ ਤੇ ਨਿਰਣੈ ਅੰਤ 'ਚ ਸਿਧਾਂਤ ਦਾ ਨਿਰੂਪਣ ਸਟੀਕ ਨੂੰ ਪਹਿਲੇ ਛਪ ਚੁੱਕੇ ਸਟੀਕਾਂ ਤੋਂ ਵਿਲੱਖਣ ਰੂਪ ਦੇ ਦਿੰਦਾ ਹੈ।

੮. ਗੁਰਬਾਣੀ ਦੇ ਲਗ ਮਾਤ੍ਰੀ ਨੇਮਾਂ 'ਤੇ ਅਧਾਰਿਤ ਅਰਥ ਕੀਤੇ ਗਏ ਹਨ।

੯. ਸ਼ਬਦ ਸਰੂਪਾਂ ਬਾਰੇ ਜਾਣ-ਪਛਾਣ, ਪਾਠ ਭੇਦ ਅਤੇ ਉਨ੍ਹਾਂ ਬਾਰੇ ਹੱਥਲਿਖਤ ਬੀੜਾਂ ਦੇ ਹਵਾਲੇ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੇ ਹਨ।

੧੦. ਪ੍ਰਸਿੱਧ ਟੀਕਾਕਾਰਾਂ ਦੇ ਵੱਖ-ਵੱਖ ਅਰਥਾਂ ਦੇ ਸੰਤੁਲਤ ਵਿਚਾਰ ਜਿਸ ਦਾ ਪਾਠਕਾਂ ਨੂੰ ਇਹ ਲਾਭ ਹੈ ਕਿ ਬਹੁਤੇ ਟੀਕੇ ਲੱਭਣ ਦੀ ਲੋੜ ਨਹੀਂ; ਸਾਰੀ ਅਰਥ ਸਮੱਗਰੀ ਇੱਕੋ ਥਾਂ ਤੋਂ ਲੱਭ ਪੈਂਦੀ ਹੈ।

੧੧. 'ਸ਼ੰਕਾਵਾਦੀ ਅਰਥ ਨਿਰਣੈ' ਸਿਰਲੇਖ ਹੇਠ ਹਰ ਸ਼ਬਦ ਦੇ ਉਨ੍ਹਾਂ ਅਰਥਾਂ ਬਾਰੇ ਵਿਸਥਾਰ ਸਹਿਤ ਵਿਚਾਰ ਅੰਕਿਤ ਕੀਤੇ ਹਨ ਜਿਨ੍ਹਾਂ ਬਾਰੇ ਟੀਕਾਕਾਰਾਂ ਵਿਚ ਮਤਭੇਦ ਹਨ। ਨਵੀਂ ਖੋਜ ਤੇ ਯੁਕਤੀਆਂ ਦੁਆਰਾ ਉਨ੍ਹਾਂ ਬਹੁਤੇ ਅਰਥਾਂ ਤੋਂ ਇਕ ਅਰਥ ਦਾ ਨਿਰਣਾ ਕੀਤਾ ਗਿਆ ਹੈ ਜੋ ਪਾਠਕਾਂ ਲਈ ਬੇਹੱਦ ਲਾਹੇਵੰਦ ਹੈ।

੧੨. ਆਪਣੇ ਵੱਲੋਂ ਕੀਤੇ ਗਏ ਅਰਥਾਂ ਦੀ ਪੁਸ਼ਟੀ ਲਈ ਹੋਰ ਅੱਡ-ਅੱਡ ਥਾਵਾਂ 'ਤੇ ਗੁਰਬਾਣੀ ਦੇ ਪ੍ਰਮਾਣ ਇਕੱਤਰ ਕਰ ਕੇ ਪਾਠਕਾਂ ਦੀ ਚੰਗੀ ਤਰ੍ਹਾਂ ਤਸੱਲੀ ਕਰਵਾਈ ਗਈ ਹੈ।

## ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ

ਸ਼ਬਦਾਰਥ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦਾ ਟੀਕਾ 'ਗੁਰ ਸੇਵਕ ਸਭਾ' ਨੇ ਪ੍ਰੋਫੈਸਰ ਤੇਜਾ ਸਿੰਘ, ਬਾਵਾ ਹਰਕ੍ਰਿਸ਼ਨ ਸਿੰਘ ਅਤੇ ਪ੍ਰੋਫੈਸਰ ਨਰਾਇਣ ਸਿੰਘ ਦੇ ਯਤਨਾਂ ਸਦਕਾ ਤਿਆਰ ਕੀਤਾ, ਇਹ ਦੂਜਿਆਂ ਟੀਕਿਆਂ ਵਾਂਗ ਪੰਕਤੀ ਦੇ ਰੂਪ ਵਿਚ ਨਹੀਂ ਕੀਤਾ ਗਿਆ ਬਲਕਿ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ ਅਤੇ ਕਿਤੇ-ਕਿਤੇ ਕਿਸੇ ਸਿਧਾਂਤਕ ਸ਼ਬਦ ਦਾ ਵਿਸਤਾਰ ਵੀ ਦਿੱਤਾ ਗਿਆ ਹੈ। ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਿਰਧਾਰਤ ਪੰਨਿਆਂ ਅਨੁਸਾਰ ਚਾਰ ਪੋਥੀਆਂ ਵਿਚ ਤਿਆਰ ਕੀਤਾ ਗਿਆ ਹੈ ਅਤੇ ਇਸ ਦੀ ਸੰਭਾਲ ਅਤੇ ਪਹੁੰਚ ਸੌਖੀ ਹੈ। ਗੁਰਬਾਣੀ ਅਧਿਐਨ ਦੇ ਵਿਦਵਾਨਾਂ, ਵਿਦਿਆਰਥੀਆਂ ਅਤੇ ਜਿਗਿਆਸੂਆਂ ਲਈ ਇਹ ਬਹੁਤ ਹੀ ਲਾਹੇਵੰਦ ਹੈ

ਕਿਉਂਕਿ ਜਿੱਥੇ ਇਹ ਆਮ ਉਪਲਬਧ ਹੈ ਉੱਥੇ ਇਸ ਵਿਚ ਦਿੱਤੇ ਸੰਖਿਪਤ ਅਰਥ ਤੋਂ ਹੀ ਸਮੁੱਚੀ ਪੰਕਤੀ ਅਤੇ ਸ਼ਬਦ ਦਾ ਭਾਵ ਗ੍ਰਹਿਣ ਹੋ ਜਾਂਦਾ ਹੈ। ਇਸ ਟੀਕੇ ਦੀ ਵਿਸ਼ੇਸ਼ਤਾ ਬਿਆਨ ਕਰਦੇ ਹੋਏ ਗਿ. ਹਰਿਬੰਸ ਸਿੰਘ ਦੱਸਦੇ ਹਨ ਕਿ "ਪ੍ਰੋਫੈਸਰ ਸ਼੍ਰੇਣੀ ਨੇ ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੋ ਸਿੱਖ-ਜਗਤ ਨੂੰ ਸਭ ਤੋਂ ਵੱਡੀ ਦੇਣ ਦਿੱਤੀ ਹੈ, ਉਹ ਟੀਕਾਕਾਰੀ ਦੇ ਮਾਰਗ ਵਿਚ ਮਦਦ ਦੇਣ ਲਈ ਸਭ ਤੋਂ ਮੁਹਰਲੀ ਕਤਾਰ ਵਿਚ ਹੈ ਕਿਉਂਕਿ ਉਹ ਪ੍ਰਿੰਸੀਪਲ ਤੇਜਾ ਸਿੰਘ, ਪ੍ਰੋਫੈਸਰ ਨਰਾਇਣ ਸਿੰਘ ਅਤੇ ਬਾਵਾ ਹਰਿਕ੍ਰਿਸ਼ਨ ਸਿੰਘ ਵਰਗੇ ਉਚ ਕੋਟੀ ਦੇ ਵਿਦਵਾਨਾਂ ਨੇ ਕਰੜੀ ਘਾਲਣਾ ਕਰ ਕੇ ਤਿਆਰ ਕੀਤਾ। ਜੇ ਇਹ ਵਿਦਵਾਨ ਮੰਡਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਤਿਆਰ ਕਰ ਜਾਂਦੀ ਤਾਂ ਸ਼ਾਇਦ ਹੀ ਕੋਈ ਵਿਦਵਾਨ ਇਸ ਪੱਧਰ ਤੋਂ ਉਚਾ ਕੰਮ ਕਰਨ ਲਈ ਅੱਗੇ ਆਉਂਦਾ।"[੩੦]

ਇਸ ਟੀਕੇ ਦੇ ਅਰੰਭ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਝਣ ਲਈ ਸੰਖੇਪ ਵਿਆਕਰਣ ਦਿੱਤੀ ਗਈ ਹੈ ਤਾਂ ਜੋ ਪਾਠਕ ਨੂੰ ਸ਼ਬਦ ਦਾ ਅਰਥ ਸਮਝਣ ਵਿਚ ਔਖਿਆਈ ਨਾ ਆਵੇ। 'ਧੁਰ ਕੀ ਬਾਣੀ' ਵਿੱਚੋਂ ਵਿਆਕਰਣ ਦੇ ਜੋ ਨਿਯਮ ਸਮਝ ਆਏ, ਉਨ੍ਹਾਂ ਦੀ ਵਰਤੋਂ ਬਾਣੀ ਵਿਚ ਕਿਵੇਂ ਹੋਈ ਹੈ, ਇਸ ਪ੍ਰਤੀ ਦਲੀਲ ਦਿੰਦੇ ਹੋਏ ਕਿਹਾ ਗਿਆ ਹੈ ਕਿ "ਬਾਣੀ ਦੇ ਸਮਝਣ ਵਿਚ ਸੌਖ ਪੈਦਾ ਕਰਨ ਲਈ ਇਸ ਦੀ ਲਿਖਤ, ਖਾਸ ਕਰਕੇ ਸ਼ਬਦਾਂਤਿਕ ਲਗਾਂ-ਮਾਤਰਾਂ ਦੇ ਕੁਝ ਨੇਮ ਦੇਣੇ ਜ਼ਰੂਰੀ ਹਨ। ਇਨ੍ਹਾਂ ਨੇਮਾਂ ਦਾ ਪੂਰਾ ਪਤਾ ਗੁਰੂ ਮਹਾਰਾਜ ਤੋਂ ਬਿਨਾਂ ਕਿਸੇ ਨੂੰ ਹੋ ਨਹੀਂ ਸਕਦਾ, ਪਰ ਬਾਣੀ ਨੂੰ ਅਭਿਆਸ ਨਾਲ ਪੜ੍ਹਨ ਨਾਲ ਗੁਰੂ ਜੀ ਦੀ ਬੇਅੰਤ ਵਿਦਵਤਾ ਦੇ ਵਹਾਉ ਦੇ ਪਿੱਛੇ-ਪਿੱਛੇ ਚੱਲ ਕੇ ਕੁਝ ਕੁ ਥਹੁ ਲੱਗਣਾ ਸੰਭਵ ਹੈ ਕਿ ਇਹ ਵਹਾਉ ਕਿਸ ਪਾਸੇ ਚੱਲਦਾ ਹੈ। ਬਾਣੀ ਬੇਨਿਯਮੀ ਨਹੀਂ ਲਿਖੀ ਹੋਈ, ਕਿਸੇ ਨਾ ਕਿਸੇ ਤਰੀਕੇ ਨਾਲ ਲਿਖੀ ਹੈ। ਉਹ ਤਰੀਕਾ ਸਦੀਆਂ ਦੀ ਅਣਗਹਿਲੀ ਪਿੱਛੋਂ ਲੱਭਣਾ ਬਹੁਤ ਮੁਸ਼ਕਲ ਹੋ ਗਿਆ ਹੈ, ਪਰ ਫਿਰ ਭੀ ਸਾਰਾ ਯਤਨ ਨਿਰਾਰਥ ਨਹੀਂ ਜਾਂਦਾ, ਕੁਝ ਨਾ ਕੁਝ ਪੱਲੇ ਪੈ ਹੀ ਜਾਂਦਾ ਹੈ।"[੩੧] ਸ਼ਬਦਾਰਥ ਰੂਪ ਵਿਚ ਇਹ ਟੀਕਾ ੨੬ ਮਈ ੧੯੩੬ ਤੋਂ ਸ਼ੁਰੂ ਹੋ ਕੇ ੧੫ ਸਤੰਬਰ ੧੯੪੧ ਨੂੰ ਸੰਪੂਰਨ ਹੋ ਗਿਆ। ਇਹ ਟੀਕਾ ਪਾਠਕਾਂ ਨੂੰ ਗੁਰਮੁਖੀ ਤੋਂ ਇਲਾਵਾ ਦੂਜੀਆਂ ਭਾਸ਼ਾਵਾਂ ਦੇ ਅਰਥਾਂ ਨੂੰ ਸਮਝਾਉਣ ਲਈ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਟੀਕੇ ਦੀਆਂ ਪਹਿਲੀਆਂ ਦੋ ਜਿਲਦਾਂ 'ਗੁਰ ਸੇਵਕ ਸਭਾ' ਨੇ ਤਿਆਰ ਕੀਤੀਆਂ ਅਤੇ ਇਸ ਤੋਂ ਬਾਅਦ ਅੱਜ ਤਕ ਇਸ ਟੀਕੇ ਦੀ ਛਪਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰ ਰਹੀ ਹੈ।

## ਹਿੰਦੀ ਟੀਕਾਕਾਰੀ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦ ਵਰਤੇ ਗਏ ਹਨ। ਦੂਜੀਆਂ ਭਾਸ਼ਾਵਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੀਤੇ ਅਨੁਵਾਦ ਅਤੇ ਟੀਕੇ

ਗੁਰਮੁਖੀ ਸ਼ਬਦਾਂ ਨੂੰ ਖੋਲ੍ਹ ਕੇ ਸਮਝਾਉਂਦੇ ਹਨ। ਇਸੇ ਤੱਥ ਨੂੰ ਉਜਾਗਰ ਕਰਨ ਲਈ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਹਿੰਦੀ ਟੀਕੇ ਕੀਤੇ ਗਏ ਹਨ ਜਿਨ੍ਹਾਂ ਨੇ ਪਾਠਕ ਨੂੰ ਗੁਰਮੁਖੀ ਅੱਖਰਾਂ ਦੇ ਅਰਥ ਸਮਝਣ ਵਿਚ ਸੌਖ ਪੈਦਾ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਣੀਆਂ ਵਿੱਚੋਂ ਵਿਦਵਾਨਾਂ ਦਾ ਸਭ ਤੋਂ ਵਧੇਰੇ ਧਿਆਨ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵੱਲ ਗਿਆ ਹੈ। ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦੀਆਂ ਵੱਖ-ਵੱਖ ਬਾਣੀਆਂ ਦੇ ਟੀਕੇ ਮਿਲਦੇ ਹਨ ਅਤੇ ਸਮੁੱਚੀ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਟੀਕੇ ਵੀ ਪਾਠਕਾਂ ਦੇ ਸਨਮੁਖ ਹਨ। ਸਮੁੱਚੀ ਗੁਰੂ ਨਾਨਕ ਸਾਹਿਬ ਦੀ ਬਾਣੀ ਦਾ ਪਹਿਲਾ ਹਿੰਦੀ ਟੀਕਾ ਜੈਰਾਮ ਮਿਸ਼ਰ ਨੇ ਕੀਤਾ। ਉਨ੍ਹਾਂ ਇਹ ਟੀਕਾ ਕਰਨ ਦਾ ਕਾਰਨ ਸਪਸ਼ਟ ਕਰਦੇ ਹੋਏ ਕਿਹਾ, "ਗੁਰੂ ਨਾਨਕ ਮੱਧਯੁੱਗ ਦੇ ਮੌਲਿਕ ਚਿੰਤਕ, ਕ੍ਰਾਂਤੀਕਾਰੀ ਸੁਧਾਰਕ, ਯੁੱਗ-ਨਿਰਮਾਤਾ, ਮਹਾਨ ਦੇਸ਼-ਭਗਤ, ਦੀਨ-ਦੁਖੀਆਂ ਦੇ ਪਰਮ ਹਿਤੈਸ਼ੀ ਅਤੇ ਦੂਰ-ਦ੍ਰਿਸ਼ਟੀ ਵਾਲੇ ਰਾਸ਼ਟਰ ਨਿਰਮਾਤਾ ਸਨ। ਹਿੰਦੀ ਵਿਚ ਇਨ੍ਹਾਂ ਦੀ ਬਾਣੀ ਦਾ ਅਧਿਐਨ ਨਾ ਕੀਤਾ ਜਾਣਾ ਖਟਕਦਾ ਹੈ।"[੩੨] ਉਨ੍ਹਾਂ ਨੇ ਗੁਰੂ ਜੀ ਦੀਆਂ ਬਾਣੀਆਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਰਾਗਾਂ ਅਨੁਸਾਰ ਟੀਕਾ ਕੀਤਾ ਹੈ। ਅਰੰਭ ਵਿਚ ਗੁਰੂ ਜੀ ਦੇ ਸਮੇਂ ਦੀਆਂ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਪ੍ਰਸਥਿਤੀਆਂ ਦਾ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿਚ ਆਏ ਰਸ-ਸਿਧਾਂਤ, ਪ੍ਰਕ੍ਰਿਤੀ ਚਿਤਰਨ, ਭਾਸ਼ਾ, ਅਤੇ ਦਾਰਸ਼ਨਿਕ ਸਿਧਾਂਤਾਂ ਦਾ ਵਿਖਿਆਨ ਕੀਤਾ ਗਿਆ ਹੈ। ਕ੍ਰਿਸ਼ਨ ਦਾਸ ਜੀ ਦੁਆਰਾ ਸੰਪਾਦਿਤ ਇਹ ਰਚਨਾ ਮਿਤ੍ਰ ਪ੍ਰਕਾਸ਼ਨ, ਇਲਾਹਾਬਾਦ ਦੁਆਰਾ ੧੯੬੧ ਈਸਵੀ ਵਿਚ ਪ੍ਰਕਾਸ਼ਿਤ ਕੀਤੀ ਗਈ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਖੇ ਪ੍ਰੋ. ਅਤੇ ਮੁਖੀ ਦੇ ਅਹੁਦੇ 'ਤੇ ਸੇਵਾ ਨਿਭਾਉਂਦੇ ਸਮੇਂ ਡਾ. ਤਾਰਨ ਸਿੰਘ ਜੀ ਨੇ ਆਪਣੇ ਪੰਜਾਬੀ ਵਿਚ ਕੀਤੇ ਖੋਜ-ਕਾਰਜ 'ਗੁਰੂ ਨਾਨਕ ਬਾਣੀ ਪ੍ਰਕਾਸ਼' ਦਾ ਹਿੰਦੀ ਰੂਪਾਂਤਰਣ ਤਿਆਰ ਕੀਤਾ। ਪੰਜਾਬੀ ਟੀਕੇ ਦੇ ਦੋ ਭਾਗ ਸਨ ਪਰ ਹਿੰਦੀ ਵਿਚ ਕੇਵਲ ਇਕ ਭਾਗ ਹੀ ਪਾਠਕਾਂ ਤਕ ਪਹੁੰਚ ਸਕਿਆ। ਇਸ ਦਾ ਕਾਰਨ ਸੀ ਕਿ ਜਨਵਰੀ ੧੯੯੦ ਵਿਚ ਡਾ. ਸਾਹਿਬ ਅਕਾਲ ਚਲਾਣਾ ਕਰ ਗਏ ਸਨ ਅਤੇ ਉਦੋਂ ਤਕ ਇਸ ਰੂਪਾਂਤਰਣ ਦਾ ਕੇਵਲ ਇਕ ਭਾਗ ਹੀ ਸਿਰੇ ਚੜ੍ਹਿਆ ਸੀ। ਸੰਪੂਰਨ ਹੋਇਆ ਇਹ ਪਹਿਲਾ ਭਾਗ ਉਨ੍ਹਾਂ ਦੇ ਚਲਾਣੇ ਉਪਰੰਤ ੧੯੯੬ ਵਿਚ ਪ੍ਰਕਾਸ਼ਿਤ ਹੋਇਆ। ਮੁਨੀ ਅਰਜੁਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਟੀਕੇ ਦਾ ਕਾਰਜ ਅਰੰਭਿਆ ਪਰ ਇਹ ਸੰਪੂਰਨ ਨਹੀਂ ਹੋ ਸਕਿਆ, ਇਸ ਦਾ ਪਹਿਲਾ ਭਾਗ ਸੰਮਤ ੨੦੧੭ (ਸੰਨ ੧੯੬੦ ਈਸਵੀ) ਵਿਚ ਸੰਪੂਰਨ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸੰਪੂਰਨ ਟੀਕਾ ਸਭ ਤੋਂ ਪਹਿਲਾਂ ਡਾ. ਮਨਮੋਹਨ ਸਹਿਗਲ ਨੇ ਕੀਤਾ। ਦਾਦਾ ਭਾਈ ਚੇਲਾ ਰਾਮ ਅਤੇ ਡਾ. ਜੋਧ ਸਿੰਘ ਜੀ ਦਾ ਹਿੰਦੀ ਟੀਕਾ ਵੀ ਉਪਲਬਧ ਹੈ।

**ਅਨੁਵਾਦ**

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਸਰਵੋਤਮ ਧਰਮ ਗ੍ਰੰਥ ਹੈ ਜੋ ਕਿ ਸਮੁੱਚੀ ਮਾਨਵਤਾ ਦੀ ਅਗਵਾਈ ਕਰਦਾ ਹੈ। ਇਸ ਗ੍ਰੰਥ ਵਿਚ ਛੇ ਗੁਰੂ ਸਾਹਿਬਾਨ ਤੋਂ ਇਲਾਵਾ ਤੀਹ ਹੋਰ ਮਹਾਂਪੁਰਖਾਂ ਦੀ ਬਾਣੀ ਦਰਜ ਹੈ ਜੋ ਕਿ ਵੱਖ-ਵੱਖ ਜਾਤਾਂ, ਧਾਰਮਿਕ ਸੰਪਰਦਾਵਾਂ, ਭੂਗੋਲਿਕ ਖਿੱਤਿਆਂ ਅਤੇ ਭਾਸ਼ਾਵਾਂ ਨਾਲ ਸੰਬੰਧਿਤ ਸਨ। ਇਸ ਗ੍ਰੰਥ ਵਿਚ ਬਾਬਾ ਫ਼ਰੀਦ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਤਕ ਪੰਜ ਸਦੀਆਂ ਦੇ ਗਿਆਨ ਦਾ ਸੰਗਮ ਹੈ। ਸਮੁੱਚੀ ਬਾਣੀ ਨੂੰ 'ਗੁਰੂ' ਦਾ ਦਰਜਾ ਪ੍ਰਾਪਤ ਹੈ। ਇਸ ਗ੍ਰੰਥ ਦੀ ਮੂਲ ਭਾਵਨਾ ਮਨੁੱਖਤਾ ਨੂੰ ਅਧਿਆਤਮਿਕ ਤੌਰ 'ਤੇ ਪ੍ਰਭੂ ਨਾਲ ਜੋੜਨਾ ਹੈ ਪਰ ਨਾਲ ਹੀ ਇਹ ਗ੍ਰੰਥ ਅੰਤਰ-ਧਰਮ ਸੰਵਾਦ ਦੀ ਭਾਵਨਾ ਦਾ ਪ੍ਰਮੁੱਖ ਤੌਰ 'ਤੇ ਪ੍ਰਗਟਾਵਾ ਕਰਦਾ ਹੈ।

ਜਿਸ ਵਿਅਕਤੀ ਦੀ ਮਾਤ-ਭਾਸ਼ਾ ਗੁਰਮੁਖੀ ਨਹੀਂ ਉਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੂਲ ਭਾਵਨਾ ਤਕ ਪਹੁੰਚਣਾ ਮੁਸ਼ਕਲ ਹੈ ਅਤੇ ਜੋ ਵਿਅਕਤੀ ਗੁਰਮੁਖੀ ਜਾਣਦੇ ਹਨ, ਜ਼ਰੂਰੀ ਨਹੀਂ ਕਿ ਉਹ ਆਪਣੀ ਗੱਲ ਦੂਜਿਆਂ ਤਕ ਪਹੁੰਚਾ ਸਕਣ। ਅਨੁਵਾਦ ਕਾਰਜ ਕਰਨ ਵਾਲੇ ਵਿਦਵਾਨ ਇਸ ਘਾਟ ਨੂੰ ਪੂਰਾ ਕਰਨ ਦਾ ਯਤਨ ਕਰਦੇ ਹਨ ਅਤੇ ਦੋਵੇਂ ਤਰਾਂ ਦੇ ਵਿਅਕਤੀਆਂ ਵਿਚਕਾਰ ਪੁਲ ਦਾ ਕੰਮ ਕਰਦੇ ਹਨ। ਜ਼ਰੂਰੀ ਹੈ ਕਿ ਅਨੁਵਾਦ ਕਰਨ ਵਾਲਾ ਵਿਦਵਾਨ ਗ੍ਰੰਥ ਦੀ ਮੂਲ ਭਾਸ਼ਾ ਦੇ ਨਾਲ-ਨਾਲ ਉਸ ਭਾਸ਼ਾ ਦਾ ਵੀ ਮਾਹਰ ਹੋਵੇ ਜਿਸ ਭਾਸ਼ਾ ਵਿਚ ਅਨੁਵਾਦ ਕੀਤਾ ਜਾਣਾ ਹੈ ਤਾਂ ਹੀ ਇਸ ਧਰਮ-ਗ੍ਰੰਥ ਦੀ ਮੂਲ ਭਾਵਨਾ ਲੋਕਾਂ ਤਕ ਪਹੁੰਚਾਉਣ ਦੇ ਸਮਰੱਥ ਹੋ ਸਕਦਾ ਹੈ। ਅਨੁਵਾਦ ਕਰਨ ਸਮੇਂ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ, "ਅਨੁਵਾਦਿਤ ਸਾਹਿਤ ਕੋਸ਼ ਗਤ ਆਧਾਰਿਤ ਨਹੀਂ ਹੋਣੇ ਚਾਹੀਦੇ ਸਗੋਂ ਅਨੁਵਾਦਕ ਦਾ ਸਿੱਧਾ ਸੰਬੰਧ ਮੂਲ ਰਚਨਾ ਦੀ ਆਤਮਾ ਨੂੰ ਸਨਮੁਖ ਰੱਖ ਕੇ ਲੋਕ-ਭਾਸ਼ਾ ਤੇ ਉਕਤੀ ਦੁਆਰਾ ਸਹਿਜ ਰੂਪ ਵਿਚ ਹੋਣਾ ਚਾਹੀਦਾ ਹੈ। ਭਾਵੇਂ ਸ਼ਾਬਦਿਕ ਅਨੁਵਾਦ ਨਾਲੋਂ ਭਾਵ-ਅਨੁਵਾਦ ਹੀ ਕਿਉਂ ਨਾ ਹੋਣ। ਅਨੁਵਾਦ ਵਿਚ ਮੌਲਿਕ ਰਚਨਾ ਵਾਲੀ ਸੁਗੰਧੀ ਹੋਣੀ ਜ਼ਰੂਰੀ ਹੈ।"[੩੩]

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਲਈ ਅਨੇਕਾਂ ਯਤਨ ਹੋਏ ਹਨ। ਸਭ ਤੋਂ ਪਹਿਲਾ ਯਤਨ ਤਾਂ ਗੁਰੂ ਸਾਹਿਬ ਨੇ ਆਪ ਕੀਤਾ। ਉਨ੍ਹਾਂ ਦੀ ਬਾਣੀ ਦੇ ਹਵਾਲੇ ਭਗਤਾਂ ਦੀ ਬਾਣੀ ਵਿਚ ਮਿਲਦੇ ਹਨ ਜੋ ਕਿ ਕਿਸੇ ਵਿਸ਼ੇਸ਼ ਭਾਵ ਨੂੰ ਹੋਰ ਵਧੇਰੇ ਖੋਲ੍ਹ ਕੇ ਸਮਝਾਉਣ ਦਾ ਯਤਨ ਕਰਦੇ ਹਨ। ਗੁਰੂ ਸਾਹਿਬਾਨ ਦੇ ਸਮੇਂ ਭਾਈ ਗੁਰਦਾਸ ਜੀ ਨੇ ਵਾਰਾਂ ਦੀ ਰਚਨਾ ਕਰ ਕੇ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਕੀਤੀ ਹੈ। ਸ਼ਰਧਾਲੂ ਅਤੇ ਵਿਦਵਾਨ ਸਿੱਖਾਂ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਰਥ ਅਤੇ ਟੀਕੇ ਤਿਆਰ ਕੀਤੇ ਗਏ। ਇਨ੍ਹਾਂ ਦਾ ਉਦੇਸ਼ ਇਸ ਗ੍ਰੰਥ ਦੀ ਭਾਵਨਾ ਨੂੰ ਲੋਕਾਂ ਤਕ ਪਹੁੰਚਾਉਣਾ ਸੀ। ਗੁਰਮੁਖੀ ਭਾਸ਼ਾ ਵਿਚ ਹੋਏ ਇਹ ਸਮੂਹ ਯਤਨ ਸ਼ਲਾਘਾਯੋਗ ਹਨ ਪਰ ਇਨ੍ਹਾਂ ਦਾ ਦਾਇਰਾ ਸੀਮਿਤ ਸੀ। ਗੁਰਮੁਖੀ ਨਾ ਜਾਣਨ ਵਾਲੇ ਲੋਕਾਂ ਤੱਕ ਇਸ ਮਹਾਨ

ਗ੍ਰੰਥ ਦਾ ਸੰਦੇਸ਼ ਪਹੁੰਚਣਾ ਸੰਭਵ ਨਹੀਂ ਸੀ ਅਤੇ ਸੀਮਿਤ ਦਾਇਰੇ ਵਿਚ ਹੀ ਲੋਕ ਇਸ ਦਾ ਗਿਆਨ ਹਾਸਲ ਕਰ ਸਕਦੇ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕਾਰਜ ਕਦੋਂ ਅਰੰਭ ਹੋਇਆ ਇਸ ਬਾਰੇ ਕਹਿਣਾ ਮੁਸ਼ਕਲ ਹੈ ਕਿਉਂਕਿ ਗੁਰੂ ਸਾਹਿਬਾਨ ਦੀਆਂ ਚੋਣਵੀਆਂ ਬਾਣੀਆਂ ਦੇ ਟੀਕੇ ਅਤੇ ਅਨੁਵਾਦ ਉਨ੍ਹਾਂ ਦੇ ਸਮੇਂ ਹੀ ਅਰੰਭ ਹੋ ਗਏ ਸਨ। ਅਜਿਹੇ ਹਵਾਲੇ ਵੀ ਮਿਲਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਅਨੁਵਾਦ ਸਭ ਤੋਂ ਪਹਿਲਾਂ ਬਾਬਾ ਦੀਪ ਸਿੰਘ ਜੀ ਨੇ ਕੀਤਾ। ਬਾਬਾ ਜੀ ਗੁਰਮਤਿ ਵਿੱਦਿਆ ਵਿਚ ਪ੍ਰਬੀਨ ਸਨ ਅਤੇ ਉਨ੍ਹਾਂ ਇਹ ਸਿੱਖਿਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਗ੍ਰਹਿਣ ਕੀਤੀ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਉਤਾਰੇ ਉਨ੍ਹਾਂ ਦੀ ਰਹਿਨੁਮਾਈ ਵਿਚ ਸੰਪੂਰਨ ਕੀਤੇ ਸਨ। ਨਾਂਦੇੜ ਜਾਣ ਤੋਂ ਪਹਿਲਾਂ ਗੁਰੂ ਸਾਹਿਬ ਉਸ ਨੂੰ ਦਮਦਮਾ ਸਹਿਬ ਦੀ ਸੇਵਾ ਸੌਂਪ ਚੁੱਕੇ ਸਨ। ਬਾਬਾ ਜੀ ਕੁਝ ਸਮੇਂ ਲਈ ਆਪਣੀ ਮਾਤਾ ਜੀ ਨੂੰ ਮਿਲਣ ਪਿੰਡ ਚਲੇ ਗਏ ਅਤੇ ਤਿੰਨ-ਚਾਰ ਸਾਲ ਉੱਥੇ ਹੀ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਨੇ "ਹਿੰਦੀ, ਮਰਹਿਟੀ, ਉਰਦੂ, ਫ਼ਾਰਸੀ ਅਤੇ ਅਰਬੀ (ਪੰਜਾਂ) ਬੋਲੀਆਂ ਵਿਚ ਅਨੁਵਾਦ ਕੀਤਾ।" ਬਾਬਾ ਜੀ ਦੁਆਰਾ ਕੀਤੇ ਇਨ੍ਹਾਂ ਅਨੁਵਾਦਾਂ ਦੀ ਪ੍ਰੋੜਤਾ ਕਰਦੇ ਹੋਏ ਲੇਖਕ ਅੱਗੇ ਦੱਸਦਾ ਹੈ ਕਿ, "ਗੁਰਮਾਂ (ਪਿੰਡ) ਵਾਲੇ ਈਸ਼ਰ ਸਿੰਘ ਜੀ ਜੋ ੨੮ ਬਰਸ ਅਮਰੀਕਾ ਵਿਚ ਰਹੇ ਅਤੇ ਬਰਕਲੇ ਯੂਨੀਵਰਸਿਟੀ, ਕੈਲੈਫੋਰਨੀਆ ਦੇ M.Sc. ਹਨ, ਇਉਂ ਆਖਦੇ ਹਨ, ਅਰਬ-ਬਗਦਾਦ ਦੇ ਨਾਨਕ ਪੰਥੀ ਦੋ ਵਿਦਿਆਰਥੀ ਭਗਤ ਤੇ ਜਗਤ ਨਾਮੇਂ ਮੇਰੇ ਨਾਲ ਪੜ੍ਹਦੇ ਸਨ, ਉਨ੍ਹਾਂ ਨੇ ਉਸ ਯੂਨੀਵਰਸਿਟੀ ਦੇ ਪੁਸਤਕਾਲਯ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਅਨੁਵਾਦ ਅਰਬੀ ਵਿਚ ਬਾਬਾ ਦੀਪ ਸਿੰਘ ਕ੍ਰਿਤ ਲਿਆਂਦਾ ਹੋਇਆ ਸੀ। ਮੈਂ ਉਸ ਵੇਲੇ ਉਨ੍ਹਾਂ ਕੋਲੋਂ ਵੇਖਿਆ ਹੈ। ਹਿੰਦੀ ਅਨੁਵਾਦ ਬਾਬਤ ਏਸ਼ਿਆਟਿਕ ਸੋਸਾਇਟੀ ਨੇ ੧੮੮੧ ਈਸਵੀ ਦੇ ਆਪਣੇ ਮਾਸਕ ਪਤ੍ਰ 'ਗਾਰਸੀਆ' ਵਿਚ ਲਿਖਿਆ ਹੈ, ਜਿਸ ਦੀ ਲਿਖਤੀ ਨਕਲ ਦਾ ਪਤਾ ਉਨ੍ਹਾਂ ਨੇ ਪੈਰਿਸ ਦੇ Griental Deptt. ਦੇ ਦਫ਼ਤਰ ਦਾ ਦਿੱਤਾ ਹੈ। ਮਰਹਿਟੀ ਅਨੁਵਾਦ ਦਾ ਹਵਾਲਾ ਪੂਨਾ ਲਾਇਬਰੇਰੀ ਅਤੇ ਮੈਕਾਲਫ ਦੇ ਲੇਖ ਤੋਂ ਮਿਲਦਾ ਹੈ। ਉਰਦੂ ਅਨੁਵਾਦ ਮੁਹੰਮਦ ਰਮਜ਼ਾਨ ਵਕੀਲ ਲੁਧਿਆਣਾ ਦੇ ਕੋਲ ਆਪ ਅੱਖੀਂ ਵੇਖਿਆ ਹੈ। ਫ਼ਾਰਸੀ ਅਨੁਵਾਦ ਦਾ ਪਤਾ ਕਾਬਲ ਦੀ ਸ਼ਾਹੀ ਲਾਇਬਰੇਰੀ ਵਿੱਚੋਂ ੧੮੩੯ ਈ: ਵਿਚ ਲੱਗਾ। ਜਦੋਂ ਕਾਬਲ 'ਤੇ ਚੜ੍ਹਾਈ ਹੋਈ; ਅਤੇ ਕਮਾਂਡਾਰ ਇਨ ਚੀਫ਼ ਸੇਲ (Sail) ਨੇ ਉਸ ਦੀ ਸੂਚੀ ਬਣਾਈ।"[੩੪] ਇਸ ਧਰਮ-ਗ੍ਰੰਥ ਦੇ ਸੰਦੇਸ਼ ਨੂੰ ਵਿਸ਼ਾਲ ਘੇਰੇ ਤਕ ਪਹੁੰਚਾਉਣ ਲਈ ਵਿਦਵਾਨਾਂ ਨੇ ਇਸ ਦਾ ਵੱਖ-ਵੱਖ ਭਾਸ਼ਾਵਾਂ ਵਿਚ ਅਨੁਵਾਦ ਕੀਤਾ। ਅੰਗਰੇਜ਼ੀ, ਹਿੰਦੀ, ਫਰੈਂਚ, ਜਰਮਨ ਆਦਿ ਭਾਸ਼ਾਵਾਂ ਵਿਚ ਮੁਕੰਮਲ ਅਨੁਵਾਦ ਸਾਹਮਣੇ ਆਏ ਹਨ, ਚੋਣਵੀਆਂ ਬਾਣੀਆਂ ਦੇ ਅਨੁਵਾਦ ਦਾ ਘੇਰਾ ਇਨ੍ਹਾਂ ਤੋਂ ਵਿਸ਼ਾਲ ਹੈ। ਅਨੁਵਾਦ ਕੀਤੇ ਗਏ ਉਪਲਬਧ ਗ੍ਰੰਥਾਂ ਬਾਰੇ ਇੱਥੇ ਸੰਖੇਪ ਰੂਪ ਵਿਚ ਜਾਣਕਾਰੀ ਹਾਸਲ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ।

## ਟਰੰਪ

ਟਰੰਪ ਜਰਮਨ ਦੇਸ਼ ਦਾ ਜੰਮਪਲ ਸੀ। ੧੩ ਮਾਰਚ ੧੮੨੮ ਵਿਚ ਇਸ ਦਾ ਜਨਮ ਜਾਰਜ ਟਰੰਪ ਦੇ ਘਰ ਹੋਇਆ। ਇਸ ਦੀ ਰੁਚੀ ਭਾਸ਼ਾਵਾਂ ਦੇ ਗਿਆਨ ਵਿਚ ਸੀ। ਇਸ ਦੀ ਇਹ ਇੱਛਾ ਈਸਟ ਇੰਡੀਆ ਹਾਊਸ ਲੰਡਨ ਵਿਖੇ ਆ ਕੇ ਪੂਰੀ ਹੋਈ। ਇੱਥੇ ਇਹ ਸਹਾਇਕ ਲਾਇਬ੍ਰੇਰੀਅਨ ਵਜੋਂ ਕੰਮ ਕਰ ਰਿਹਾ ਸੀ ਕਿ ੧੮੫੪ ਈਸਵੀ ਵਿਚ ਈਸਾਈ ਮਿਸ਼ਨਰੀਆਂ ਲਈ ਭਾਸ਼ਾਵਾਂ ਦੀ ਵਿਆਕਰਣ ਅਤੇ ਕੋਸ਼ ਤਿਆਰ ਕਰਨ ਲਈ ਕਰਾਚੀ ਆ ਗਿਆ। ਭਾਸ਼ਾਵਾਂ ਦੀ ਸਮਝ ਲਈ ਸਖਤ ਮਿਹਨਤ ਕੀਤੀ ਅਤੇ ਛੇਤੀ ਹੀ ਸਿੰਧੀ ਅਤੇ ਪਸ਼ਤੋ ਦਾ ਗਹਿਨ ਅਧਿਐਨ ਕਰ ਕੇ ਇਨ੍ਹਾਂ ਭਾਸ਼ਾਵਾਂ ਦੀ ਡੂੰਘੀ ਜਾਣਕਾਰੀ ਜਾਣਕਾਰੀ ਹਾਸਲ ਕੀਤੀ।

ਇੰਡੀਆ ਆਫਿਸ ਨੇ ੧੮੬੯ ਈਸਵੀ ਵਿਚ ਇਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਦਾ ਕਾਰਜ ਸੌਂਪਿਆ। ਇਸ ਨੇ ਇਸ ਗ੍ਰੰਥ ਦੀ ਭਾਸ਼ਾ ਅਤੇ ਸਭਿਆਚਾਰ ਦਾ ਗਿਆਨ ਹਾਸਲ ਕਰਨ ਲਈ ਪੰਜਾਬ ਆਉਣਾ ਬਿਹਤਰ ਸਮਝਿਆ। ਗੁਰਦੁਆਰਿਆਂ ਦੇ ਗ੍ਰੰਥੀ ਸਾਹਿਬਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਸਮਝਣ ਦਾ ਯਤਨ ਕੀਤਾ, ਪਰ ਸੰਤੁਸ਼ਟੀ ਨਾ ਮਿਲੀ। ਸਿੱਖਾਂ ਵਿਚ ਗੁਰੂ ਸਾਹਿਬਾਨ ਦੇ ਸਮੇਂ ਵਾਲੇ ਗਿਆਨ ਦੀ ਘਾਟ ਦਾ ਕਾਰਨ ਉਹ ਇਨ੍ਹਾਂ ਦੀ ਜੰਗਜੂ ਬਿਰਤੀ ਅਤੇ ਸਮੇਂ ਦੇ ਹਾਲਾਤ ਨੂੰ ਮੰਨਦਾ ਹੈ। ਇਹ ਗ੍ਰੰਥੀ ਸਾਹਿਬਾਨ ਦੀ ਸਹਾਇਤਾ ਨਾਲ ਕੀਤੇ ਅਧਿਐਨ ਵਜੋਂ ਵਿਆਕਰਣ ਅਤੇ ਕੋਸ਼ ਦੇ ਰੂਪ ਵਿਚ ਆਪਣੀ ਖੋਜ ਸਹਾਇਕ ਸਮੱਗਰੀ ਤਿਆਰ ਕਰਨ ਲਈ ੧੮੭੨ ਈਸਵੀ ਵਿਚ ਜਰਮਨ ਵਾਪਸ ਪਰਤ ਗਿਆ। ਉੱਥੇ ਜਾ ਕੇ ਇਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਾਰਜ ਕੀਤਾ ਪਰ ਇਹ ਇਸ ਨੂੰ ਸੰਪੂਰਨ ਨਾ ਕਰ ਸਕਿਆ। ਇਸ ਨੇ ਅਨੁਵਾਦ ਕੀਤੇ ਧਰਮ ਗ੍ਰੰਥ ਨੂੰ 'ਆਦਿ ਗ੍ਰੰਥ' ਸਿਰਲੇਖ ਹੇਠ ਪ੍ਰਕਾਸ਼ਿਤ ਕਰਵਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਕਾਰਜ ਤੋਂ ਪਹਿਲਾਂ ਇਸ ਨੇ ਪੰਜ ਅਧਿਆਇਆਂ ਵਿਚ ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖ ਪਰੰਪਰਾਵਾਂ ਦਾ ਵਿਖਿਆਨ ਕੀਤਾ ਹੈ। ਪਹਿਲੇ ਅਧਿਆਇ ਦਾ ਸਿਰਲੇਖ The Life of Baba Nanak ਹੈ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਸਾਖੀਆਂ ਹਨ। ਦੂਜਾ ਭਾਗ Sketch of the Life of other Sikh Gurus ਹੈ ਜਿਸ ਵਿਚ ਦੂਜੇ ਗੁਰੂ, ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਗੁਰ-ਇਤਿਹਾਸ ਦਾ ਵਰਣਨ ਹੈ। ਤੀਜੇ ਭਾਗ Sketch of the Religion of the Sikhs ਵਿਚ ਸਿੱਖ ਧਰਮ ਦੇ ਮੂਲ ਸਿਧਾਂਤਾਂ ਦਾ ਵਰਣਨ ਹੈ। ਚੌਥਾ ਭਾਗ On the Compositions of the Granth ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਰਚਨਾਵਾਂ ਬਾਰੇ ਸੰਖੇਪ ਜਾਣਕਾਰੀ ਪ੍ਰਦਾਨ ਕਰਦਾ ਹੈ। ਪੰਜਵਾਂ ਅਧਿਆਇ On the Language and the Meters used

in Granth ਵਿਸ਼ੇ ਨਾਲ ਸੰਬੰਧਿਤ ਹੈ ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੀ ਭਾਸ਼ਾ ਅਤੇ ਛੰਦਾਂ ਦਾ ਜ਼ਿਕਰ ਹੈ। ਇਸ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਹੈ ਜਿਸ ਵਿਚ ਜਪੁਜੀ, ਸੋਦਰ, ਸ੍ਰੀ ਰਾਗ, ਮਾਝ, ਗਉੜੀ, ਆਸਾ, ਭਗਤਾਂ ਦੀ ਬਾਣੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦਾ ਅਨੁਵਾਦ ਹੈ। ਅੰਤਿਕਾ ਵਿਚ 'ਜਪੁ' ਬਾਣੀ ਦਾ ਮੂਲ ਪਾਠ ਦਿੱਤਾ ਹੋਇਆ ਹੈ।

ਟਰੰਪ ਦੇ ਅਨੁਵਾਦ ਕਾਰਜ ਵਿਚ ਨਿਰਪੱਖਤਾ ਦੀ ਘਾਟ ਹੈ ਜਿਸ ਕਾਰਨ ਇਹ ਸਿੱਖਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਿਚ ਸਫਲ ਨਹੀਂ ਹੋ ਸਕਿਆ।

**ਮੈਕਾਲਿਫ਼ (੧੮੪੧-੧੯੧੩)**

ਮੈਕਾਲਿਫ਼ ਦਾ ਜਨਮ ੧੦ ਸਤੰਬਰ ੧੮੪੧ ਈਸਵੀ ਨੂੰ ਆਇਰਲੈਂਡ ਵਿਖੇ ਹੋਇਆ। ੧੮੬੨ ਈਸਵੀ ਵਿਚ ਇਸ ਨੇ ਭਾਰਤੀ ਸਿਵਲ ਸਰਵਿਸ ਵਿਚ ਨੌਕਰੀ ਦੀ ਸ਼ੁਰੂਆਤ ਕੀਤੀ ਅਤੇ ੧੮੬੪ ਵਿਚ ਇਸ ਦੀ ਬਦਲੀ ਪੰਜਾਬ ਵਿਖੇ ਹੋ ਗਈ। ਭਾਰਤ ਸਰਕਾਰ ਦੀ ਨੌਕਰੀ ਕਰਦੇ ਸਮੇਂ ਇਸ ਨੇ ਪੰਜਾਬ ਦੇ ਅਧਿਆਤਮਿਕ ਅਤੇ ਸਮਾਜਿਕ ਸਭਿਆਚਾਰ ਬਾਰੇ ਭਰਪੂਰ ਜਾਣਕਾਰੀ ਹਾਸਲ ਕੀਤੀ। ੧੮੮੦ ਈਸਵੀ ਵਿਚ ਅੰਮ੍ਰਿਤਸਰ ਦੀ ਦੀਵਾਲੀ ਦੇਖਣ ਸਮੇਂ ਪ੍ਰੋਫੈਸਰ ਗੁਰਮੁਖ ਸਿੰਘ ਦੇ ਸੰਪਰਕ ਵਿਚ ਆਇਆ। ਸਿੱਖੀ ਪਰੰਪਰਾਵਾਂ ਤੋਂ ਅਜਿਹਾ ਪ੍ਰਭਾਵਤ ਹੋਇਆ ਕਿ ਗੁਰਬਾਣੀ ਪੜ੍ਹਨ ਦੀ ਰੁਚੀ ਪੈਦਾ ਹੋ ਗਈ। 'ਕਲਕੱਤਾ ਰਿਵੀਊ' ਵਿਚ ਛਪੇ ਤਿੰਨ ਲੇਖ ਇਸ ਦੀ ਸਿੱਖ ਧਰਮ ਪ੍ਰਤੀ ਰੁਚੀ ਦਾ ਪ੍ਰਗਟਾਵਾ ਕਰਦੇ ਹਨ। ਇਸੇ ਰੁਚੀ ਕਾਰਨ ਸਿੱਖ ਧਰਮ ਦੇ ਇਕ ਉੱਘੇ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨਾਲ ਮੇਲ ਹੋਇਆ ਜਿਸ ਨਾਲ ਸਿੱਖੀ ਪ੍ਰਤੀ ਜਾਣਕਾਰੀ ਸਪਸ਼ਟਤਾ ਸਹਿਤ ਹਾਸਲ ਹੋਣ ਲੱਗੀ। ਇਨ੍ਹਾਂ ਦਾ ਆਪਸੀ ਪਿਆਰ ਅਤੇ ਸਤਿਕਾਰ ਏਨਾ ਵਧ ਗਿਆ ਕਿ ਜਦੋਂ ਭਾਈ ਸਾਹਿਬ ਲੰਡਨ ਜਾਂਦੇ ਤਾਂ ਮੈਕਾਲਿਫ਼ ਕੋਲ ਠਹਿਰਦੇ। ਮੈਕਾਲਿਫ਼ ਨੂੰ ਸਿੱਖ ਧਰਮ ਦੇ ਅਧਿਐਨ ਲਈ ਭਾਈ ਸਾਹਿਬ ਦੀ ਕਾਫੀ ਸਹਾਇਤਾ ਪ੍ਰਾਪਤ ਹੋਈ।

ਮੈਕਾਲਿਫ਼ ਦੀ ਸਿੱਖ ਸਾਹਿਤ ਦੇ ਅਧਿਐਨ ਵਿਚ ਰੁਚੀ ਏਨੀ ਵਧ ਗਈ ਕਿ ੧੮੯੩ ਈਸਵੀ ਵਿਚ ਇਸ ਨੇ ਨੌਕਰੀ ਤੋਂ ਅਸਤੀਫਾ ਦੇ ਕੇ ਆਪਣਾ ਬਾਕੀ ਜੀਵਨ ਸਿੱਖੀ ਅਧਿਐਨ ਨੂੰ ਸਮਰਪਿਤ ਕਰ ਦਿੱਤਾ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕਾਰਜ ਅਰੰਭਿਆ ਤਾਂ ਇਸ ਗੱਲ ਨੂੰ ਧਿਆਨ ਵਿਚ ਰੱਖਿਆ ਕਿ ਟਰੰਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਜੋ ਅੰਗਰੇਜ਼ੀ ਅਨੁਵਾਦ ਕੀਤਾ ਸੀ ਸਿੱਖ ਉਸ ਤੋਂ ਖੁਸ਼ ਨਹੀਂ ਸਨ।[੩੫] ਮੈਕਾਲਿਫ਼ ਸਿੱਖੀ ਭਾਵਨਾਵਾਂ ਅਨੁਸਾਰ ਇਹ ਕਾਰਜ ਕਰਨਾ ਚਾਹੁੰਦਾ ਸੀ ਇਸ ਲਈ ਉਸ ਨੇ ਇਸ ਕਾਰਜ ਲਈ ਪ੍ਰਮੁੱਖ ਸਿੱਖ ਵਿਦਵਾਨਾਂ ਦੀ ਸਹਾਇਤਾ ਹਾਸਲ ਕੀਤੀ। ਭਾਈ ਕਾਨ੍ਹ ਸਿੰਘ ਨਾਭਾ ਤੋਂ ਇਲਾਵਾ ਇਸ ਨੇ ਗਿਆਨੀ ਦਿੱਤ ਸਿੰਘ, ਗਿਆਨੀ ਗੁਰਮੁਖ ਸਿੰਘ, ਗਿਆਨੀ ਸਰਦੂਲ ਸਿੰਘ, ਭਾਈ ਸੰਤ ਸਿੰਘ, ਸ. ਫ਼ਤਹਿ

ਸਿੰਘ, ਸ. ਦਰਬਾਰਾ ਸਿੰਘ ਆਦਿ ਵਿਦਵਾਨਾਂ ਦੀ ਸਹਾਇਤਾ ਨਾਲ ੧੯੦੯ ਈਸਵੀ ਵਿਚ The Sikh Religion: Its Sacred Writings and Authors ਸਿਰਲੇਖ ਹੇਠ ਇਕ ਪੁਸਤਕ ਤਿਆਰ ਕੀਤੀ। ਆਕਸਫੋਰਡ ਯੂਨੀਵਰਸਿਟੀ ਦੁਆਰਾ ਛੇ ਭਾਗਾਂ ਵਿਚ ਛਪੀ ਇਹ ਪੁਸਤਕ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਸਿੱਖ ਗੁਰੂ ਸਾਹਿਬਾਨ ਅਤੇ ਭਗਤਾਂ ਦੇ ਜੀਵਨ ਬਾਰੇ ਰੌਚਿਕ ਅਤੇ ਖੋਜ ਭਰਪੂਰ ਜਾਣਕਾਰੀ ਪ੍ਰਦਾਨ ਕਰਨ ਵਾਲੀ ਇਸ ਪੁਸਤਕ ਵਿਚ ਗੁਰੂ ਸਾਹਿਬਾਨ ਦੀ ਬਾਣੀ ਦਾ ਅਨੁਵਾਦ ਵੀ ਕੀਤਾ ਗਿਆ ਹੈ। ਮੈਕਾਲਿਫ਼ ਨੇ ਅੰਗਰੇਜ਼ੀ ਭਾਸ਼ਾ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਵਾਲਿਆਂ ਲਈ ਇਕ ਮਹੱਤਵਪੂਰਨ ਰਚਨਾ ਤਿਆਰ ਕੀਤੀ ਹੈ। ਉਹ ਗੁਰੂ ਸਾਹਿਬਾਨ ਦੀ ਬਾਣੀ ਨੂੰ ਪੂਰਨ ਸਤਿਕਾਰ ਅਤੇ ਸ਼ਰਧਾ ਨਾਲ ਵੇਖਦਾ ਅਤੇ ਪੜ੍ਹਦਾ ਸੀ। ਆਪਣੇ ਚਲਾਣੇ ਤੋਂ ੧੦ ਮਿੰਟ ਪਹਿਲਾਂ ਹੀ ਉਸ ਨੇ 'ਜਪੁਜੀ ਸਾਹਿਬ' ਬਾਣੀ ਦਾ ਪਾਠ ਕੀਤਾ ਸੀ।

### ਪ੍ਰੋ. ਗੁਰਬਚਨ ਸਿੰਘ ਤਾਲਿਬ (੧੯੧੧-੧੯੯੬)

ਪ੍ਰੋ. ਗੁਰਬਚਨ ਸਿੰਘ ਤਾਲਿਬ ਦਾ ਜਨਮ ਸ. ਕਰਤਾਰ ਸਿੰਘ ਅਤੇ ਮਾਤਾ ਜੈ ਕੌਰ ਦੇ ਗ੍ਰਹਿ ਵਿਖੇ ੧੯੧੧ ਈਸਵੀ ਵਿਚ ਮੂਣਕ ਵਿਖੇ ਹੋਇਆ। ਇਨ੍ਹਾਂ ਨੇ ਆਪਣੇ ਜੀਵਨ ਦੌਰਾਨ ਮਹੱਤਵਪੂਰਨ ਪ੍ਰਬੰਧਕ ਅਤੇ ਅਕਾਦਮਿਕ ਜ਼ਿੰਮੇਵਾਰੀਆਂ ਨਿਭਾਈਆਂ। ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਅਤੇ ਖ਼ਾਲਸਾ ਕਾਲਜ ਮੁੰਬਈ ਵਿਖੇ ਪ੍ਰਿੰਸੀਪਲ ਵਜੋਂ ਸੇਵਾ ਨਿਭਾਈ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਗੁਰੂ ਨਾਨਕ ਚੇਅਰ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਰਿਲੀਜਨ ਅਤੇ ਫਿਲਾਸਫੀ ਵਿਭਾਗ ਵਿਖੇ ਕਾਰਜ ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਖੇ ਕੰਮ ਕਰਦੇ ਰਹੇ ਅਤੇ ਇਸੇ ਵਿਭਾਗ ਤੋਂ ਸੇਵਾ-ਮੁਕਤ ਹੋਏ। ੧੯੮੫ ਈਸਵੀ ਵਿਚ ਉਨ੍ਹਾਂ ਨੂੰ ਭਾਰਤ ਸਰਕਾਰ ਨੇ ਪਦਮ ਭੂਸ਼ਨ ਐਵਾਰਡ ਨਾਲ ਸਨਮਾਨਿਤ ਕੀਤਾ। ਧਰਮ ਅਤੇ ਦਰਸ਼ਨ ਵਿਸ਼ੇ ਨਾਲ ਸੰਬੰਧਿਤ ਪੁਸਤਕਾਂ ਤੋਂ ਇਲਾਵਾ ਇਸੇ ਵਿਸ਼ੇ ਨਾਲ ਸੰਬੰਧਿਤ ਖੋਜ ਭਰਪੂਰ ਪੇਪਰ ਲਿਖੇ। ਇਨ੍ਹਾਂ ਦੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗਰੇਜ਼ੀ ਅਨੁਵਾਦ ਮੰਨਿਆ ਜਾਂਦਾ ਹੈ।

ਪ੍ਰੋ. ਗੁਰਬਚਨ ਸਿੰਘ ਤਾਲਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨੁਵਾਦ ਕਾਰਜ ੧੯੭੬ ਈਸਵੀ ਵਿਚ ਅਰੰਭ ਕੀਤਾ। ਇਹ ਅਨੁਵਾਦ ਚਾਰ ਭਾਗਾਂ ਵਿਚ ਛਪਿਆ ਹੋਇਆ ਹੈ ਅਤੇ ਇਸ ਦੇ ਹਰ ਇਕ ਭਾਗ ਦੇ ਪੰਨੇ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਅਨੁਸਾਰ ਰੱਖੇ ਗਏ ਹਨ। ਜਿੱਥੇ ਜਿਸ ਪੰਨੇ ਦਾ ਅਨੁਵਾਦ ਅਰੰਭ ਹੁੰਦਾ ਹੈ ਉੱਥੇ ਉਸ ਪੰਨੇ ਦਾ ਅੰਕ ਦਿੱਤਾ ਗਿਆ ਹੈ। ੧੯੮੪ ਈਸਵੀ ਵਿਚ ਪਹਿਲੇ ਭਾਗ ਦਾ ਅਨੁਵਾਦ ਛਪ ਚੁੱਕਾ ਸੀ ਜਿਸ ਵਿਚ ਇਸ ਧਰਮ ਗ੍ਰੰਥ ਦੀ ਵਿਸਤ੍ਰਿਤ

ਭੂਮਿਕਾ ਦਿੱਤੀ ਹੋਈ ਹੈ। ਭੂਮਿਕਾ ਦਾ ਇਹ ਭਾਗ ਇੰਨਾ ਮਹੱਤਵਪੂਰਨ ਹੈ ਕਿ ਪੰਜਾਬੀ ਯੂਨੀਵਰਸਿਟੀ ਨੇ ਇਸ ਨੂੰ An Introduction to Sri Guru Granth Sahib ਸਿਰਲੇਖ ਹੇਠ ਵੱਖਰੇ ਤੌਰ 'ਤੇ ਵੀ ਪ੍ਰਕਾਸ਼ਿਤ ਕੀਤਾ ਹੈ। ਭੂਮਿਕਾ ਵਿਚ ਸ੍ਰੀ ਗੁਰੂ ਗ੍ਰੰਥ ਜੀ ਦੀ ਸੰਪਾਦਨਾ, ਗ੍ਰੰਥ ਦੀ ਭਾਸ਼ਾ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਕਰਮ ਅਤੇ ਨਦਰਿ, ਭਗਤੀ, ਰਹੱਸਵਾਦ, ਸਹਿਜ, ਨਾਮ, ਗ੍ਰਿਹਸਤ, ਸਮਾਜਿਕ ਚੇਤਨਾ, ਮੁਕਤੀ ਆਦਿ ਵਿਸ਼ਿਆਂ 'ਤੇ ਖੋਜ ਭਰਪੂਰ ਵੀਚਾਰ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਉਣ ਵਾਲੀਆਂ ਮਹੱਤਵਪੂਰਨ ਬਾਣੀਆਂ ਦੀ ਸੰਖੇਪ ਜਾਣ-ਪਛਾਣ ਉਸ ਬਾਣੀ ਦੇ ਅਰੰਭ ਵਿਚ ਦਿੱਤੀ ਗਈ ਹੈ ਤਾਂ ਕਿ ਪਾਠਕ ਬਾਣੀ ਦਾ ਅਧਿਐਨ ਕਰਨ ਤੋਂ ਪਹਿਲਾਂ ਇਸ ਦੀ ਭਾਵਨਾ ਤੋਂ ਜਾਣੂ ਹੋ ਸਕੇ।

## ਡਾ. ਗੋਪਾਲ ਸਿੰਘ (੧੯੧੭-੧੯੯੦)

ਡਾ. ਗੋਪਾਲ ਸਿੰਘ ਦਾ ਜਨਮ ੧੯੧੭ ਈਸਵੀ ਵਿਚ ਸ. ਆਤਮਾ ਸਿੰਘ ਅਤੇ ਮਾਤਾ ਨਾਨਕੀ ਦੇਈ ਦੇ ਘਰ ਹਜ਼ਾਰਾ ਜ਼ਿਲ੍ਹੇ ਦੇ ਪਿੰਡ ਸਰਾਏ ਨਿਆਮਤ ਖ਼ਾਨ ਵਿਖੇ ਹੋਇਆ। ਪੜ੍ਹਨ-ਲਿਖਣ ਦੀ ਰੁਚੀ ਕਾਰਨ ਪਹਿਲਾਂ ਅੰਗਰੇਜ਼ੀ ਦੀ ਐਮ. ਏ. ਅਤੇ ਫਿਰ ਪੀ-ਐਚ. ਡੀ ਦੀ ਡਿਗਰੀ ਹਾਸਲ ਕੀਤੀ। ਗਾਰਡਨ ਕਾਲਜ ਰਾਵਲਪਿੰਡੀ ਵਿਖੇ ਅਧਿਆਪਨ ਕਾਰਜ ਦਾ ਅਰੰਭ ਕੀਤਾ। ਸਾਹਿਤਕ ਰੁਚੀਆਂ ਕਾਰਨ ਵੱਖ-ਵੱਖ ਸਮਿਆਂ ਵਿਚ ਪੰਜ ਕਾਵਿ ਸੰਗ੍ਰਹਿ ਪਾਠਕਾਂ ਸਾਹਮਣੇ ਪੇਸ਼ ਕੀਤੇ। ਸਿੱਖ ਧਰਮ ਨਾਲ ਸੰਬੰਧਿਤ ਜੋ ਮਹੱਤਵਪੂਰਨ ਖੋਜ-ਕਾਰਜ ਕੀਤੇ ਉਨ੍ਹਾਂ ਵਿਚ A History of the Sikh People, The Religion of the Sikhs ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ ਪ੍ਰਮੁੱਖ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਗਰੇਜ਼ੀ ਅਨੁਵਾਦ ਇਸ ਲੜੀ ਵਿਚ ਸਰਵੋਤਮ ਰਚਨਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਰੇਜ਼ੀ ਅਨੁਵਾਦ ਦੀ ਪ੍ਰਸੰਸਾ ਉਸ ਸਮੇਂ ਦੀਆਂ ਭਾਰਤ ਦੀਆਂ ਪ੍ਰਸਿੱਧ ਹਸਤੀਆਂ ਪੂਰਵ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਅਤੇ ਪੂਰਵ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਨੇ ਕੀਤੀ। ਇੰਡੀਅਨ ਨੈਸ਼ਨਲ ਕਾਂਗਰਸ ਦੇ ਪੂਰਵ ਪ੍ਰਧਾਨ ਸ੍ਰੀ U.N. Dhebar ਨੇ ਇਸ ਦਾ ਮੁਖਬੰਦ ਅਤੇ ਪੰਜਾਬ ਸਰਕਾਰ ਦੇ ਸਾਬਕਾ ਗਵਰਨਰ ਸ੍ਰੀ N.V. Gadgil ਨੇ ਵਿਸਤ੍ਰਿਤ ਭੂਮਿਕਾ ਲਿਖੀ। ਅਨੁਵਾਦਕ ਨੇ ਇਸ ਅਨੁਵਾਦ ਕਾਰਜ ਵਿਚ ਸਭ ਤੋਂ ਪਹਿਲਾਂ ਉਸ ਸਮੇਂ ਦੀਆਂ ਲੱਗਭਗ ਅਠਾਰਾਂ ਪ੍ਰਸਿੱਧ ਹਸਤੀਆਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਬੰਧੀ ਵਿਚਾਰ ਪੇਸ਼ ਕੀਤੇ ਜਿਨ੍ਹਾਂ ਵਿਚ ਵਿਦਵਾਨ, ਸਾਹਿਤਕਾਰ, ਪੱਤਰਕਾਰ, ਧਾਰਮਿਕ ਸੰਪਰਦਾਵਾਂ ਦੇ ਮੁਖੀ ਅਤੇ ਰਾਜਨੀਤਿਕ ਹਸਤੀਆਂ ਸ਼ਾਮਲ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਤੇ ਵਿਚਾਰਧਾਰਾ ਨਾਲ ਸੰਬੰਧਿਤ ਵੱਖ-ਵੱਖ

ਅਧਿਆਇਆਂ ਵਿਚ ਵਿਚਾਰ ਪੇਸ਼ ਕੀਤੇ ਗਏ ਹਨ। ਇਕ ਅਧਿਆਇ ਵਿਚ ਗੁਰੂ ਸਾਹਿਬਾਨ ਦੀ ਸੰਖੇਪ ਜੀਵਨ-ਯਾਤਰਾ ਦਾ ਵਰਣਨ ਕੀਤਾ ਗਿਆ ਹੈ।

ਪਹਿਲੇ I-XLVIII ਪੰਨਿਆਂ ਵਿਚ ਗੁਰਬਾਣੀ ਅਤੇ ਗੁਰ-ਇਤਿਹਾਸ ਸੰਬੰਧੀ ਸੰਖੇਪ ਵਿਚਾਰ ਪੇਸ਼ ਕਰਨ ਉਪਰੰਤ ਅਨੁਵਾਦ ਕਾਰਜ ਅਰੰਭ ਕੀਤਾ ਗਿਆ ਹੈ। ਹਰ ਇਕ ਬਾਣੀ ਜਾਂ ਸ਼ਬਦ ਦੇ ਅਰੰਭ ਵਿਚ ਰਾਗ ਦਾ ਨਾਮ ਦਿੱਤਾ ਹੋਇਆ ਹੈ। ਜਿੱਥੇ ਭਗਤ ਜਾਂ ਕਿਸੇ ਹੋਰ ਮਹਾਂਪੁਰਖ ਦਾ ਜ਼ਿਕਰ ਆਉਂਦਾ ਹੈ ਉੱਥੇ ਰਾਗ ਤੋਂ ਬਾਅਦ ਉਸ ਦਾ ਨਾਮ ਦਿੱਤਾ ਗਿਆ ਹੈ। 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੀਆਂ ਚਾਰ ਪੋਥੀਆਂ ਅਨੁਸਾਰ ਸੰਪੂਰਨ ਅਨੁਵਾਦ ਨੂੰ ਚਾਰ ਭਾਗਾਂ ਵਿਚ ਵੰਡਿਆ ਗਿਆ ਹੈ। ਗਲਾਸਰੀ ਵਿਚ ਤਕਨੀਕੀ ਸਿੱਖ ਸ਼ਬਦਾਵਲੀ ਦਾ ਅੰਗਰੇਜ਼ੀ ਅਨੁਵਾਦ ਦਿੱਤਾ ਹੋਇਆ ਹੈ ਤਾਂ ਕਿ ਪਾਠਕ ਇਸ ਗ੍ਰੰਥ ਨੂੰ ਪੜ੍ਹਦੇ ਸਮੇਂ ਅੱਖਰ ਦੀ ਮੂਲ ਭਾਵਨਾ ਤੋਂ ਜਾਣੂ ਹੋ ਸਕੇ। ਹਰ ਇਕ ਪੰਨੇ ਹੇਠਾਂ ਫੁੱਟ ਨੋਟ ਦਿੱਤੇ ਗਏ ਹਨ ਜਿਨ੍ਹਾਂ ਰਾਹੀਂ ਵਰਤੇ ਗਏ ਸ਼ਬਦ ਦੇ ਅਰਥ ਅਤੇ ਸੰਦਰਭ ਪਤਾ ਲੱਗਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ੧੪੩੦ ਪੰਨਿਆਂ ਨੂੰ ਵੱਡ-ਆਕਾਰੀ ੧੩੫੧ ਪੰਨਿਆਂ ਵਿਚ ਸਮੋਇਆ ਹੋਇਆ ਹੈ।

ਕਿਸੇ ਸਿੱਖ ਦੁਆਰਾ ਕੀਤਾ ਇਹ ਪਹਿਲਾ ਅੰਗਰੇਜ਼ੀ ਅਨੁਵਾਦ ਸੀ ਜੋ ੧੯੬੦ ਈਸਵੀ ਵਿਚ ਪਾਠਕਾਂ ਸਾਹਮਣੇ ਪੇਸ਼ ਕੀਤਾ ਗਿਆ। ਇਸ ਦਾ ਅੰਤਰ-ਰਾਸ਼ਟਰੀ ਐਡੀਸ਼ਨ World Sikh University Press ਨੇ ੧੯੭੮ ਈਸਵੀ ਵਿਚ ਤਿਆਰ ਕੀਤਾ।

**ਹਵਾਲੇ :**


੨੮. *ਭਾਈ ਸਾਹਿਬ ਹਰਿਭਜਨ ਸਿੰਘ, 'ਪ੍ਰੋ. ਸਾਹਿਬ ਸਿੰਘ: ਗੁਰਬਾਣੀ ਸਿਧਾਂਤ ਤੇ ਟੀਕਾਕਾਰੀ', ਨਾਨਕ ਪ੍ਰਕਾਸ਼ ਪਤ੍ਰਿਕਾ, ਦਸੰਬਰ ੧੯੯੧, ਸੰਪਾਦਕ ਡਾ. ਬਲਕਾਰ ਸਿੰਘ, ਸਫ਼ਾ ੭੫.*

੨੯. *ਡਾ. ਕੁਲਵੰਤ ਸਿੰਘ ਅੰਮ੍ਰਿਤਸਰ, 'ਵਾਰਤਕਕਾਰ ਪ੍ਰੋਫੈਸਰ ਸਾਹਿਬ ਸਿੰਘ: ਸਮਾਜਿਕ ਸੰਦਰਭ', ਨਾਨਕ ਪ੍ਰਕਾਸ਼ ਪਤ੍ਰਿਕਾ, ਦਸੰਬਰ ੧੯੯੧, ਸੰਪਾਦਕ ਡਾ. ਬਲਕਾਰ ਸਿੰਘ, ਸਫ਼ਾ ੮੩.*

੩੦. *ਗਿ. ਹਰਿਬੰਸ ਸਿੰਘ ਨਿਰਣੈਕਾਰ, 'ਟੀਕਾਕਾਰੀ ਦਾ ਮਾਰਗ ਤੇ ਮਾਰਗੀ', ਨਾਨਕ ਪ੍ਰਕਾਸ਼ ਪਤ੍ਰਿਕਾ, ਦਸੰਬਰ ੧੯੯੧, ਸੰਪਾਦਕ ਡਾ. ਬਲਕਾਰ ਸਿੰਘ, ਸਫ਼ਾ ੧੮.*

੩੧. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, 'ਭੂਮਿਕਾ', ਸਫ਼ਾ ੳ.*

੩੨. *ਜੈਰਾਮ ਮਿਸ਼ਰ, ਨਾਨਕ ਵਾਣੀ, ਸਫ਼ਾ ੧.*

੩੩. *ਡਾ. ਪਰਮਿੰਦਰ ਸਿੰਘ, ਕਿਰਪਾਲ ਸਿੰਘ ਕਸੇਲ ਅਤੇ ਡਾ. ਗੋਬਿੰਦ ਸਿੰਘ ਲਾਂਬਾ,*


*(ਬਾਕੀ ਸਫ਼ਾ ੭੮ 'ਤੇ)*

# ਸਿੱਖ ਪੰਥ ਦੇ ਵਿਕਾਸ ਵਿਚ ਸ੍ਰੀ ਗੁਰੂ ਰਾਮਦਾਸ ਜੀ ਦਾ ਯੋਗਦਾਨ

*-ਸ਼ਸ਼ੀ ਸੂਰੀ**

*ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥*
*ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥ (ਪੰਨਾ ੯੬੮)*

ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦਾ ਸਮੁੱਚਾ ਜੀਵਨ ਇਸ ਸੱਚ ਦਾ ਪ੍ਰਗਟਾਵਾ ਹੈ ਕਿ ਅਕਾਲ ਪੁਰਖ ਨੇ ਆਪ ਨੂੰ ਬੇਸ਼ੁਮਾਰ ਬਖਸ਼ਿਸ਼ਾਂ ਨਾਲ ਨਿਵਾਜਿਆ। ਆਪ ਨੇ ਸਿੱਖ ਧਰਮ ਦੇ ਵਿਕਾਸ ਵਿਚ ਅਹਿਮ ਭੂਮਿਕਾ ਅਦਾ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਨੂੰ ਉਹ ਹਰ ਲੋੜੀਂਦੀ ਚੀਜ਼ ਬਖਸ਼ੀ ਜਿਸ ਨਾਲ ਨਾ ਕੇਵਲ ਸਿੱਖ ਧਰਮ ਨੂੰ ਮਜ਼ਬੂਤੀ ਮਿਲੀ ਬਲਕਿ ਉਸ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਵੀ ਵਾਧਾ ਹੋਇਆ। ਉਨ੍ਹਾਂ ਨੇ ਮਾਨਵ ਜਾਤੀ ਨੂੰ ਸੁਖ-ਦੁਖ ਦੀ ਘੜੀ ਵਿਚ ਕਰਤਾਰ ਪੁਰਖ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ। ਆਪ ਜੀ ਨੇ ਸਿੱਖਾਂ ਲਈ ਦੁਨੀਆਂ ਦੇ ਕੰਮ-ਕਾਜ ਅਤੇ ਢੰਗਾਂ-ਸੁਆਰਥਾਂ ਬਾਰੇ ਗੁਰੂ-ਮਰਯਾਦਾ ਕਾਇਮ ਕੀਤੀ। ਸ੍ਰੀ ਗੁਰੂ ਰਾਮਦਾਸ ਜੀ ਨੇ ਨਾਮ-ਸਿਮਰਨ, ਮਨ-ਮਾਰਨ, ਹਉਮੈ ਤਿਆਗ ਅਤੇ ਹੁਕਮ ਰਜਾਈ ਚੱਲ ਕੇ ਅਧਿਆਤਮਿਕਤਾ ਦੇ ਮਾਰਗ ਉੱਪਰ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ। ਮਾੜੇ ਕੰਮਾਂ ਨੂੰ ਤਿਆਗ ਕੇ ਸਦ ਵ੍ਰਿਤੀਆਂ ਨੂੰ ਗ੍ਰਹਿਣ ਕਰਨ ਲਈ ਜ਼ੋਰ ਦਿੱਤਾ। ਇਹੀ ਉਨ੍ਹਾਂ ਦੇ ਜੀਵਨ ਦੀ ਫ਼ਿਲਾਸਫ਼ੀ ਦੇ ਬੁਨਿਆਦੀ ਤੱਤ ਹਨ। ਸ੍ਰੀ ਗੁਰੂ ਰਾਮਦਾਸ ਜੀ ਦੀ ਜੀਵਨ-ਫ਼ਿਲਾਸਫ਼ੀ ਇਕ ਪਾਸੇ ਗੁਰੂ-ਪਰੰਪਰਾ ਤੋਂ ਪ੍ਰਾਪਤ ਜੀਵਨ-ਫ਼ਿਲਾਸਫ਼ੀ ਨੂੰ ਅੱਗੇ ਤੋਰਦੀ ਹੈ, ਦੂਜੇ ਪਾਸੇ ਆਪਣੀ ਅਨੁਭੂਤੀ 'ਤੇ ਆਧਾਰਿਤ ਫ਼ਿਲਾਸਫ਼ੀ ਦਾ ਵਿਸਥਾਰ ਕਰਦੀ ਹੈ। ਇਸ ਤਰ੍ਹਾਂ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ-ਫਲਸਫ਼ਾ ਪਰੰਪਰਾ ਅਤੇ ਨਿੱਜੀ ਅਨੁਭਵ ਦਾ ਸੁਮਿਲਵਾਂ ਰੂਪ ਹੈ।

ਸ੍ਰੀ ਗੁਰੂ ਰਾਮਦਾਸ ਜੀ ਦਾ ਜਨਮ ਚੂਨਾ ਮੰਡੀ ਲਾਹੌਰ (ਪਾਕਿਸਤਾਨ) ਦੇ ਵਸਨੀਕ ਸ੍ਰੀ ਹਰਿਦਾਸ ਜੀ ਦੇ ਘਰ, ਮਾਤਾ ਦਇਆ ਕੌਰ ਜੀ ਦੀ ਕੁੱਖ ਤੋਂ ੨੫ ਅੱਸੂ ਸੰਮਤ ੧੫੯੧ ਨੂੰ ਹੋਇਆ। ਮਾਪਿਆਂ ਨੇ ਆਪ ਜੀ ਦਾ ਨਾਂ 'ਜੇਠਾ' ਰੱਖਿਆ। ਸ੍ਰੀ ਜੇਠਾ ਜੀ ਅਜੇ ਛੋਟੀ ਉਮਰ ਦੇ ਹੀ ਸਨ ਕਿ ਪਹਿਲਾਂ ਉਨ੍ਹਾਂ ਦੇ ਮਾਤਾ ਜੀ ਤੇ ਫਿਰ ਪਿਤਾ ਜੀ ਚਲਾਣਾ ਕਰ ਗਏ। ਜੇਠਾ ਜੀ ਦੀ ਨਾਨੀ ਉਨ੍ਹਾਂ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ, ਜੋ ਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਜਨਮ-ਅਸਥਾਨ ਸੀ। ਇੱਥੇ ਰਹਿੰਦਿਆਂ ਹੋਇਆਂ ਆਪ ਜੀ ਛੋਟੀ ਉਮਰ ਵਿਚ ਹੀ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ ਵਿਚ ਸ਼ਾਮਲ ਹੋ ਗਏ ਸਨ ਜਿੱਥੇ ਰਹਿ ਕੇ ਆਪ ਜੀ ਨੇ ਗੁਰੂ-ਘਰ ਦੀ ਅਤੁੱਟ ਸੇਵਾ ਕੀਤੀ। ਆਪ ਜੀ ਦੇ ਸੁਭਾਅ ਪ੍ਰਭਾਵਿਤ ਹੋ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੀ ਛੋਟੀ ਬੇਟੀ

** ਖੋਜ ਵਿਦਿਆਰਥੀ, ਇਤਿਹਾਸ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ।*

ਬੀਬੀ ਭਾਨੀ ਜੀ ਦਾ ਵਿਆਹ ਆਪ ਜੀ ਨਾਲ ਕਰ ਦਿੱਤਾ। ਜਿਨ੍ਹਾਂ ਦੀ ਕੁੱਖੋਂ ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ ਜੀ, ਬਾਬਾ ਮਹਾਦੇਵ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ। ਵਿਆਹ ਤੋਂ ਉਪਰੰਤ ਵੀ ਆਪ ਜੀ ਤੇ ਬੀਬੀ ਭਾਨੀ ਜੀ ਨੇ ਗੁਰੂ-ਘਰ ਦੀ ਸੇਵਾ-ਸੰਭਾਲ ਵਿਚ ਹੀ ਆਪਣਾ ਜੀਵਨ ਬਤੀਤ ਕੀਤਾ। ਆਪਣੇ ਜੋਤੀ ਜੋਤ ਸਮਾਉਣ ਦਾ ਸਮਾਂ ਕਰੀਬ ਆਉਂਦਾ ਦੇਖ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਆਪਣੇ ਪੁੱਤਰਾਂ ਤੇ ਕਈ ਸਿੱਖਾਂ ਦੀ ਪ੍ਰੀਖਿਆ ਲਈ ਜਿਸ ਵਿਚ ਭਾਈ ਜੇਠਾ ਜੀ ਸਫਲ ਰਹੇ। ਸੋ ਸ੍ਰੀ ਗੁਰੂ ਅਮਰਦਾਸ ਜੀ ਨੇ ੨ ਅੱਸੂ ਸੰਮਤ ੧੬੩੧ ਨੂੰ ਗੁਰਤਾਗੱਦੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੌਂਪ ਦਿੱਤੀ। ਗੁਰਿਆਈ ਦੀ ਰਸਮ ਬਾਬਾ ਬੁੱਢਾ ਜੀ ਨੇ ਨਿਭਾਈ। ਇਸ ਤਰ੍ਹਾਂ ਆਪਣੇ ਨਿੱਜੀ ਗੁਣਾਂ, ਕਰਤਾਰ ਦੀ ਕ੍ਰਿਪਾਲਤਾ ਅਤੇ ਗੁਰੂ ਜੀ ਦੀ ਦਿਆਲਤਾ ਦਾ ਸਦਕਾ ਆਪ ਜੀ ਭਾਈ ਜੇਠਾ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਬਣ ਗਏ।

ਆਪ ਜੀ ਦੁਆਰਾ ਕੀਤੇ ਗਏ ਅਨੇਕਾਂ ਕੰਮਾਂ ਵਿਚ ਸ੍ਰੀ ਅੰਮ੍ਰਿਤਸਰ ਦਾ ਨਿਰਮਾਣ ਮੁੱਖ ਸੀ। ਜੋਤੀ-ਜੋਤ ਸਮਾਉਣ ਤੋਂ ਚਾਰ ਕੁ ਵਰ੍ਹੇ ਪਹਿਲਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਜਿਸ ਥਾਂ ਹੁਣ ਸ੍ਰੀ ਅੰਮ੍ਰਿਤਸਰ ਹੈ, ਦਾ ਪੂਰਾ-ਪੂਰਾ ਪਤਾ ਦੱਸ ਸਮਝਾ ਕੇ ਸ੍ਰੀ ਗੁਰੂ ਰਾਮਦਾਸ ਜੀ ਨੂੰ ਬਾਬਾ ਬੁੱਢਾ ਜੀ ਸਮੇਤ ਉੱਥੇ ਭੇਜਿਆ ਅਤੇ ਆਗਿਆ ਕੀਤੀ ਕਿ ਉੱਥੇ ਸਰੋਵਰ ਬਣਾਓ ਅਤੇ ਨਗਰ ਵਸਾਓ। ਇਸ ਆਗਿਆ ਮੁਜਬ ਸ੍ਰੀ ਗੁਰੂ ਰਾਮਦਾਸ ਜੀ ਨੇ ਪਹਿਲਾਂ ਉਪ ਸਰੋਵਰ ਦੀ ਖੁਦਵਾਈ ਅਰੰਭੀ, ਜਿਸ ਨੂੰ ਸੰਤੋਖਸਰ ਕਹਿੰਦੇ ਹਨ। ਜਿਸ ਥਾਂ 'ਤੇ ਬੈਠ ਕੇ ਆਪ ਜੀ ਸੇਵਾ ਕਰਵਾਇਆ ਕਰਦੇ ਸਨ ਉਸ ਨੂੰ ਅੱਜਕਲ੍ਹ ਗੁਰਦੁਆਰਾ ਟਾਹਲੀ ਸਾਹਿਬ ਕਿਹਾ ਜਾਂਦਾ ਹੈ। ਤੀਜੇ ਪਾਤਸ਼ਾਹ ਦੇ ਜੋਤੀ-ਜੋਤ ਸਮਾਉਣ ਤੋਂ ਕੁਝ ਮਹੀਨੇ ਪਹਿਲਾਂ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਤੋਖਸਰ ਤੋਂ ਕੁਝ ਦੂਰ ਇਕ ਪਿੰਡ ਦੀ ਨੀਂਹ ਰੱਖੀ ਜਿਸ ਦਾ ਨਾਂ ਗੁਰੂ ਜੀ ਨੇ 'ਗੁਰੂ ਕਾ ਚੱਕ' ਰੱਖਿਆ। ਮਗਰੋਂ ਇਸ ਦਾ ਨਾਂ 'ਰਾਮਦਾਸ ਪੁਰਾ' ਜਾਂ 'ਚੱਕ ਰਾਮਦਾਸ' ਹੋ ਗਿਆ ਅਤੇ ਬਾਅਦ ਵਿਚ ਅੰਮ੍ਰਿਤ-ਸਰੋਵਰ ਦੇ ਨਿਰਮਾਣ ਤੋਂ ਬਾਅਦ ਇਸ ਨੂੰ 'ਸ੍ਰੀ ਅੰਮ੍ਰਿਤਸਰ' ਦੇ ਨਾਮ ਨਾਲ ਸੰਬੋਧਿਤ ਕੀਤਾ ਜਾਣ ਲੱਗਾ। ਸ੍ਰੀ ਅੰਮ੍ਰਿਤਸਰ ਦੇ ਨਿਰਮਾਣ ਹੋ ਜਾਣ ਨਾਲ ਇਹ ਅਸਥਾਨ ਸਿੱਖ ਧਰਮ ਦਾ ਕੇਂਦਰ ਬਣ ਗਿਆ। ਸ੍ਰੀ ਗੁਰੂ ਰਾਮਦਾਸ ਜੀ ਦੇ ਸਮਕਾਲੀ ਤੇ ਸਿੱਖ ਧਰਮ ਦੇ ਉੱਘੇ ਵਿਦਵਾਨ ਭਾਈ ਗੁਰਦਾਸ ਜੀ ਦੀ ਹੇਠ ਲਿਖੀ ਤੁਕ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਅੰਮ੍ਰਿਤਸਰ ਦੇ ਪਵਿੱਤਰ ਸਰੋਵਰ ਦੀ ਖੁਦਵਾਈ ਅਰੰਭੀ ਸੀ:

*ਬੈਠਾ ਸੋਢੀ ਪਾਤਿਸਾਹੁ ਰਾਮਦਾਸ ਸਤਿਗੁਰੂ ਕਹਾਵੈ।*
*ਪੂਰਨੁ ਤਾਲੁ ਖਟਾਇਆ ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ।* *(ਵਾਰ ੧:੪੭)*

ਨਗਰ ਦੇ ਸਰਬ ਪੱਖੀ ਵਿਕਾਸ ਲਈ ਇੱਥੇ ਵੱਖ-ਵੱਖ ਕਿੱਤਿਆਂ ਦੇ ਮਾਹਿਰ ਲੋਕਾਂ ਨੂੰ ਲਿਆ ਕੇ ਵਸਾਇਆ ਗਿਆ। ਇਉਂ ਇਸ ਪਵਿੱਤਰ ਨਗਰ ਵਿਚ ਗੁਰੂ ਜੀ ਦੀ

ਛਤਰ-ਛਾਇਆ ਹੇਠ ਹਰ ਕਿਸਮ ਦਾ ਕਾਰੋਬਾਰ ਹੋਣਾ ਸ਼ੁਰੂ ਹੋ ਗਿਆ। ਅਨੇਕਾਂ ਵਪਾਰੀਆਂ ਨੂੰ ਸ਼ਹਿਰ ਵਿਚ ਦੁਕਾਨਾਂ ਖੋਲ੍ਹਣ ਲਈ ਬੁਲਾਇਆ ਗਿਆ। ਗੁਰਮੁਖੀ ਦੀਆਂ ਮੁੱਢਲੀਆਂ ਲਿਖਤਾਂ ਵਿਚ ਇੱਥੇ ੫੨ ਕਿਸਮ ਦੇ ਪੇਸ਼ਾਵਰ ਲੋਕਾਂ ਨੂੰ ਲਿਆ ਕੇ ਵਸਾਉਣ ਦੇ ਵੇਰਵੇ ਮਿਲਦੇ ਹਨ ਜਿਸ ਨਾਲ ਨਾ ਕੇਵਲ ਸ਼ਹਿਰ ਦੀ ਆਮਦਨੀ ਵਧੀ ਸਗੋਂ ਗੁਰੂ ਜੀ ਦੇ ਧਰਮ ਪ੍ਰਚਾਰ ਦੇ ਕਾਰਜਾਂ ਨੂੰ ਬਲ ਮਿਲਿਆ। ਸ੍ਰੀ ਅੰਮ੍ਰਿਤਸਰ ਵਿਚ ਗੁਰੂ ਜੀ ਨੇ ਆਪਣੇ ਨਿਵਾਸ ਲਈ ਇਕ ਮਕਾਨ ਵੀ ਉਸਾਰਿਆ, ਜਿਸ ਨੂੰ 'ਗੁਰੂ ਕੇ ਮਹਿਲ' ਦੇ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਜਿੱਥੇ ਅੱਜਕਲ੍ਹ ਗੁਰਦੁਆਰਾ 'ਗੁਰੂ ਕੇ ਮਹਿਲ' ਮੌਜੂਦ ਹੈ।

ਗੁਰੂ ਜੀ ਦੁਆਰਾ ਕੀਤੇ ਗਏ ਕੰਮਾਂ ਵਿੱਚੋਂ ਮਸੰਦ ਪ੍ਰਥਾ ਦੀ ਸ਼ੁਰੂਆਤ ਕਰਨਾ ਇਕ ਅਹਿਮ ਕਦਮ ਸੀ ਕਿਉਂਕਿ ਸਿੱਖ ਸੰਗਤਾਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਸੀ। ਮਸੰਦ ਵੱਖ-ਵੱਖ ਥਾਵਾਂ 'ਤੇ ਜਾ ਕੇ ਸਿੱਖ ਧਰਮ ਦਾ ਉਪਦੇਸ਼ ਦਿੰਦੇ ਅਤੇ ਸੰਗਤਾਂ ਦੁਆਰਾ ਦਿੱਤੀ ਗਈ ਮਾਇਆ ਨੂੰ ਗੁਰੂ-ਘਰ ਵਿਚ ਪਹੁੰਚਾਉਂਦੇ ਸਨ।

ਸ੍ਰੀ ਗੁਰੂ ਰਾਮਦਾਸ ਜੀ ਨੇ ਹਮੇਸ਼ਾਂ ਇੱਕੋ ਇਕ ਅਕਾਲ ਪੁਰਖ ਨਾਲ ਜੁੜਨ 'ਤੇ ਜ਼ੋਰ ਦਿੱਤਾ। ਇਸ ਮੰਤਵ ਲਈ ਆਪ ਜੀ ਨੇ 'ਗਉੜੀ ਕੀ ਵਾਰ' ਉਚਾਰੀ। ਗਉੜੀ ਕੀ ਵਾਰ ਵਿਚ 'ਇਸ ਨਾਲ ਜੁੜਨ' ਦੇ ਆਸ਼ੇ ਦੀ ਵਿਆਖਿਆ ਕੀਤੀ। ਇਸ ਬਾਣੀ ਵਿਚ ਗੁਰੂ ਜੀ ਨੇ ਦੱਸਿਆ "ਸਤਿਗੁਰੂ ਕੇਵਲ ਇੱਕ ਹੈ। ਗੁਰੂ ਜੀ ਨੇ ਕਿਹਾ ਕਿ ਜੇਕਰ ਦਰੱਖਤ ਨੂੰ ਮੁੱਢ ਤੋਂ ਕੱਟ ਦਈਏ ਤਾਂ ਡਾਲੀਆਂ ਆਪੇ ਹੀ ਸੁੱਕ ਜਾਂਦੀਆਂ ਹਨ। 'ਪੇਡੁ ਮੁੰਢਾਹੂੰ ਕਟਿਐ ਤਿਸੁ ਡਾਲ ਸੁਕੰਦੇ'। ਇਸ ਤਰ੍ਹਾਂ ਕੇਂਦਰ ਦੀ ਮਹਾਨਤਾ ਵਧਣ ਨਾਲ ਸਿੱਖ ਕੌਮ ਆਪਸ ਵਿਚ ਜੁੜੀ ਰਹੀ। ਕੌਮ ਉਹ ਹੀ ਕਹਿਲਾਂਦੀ ਹੈ ਜਿਸ ਪਾਸ ਦੋ ਗੁਣ ਹਨ। ਪਹਿਲਾਂ ਇਕ ਥਾਂ ਇਕੱਠੇ ਹੋਣ ਦਾ ਚਾਅ (Desire to live together) ਅਤੇ ਦੂਜਾ, ਸਾਂਝਾ ਕੌਮੀ ਵਿਰਸਾ (Rich Common heritage) ਇਹ ਦੋਵੇਂ ਲੋੜੀਂਦੀਆਂ ਚੀਜ਼ਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਨੂੰ ਬਖਸ਼ੀਆਂ।

ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਗੁਰੂ ਅਮਰਦਾਸ ਜੀ ਦੁਆਰਾ ਤੋਰੀ ਗਈ ਅਨੰਦ-ਵਿਆਹ ਦੀ ਰਸਮ ਨੂੰ ਜਾਰੀ ਰੱਖਿਆ ਤੇ ਉਸ ਰਸਮ ਨੂੰ ਹੋਰ ਪੱਕਿਆਂ ਕਰਨ ਲਈ ਸੂਹੀ ਰਾਗ ਵਿਚ ਚਾਰ ਲਾਵਾਂ ਵੀ ਉਚਾਰੀਆਂ ਜਿਨ੍ਹਾਂ ਰਾਹੀਂ ਜੀਵਨ-ਸਫਰ ਵਿਚ ਦੰਪਤੀ ਨੂੰ ਕਾਮਯਾਬੀ ਦਾ ਰਸਤਾ ਮਿਲਦਾ ਹੈ। ਸੰਸਾਰ ਨੂੰ ਪ੍ਰਵਿਰਤੀ ਕਰਮ ਦਿੜ੍ਹਾਇਆ। ਨਵਿਰਤੀ ਕਰਮ ਤਾਂ ਪਹਿਲਾਂ ਬੜੇ ਲੋਕ ਦੱਸ ਗਏ ਸਨ, ਗੁਰੂ ਜੀ ਨੇ ਸੰਸਾਰ ਵਿਚ ਚੰਗੀ ਤਰ੍ਹਾਂ ਰਹਿਣ ਦੀ ਜਾਚ ਦੱਸੀ। ਗ੍ਰਿਹਸਤ ਧਰਮ ਨੂੰ ਅਪਣਾਉਣ ਵਾਲਿਆਂ ਨੂੰ ਪ੍ਰਭੂ ਦੀ ਮਿੱਠੀ ਯਾਦ, ਨਿਰਮਲ, ਭਉ, ਵਿਛੋੜੇ, ਬਿਰਹਾ ਤੇ ਸਹਿਜ ਅਵਸਥਾ ਵਿਚ ਵਿਚਰਨ ਦੀ ਜਾਚ ਇਨ੍ਹਾਂ ਚਾਰ ਲਾਵਾਂ ਰਾਹੀਂ ਦਰਸਾਈ।

ਸ੍ਰੀ ਗੁਰੂ ਰਾਮਦਾਸ ਜੀ ਨੇ ੩੦ ਰਾਗਾਂ ਵਿਚ ਬਾਣੀ ਦੀ ਰਚਨਾ ਕੀਤੀ ਹੈ, ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਗੁਰੂ ਸਾਹਿਬ ਜੀ ਨੇ ਸਿੱਖ ਦੇ ਨਿਤਨੇਮ ਦੇ

ਕੰਮਾਂ ਦਾ ਵਰਣਨ ਕੀਤਾ ਹੈ:

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*(ਪੰਨਾ ੩੦੫)*

ਗੁਰੂ ਜੀ ਨੇ ਕਿਹਾ ਕਿ ਗੁਰੂ ਦਾ ਸਿੱਖ ਸਾਰੀ ਦਿਹਾੜੀ ਕਿਰਤ-ਵਿਹਾਰ ਵਿਚ ਲੱਗਿਆਂ ਵੀ ਉੱਠਦੇ, ਬੈਠਦੇ ਪਰਮਾਤਮਾ ਦੇ ਨਾਮ ਦਾ ਧਿਆਨ ਕਰੇ। ਸ਼ਾਮ ਨੂੰ ਸੋਦਰ ਤੇ ਰਾਤ ਨੂੰ ਸੋਹਿਲਾ ਸਾਹਿਬ ਦੀ ਬਾਣੀ ਨਾਲ ਜੁੜੇ। ਇਸੇ ਤਰ੍ਹਾਂ ਗੁਰੂ ਜੀ ਨੇ ਵਡਹੰਸ ਰਾਗ ਵਿਚ ਦੋ ਸ਼ਬਦ ਵਿਆਹ ਸਮੇਂ ਗਾਈਆਂ ਜਾਣ ਵਾਲੀਆਂ 'ਘੋੜੀਆਂ' ਦੀ ਧਾਰਨਾ 'ਤੇ ਰਚੇ। ਇਨ੍ਹਾਂ ਵਿਚ 'ਘੋੜੀ' ਦੇ ਅਲੰਕਾਰ ਨੂੰ ਲੈ ਕੇ ਵਾਹਿਗੁਰੂ ਦੀ ਪ੍ਰਾਪਤੀ ਦਾ ਰਾਹ ਦੱਸਿਆ। ਇਸ ਤੋਂ ਗੁਰੂ ਜੀ ਦਾ ਭਾਵ ਸੀ ਕਿ ਗੁਰਸਿੱਖ ਆਪਣੇ ਸਭ ਕਾਰਜ ਕਰਦੇ ਹੋਏ ਕਿਤੇ ਕਰਤਾਰ ਤੋਂ ਦੂਰ ਨਾ ਹੋ ਜਾਣ। ਵਿਆਹ ਵੇਲੇ ਘੋੜੀਆਂ ਗਾਈਆਂ ਜਾਣ ਜਿਨ੍ਹਾਂ ਵਿਚ ਪਰਮਾਰਥਿਕ ਉਪਦੇਸ਼ ਹੋਵੇ ਤਾਂ ਜੋ ਪ੍ਰਵਿਰਤੀ ਤੇ ਨਵਿਰਤੀ ਦੇ ਦੋਵੇਂ ਕੰਮ ਇਕੱਠੇ ਹੁੰਦੇ ਰਹਿਣ।

ਸ੍ਰੀ ਗੁਰੂ ਰਾਮਦਾਸ ਜੀ ਨੇ ਉਸ ਸਮੇਂ ਉਦਾਸੀਆਂ ਤੇ ਸਿੱਖਾਂ ਵਿਚ ਵਧ ਰਹੇ ਪਾੜੇ ਨੂੰ ਦੂਰ ਕੀਤਾ। ਇਕ ਵਾਰ ਬਾਬਾ ਸ੍ਰੀ ਚੰਦ ਜੀ, ਸ੍ਰੀ ਗੁਰੂ ਰਾਮਦਾਸ ਜੀ ਨੂੰ ਮਿਲਣ ਲਈ ਆਏ ਜਿੱਥੇ ਗੁਰੂ ਜੀ ਨੇ ਉਨ੍ਹਾਂ ਦਾ ਕਾਫੀ ਆਦਰ ਸਤਿਕਾਰ ਕੀਤਾ। ਬਾਬਾ ਸ੍ਰੀ ਚੰਦ ਜੀ ਦੇ ਮਨ ਵਿਚ ਖਿਆਲ ਆਇਆ ਕਿ ਵੇਖੀਏ ਤਾਂ ਸਹੀ ਕਿ ਜਿਹੜੀ 'ਮਿਠਤੁ ਨੀਵੀ' ਜਾਂ ਗਰੀਬੀ ਤੇ ਨਿਮਰਤਾ ਸ੍ਰੀ ਗੁਰੂ ਨਾਨਕ ਦੇਵ ਜੀ ਵਿਚ ਸੀ, ਉਹ ਚੌਥੇ ਗੁਰੂ ਜੀ ਵਿਚ ਵੀ ਹੈ ਕਿ ਨਹੀਂ। ਇਹ ਵਿਚਾਰ ਕੇ ਬਾਬਾ ਸ੍ਰੀ ਚੰਦ ਜੀ ਨੇ ਗੁਰੂ ਜੀ ਦੀ ਨਿਮਰਤਾ ਦੀ ਪਰਖ ਕਰਨੀ ਚਾਹੀ ਤਾਂ ਗੁਰੂ ਜੀ ਨੇ ਨਿਮਰਤਾ ਦੀ ਸਿਖਰ ਦਰਸਾਉਂਦਿਆਂ ਬਾਬਾ ਜੀ ਦਾ ਗੁਰੂ-ਸਪੁੱਤਰ ਹੋਣ ਦੇ ਨਾਤੇ ਹਾਰਦਿਕ ਆਦਰ-ਸਤਿਕਾਰ ਕੀਤਾ ਜਿਸ 'ਤੇ ਬਾਬਾ ਸ੍ਰੀ ਚੰਦ ਜੀ ਨੂੰ ਸੰਤੁਸ਼ਟੀ ਮਹਿਸੂਸ ਹੋਈ ਤੇ ਉਹ ਕਹਿਣ ਲੱਗੇ, "ਧੰਨ ਹੋ ਆਪ, ਧੰਨ ਹੋ ਆਪ। ਆਪ ਧੰਨ ਹੋ! ਆਪ ਦੀ ਸਿੱਖੀ ਧੰਨ ਹੈ"।

ਇਸ ਮਗਰੋਂ ਬਾਬਾ ਸ੍ਰੀ ਚੰਦ ਜੀ ਨੇ ਸਿੱਖੀ ਆਦਰਸ਼ ਦੀ ਮੁਖਾਲਫਤ ਨਾ ਕੀਤੀ, ਸਗੋਂ ਬਿਖੜੇ ਸਮੇਂ ਮਦਦ ਪਹੁੰਚਾਉਂਦੇ ਰਹੇ। ਇਸ ਨਾਲ ਸਿੱਖੀ ਦੇ ਪ੍ਰਚਾਰ ਵਿਚ ਵਾਧਾ ਹੋਇਆ।

ਆਪਣੇ ਅੰਤਲੇ ਸਮੇਂ ਨੂੰ ਜਾਣ ਕੇ ਗੁਰੂ ਜੀ ਨੇ ਆਪਣੇ ਸਭ ਤੋਂ ਛੋਟੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪ ਕੇ ਪੰਜਵੇਂ ਗੁਰੂ ਦੇ ਰੂਪ ਵਿਚ ਸਥਾਪਿਤ ਕੀਤਾ।

ਸ੍ਰੀ ਗੁਰੂ ਰਾਮਦਾਸ ਜੀ ਦਾ ਸਮੁੱਚਾ ਸਮਾਜਿਕ ਦ੍ਰਿਸ਼ਟੀਕੋਣ ਇਕ ਅਗਾਂਹਵਧੂ ਤੇ

ਉਸਾਰੂ ਦ੍ਰਿਸ਼ਟੀਕੋਣ ਹੈ ਜਿਸ ਦੁਆਰਾ ਉਨ੍ਹਾਂ ਸਮਾਜ ਵਿੱਚੋਂ ਵਿਤਕਰਿਆਂ, ਭੇਦ-ਭਾਵਾਂ, ਪੁਰਾਣੀਆਂ ਹਾਨੀਕਾਰਕ ਤੇ ਮਾੜੀ ਬਿਰਤੀ ਵਾਲੀਆਂ ਰੀਤਾਂ ਤੇ ਰਸਮਾਂ ਨੂੰ ਤਿਆਗ ਕੇ ਇਕ ਨਵੇਂ-ਨਰੋਏ ਤੇ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਸ੍ਰੀ ਗੁਰੂ ਰਾਮਦਾਸ ਜੀ ਦੀ ਸ਼ਖ਼ਸੀਅਤ, ਉਨ੍ਹਾਂ ਦਾ ਸੰਦੇਸ਼, ਉਨ੍ਹਾਂ ਦੀਆਂ ਰਵਾਇਤਾਂ ਪੰਜਾਬੀ ਜੀਵਨ ਵਿਚ ਅਮਰ ਹੋ ਚੁੱਕੀਆਂ ਹਨ। ਆਪ ਜੀ ਦੀ ਬਾਣੀ ਆਸ਼ੇ ਤੇ ਵਿਸ਼ੇ-ਵਸਤੂ ਵਿਚ ਪਹਿਲੇ ਗੁਰੂ ਸਾਹਿਬਾਨ ਦੀ ਬਾਣੀ ਨਾਲ ਪੂਰਾ-ਪੂਰਾ ਮੇਲ ਰੱਖਦੀ ਹੋਈ ਵੀ ਅਣਗਿਣਤ ਮੌਲਿਕ ਗੁਣਾਂ, ਵਿਸ਼ੇਸ਼ਤਾਈਆਂ ਨਾਲ ਓਤਪੋਤ ਹੈ।

ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਦਾ ਲੋਕ-ਅੰਦਾਜ਼ ਆਪਣੀ ਹੀ ਕਿਸਮ ਦਾ ਹੈ। ਸੰਸਕਾਰੀ ਰੂਪਾਂ ਨਾਲ ਇਕ ਪਾਸੇ, ਲੋਕ ਸੰਦਰਭ ਪੇਸ਼ ਕੀਤਾ ਗਿਆ ਹੈ, ਦੂਜੇ ਪਾਸੇ ਦਾਰਸ਼ਨਿਕ ਕੋਡ ਉਸਰਦਾ ਗਿਆ ਹੈ। ਲੋਕ ਖੇਤਰ ਨਾਲ ਸੰਬੰਧਿਤ ਸ਼ਬਦ-ਚੋਣ ਜਿੱਥੇ ਆਪਣਾ ਮਹੱਤਵ ਰੱਖਦੀ ਹੈ ਉੱਥੇ ਵਾਸਤਵਿਕਤਾ ਦਾ ਸਮਾਵੇਸ਼ ਵੀ ਕਰਦੀ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਛੰਤਾਂ ਵਿਚ ਲਾਵਾਂ, ਘੋੜੀਆਂ, ਸਮਾਜਿਕ ਸਮੱਸਿਆਵਾਂ, ਸਮਾਜਿਕ ਬਿੰਬ, ਪ੍ਰਤੀਕ ਆਦਿ ਵਰਤ ਕੇ ਸਮਾਜ-ਸਭਿਆਚਾਰਕ ਪਰਿਪੇਖ ਨੂੰ ਸਾਕਾਰ ਕੀਤਾ ਹੈ। ਇਸ ਪੱਖੋਂ ਸ੍ਰੀ ਗੁਰੂ ਰਾਮਦਾਸ ਜੀ ਦੀ ਬੜੀ ਮਹੱਤਵਪੂਰਨ ਦੇਣ ਹੈ। ਸੋ ਇਹ ਹੀ ਕਹਿਣਾ ਬਣਦਾ ਹੈ ਕਿ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਮਹੱਲ ਦੀ ਉਸਾਰੀ ਲਈ ਠੋਸ ਇੱਟਾਂ ਲਗਾਈਆਂ ਜਿਸ ਕਾਰਨ ਸਿੱਖ ਧਰਮ ਮਜ਼ਬੂਤ ਤੇ ਖੂਬਸੂਰਤ ਬਣਿਆ।

**ਹਵਾਲੇ :**


1. *Grewal, J.S., The Sikhs of the Punjab, Cambridge University Press, New Delhi, 2005.*
2. *S. Khushwant Singh, History of the Sikhs, Vol. I, (1469-1839), Delhi, 1977.*
3. *Principal Teja Singh and Dr. Ganda Singh, A Short History of the Sikhs (1469-1765), Patiala, 1983.*
4. *Mcleod, W.H., Historical Dictionary of Sikhism, Oxford University Press, New Delhi, 1995.*

*੫. ਪ੍ਰੋ. ਕਰਤਾਰ ਸਿੰਘ, ਸਿੱਖ ਇਤਿਹਾਸ ਭਾਗ ਪਹਿਲਾ-੧, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

*੬. ਪ੍ਰਿੰ. ਸਤਿਬੀਰ ਸਿੰਘ, ਸਾਡਾ ਇਤਿਹਾਸ ਦਸ ਪਾਤਸ਼ਾਹੀਆਂ, ੧੪੬੯-੧੭੦੮.*

*੭. ਡਾ. ਸੁਖਦਿਆਲ ਸਿੰਘ, ਪੰਜਾਬ ਦਾ ਇਤਿਹਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

*੮. ਹਰਵੰਤ ਕੌਰ, ਗੁਰੂ ਰਾਮਦਾਸ ਜੀਵਨ, ਚਿੰਤਨ ਅਤੇ ਬਾਣੀ, ਰੂਹੀ ਪ੍ਰਕਾਸ਼ਨ, ਸ੍ਰੀ ਅੰਮ੍ਰਿਤਸਰ, ੨੦੦੫.*

*ਇਤਿਹਾਸਿਕ ਗੁਰ-ਅਸਥਾਨ:੧੧*

# ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਇਤਿਹਾਸਿਕ ਅਸਥਾਨ

*-ਮਨਮੋਹਨ ਕੌਰ**

ਸਿੱਖ ਧਰਮ ਦੇ ਪੰਜਵੇਂ ਗੁਰੂ ਅਤੇ ਪਹਿਲੇ ਸ਼ਹੀਦ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਗ੍ਰਿਹਿ ਬੀਬੀ ਭਾਨੀ ਜੀ ਦੀ ਕੁੱਖੋਂ ੧੬੨੦ ਬਿਕ੍ਰਮੀ ਨੂੰ ਹੋਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬਚਪਨ ਤੋਂ ਹੀ ਗੁਰਬਾਣੀ ਦੀ ਲਗਨ ਹੋਣ ਕਾਰਨ ਆਪ ਜੀ ਦੇ ਨਾਨਾ ਸ੍ਰੀ ਗੁਰੂ ਅਮਰਦਾਸ ਜੀ ਨੇ ਆਪ ਨੂੰ 'ਦੋਹਿਤਾ ਬਾਣੀ ਕਾ ਬੋਹਿਥਾ' ਹੋਣ ਦਾ ਵਰ ਬਖਸ਼ਿਸ਼ ਕੀਤਾ। ਆਪ ਜੀ ਨੇ ਸੁਖਮਨੀ ਸਾਹਿਬ, ਬਾਵਨ ਅਖਰੀ, ਬਾਰਹਮਾਹ ਮਾਝ, ਥਿਤੀ, ਬਿਰਹੜੇ, ਦਿਨ-ਰੈਣ ਅਤੇ ਸੋਲਹੇ ਆਦਿ ਬਾਣੀਆਂ ਦੀ ਰਚਨਾ ਕੀਤੀ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਮਹੱਤਵਪੂਰਨ ਇਤਿਹਾਸਿਕ ਕਾਰਜ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿਗੋਬਿੰਦਪੁਰ, ਤਰਨਤਾਰਨ ਸਾਹਿਬ ਤੇ ਕਰਤਾਰਪੁਰ ਨਗਰ ਵਸਾਏ। ਇਸ ਤੋਂ ਇਲਾਵਾ ਆਪ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ, ਸੰਤੋਖਸਰ ਸਾਹਿਬ, ਰਾਮਸਰ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ, ਤਰਨਤਾਰ ਦੇ ਸਰੋਵਰਾਂ, ਗੁਰੂ ਕੀ ਵਡਾਲੀ ਵਿਖੇ ਛੇ-ਹਰਟਾਂ ਵਾਲਾ ਖੂਹ ਅਤੇ ਲਾਹੌਰ ਦੇ ਡੱਬੀ ਬਾਜ਼ਾਰ ਵਿਖੇ ਇਕ ਬਾਉਲੀ ਦਾ ਨਿਰਮਾਣ ਵੀ ਕਰਵਾਇਆ। ਆਪ ਜੀ ਨੂੰ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਈਰਖਾ ਵੱਸ ਤਰ੍ਹਾਂ-ਤਰ੍ਹਾਂ ਦੇ ਕਠੋਰ ਤਸੀਹੇ ਦਿੰਦਿਆਂ ੧੬੬੩ ਬਿਕ੍ਰਮੀ ਨੂੰ ਲਾਹੌਰ ਵਿਖੇ ਸ਼ਹੀਦੀ ਕਰ ਦਿੱਤਾ। ਆਪਣੇ ਜੀਵਨ-ਕਾਲ ਦੌਰਾਨ ਆਪ ਜੀ ਨੇ ਜਿੱਥੇ ਵੀ ਆਪਣੇ ਪਵਿੱਤਰ ਚਰਨ ਪਾਏ, ਸੰਗਤਾਂ ਨੇ ਆਪ ਜੀ ਦੀ ਯਾਦ ਨੂੰ ਸਦੀਵੀ ਬਣਾਈ ਰੱਖਣ ਲਈ ਉੱਥੇ ਗੁਰਦੁਆਰਾ ਸਾਹਿਬਾਨ ਦੀ ਸਥਾਪਨਾ ਕੀਤੀ ਹੈ। ਆਓ, ਆਪ ਜੀ ਨਾਲ ਸੰਬੰਧਿਤ ਇਤਿਹਾਸਕ ਅਸਥਾਨਾਂ ਬਾਰੇ ਜਾਣਨ ਦਾ ਯਤਨ ਕਰਦੇ ਹਾਂ।

## ਸ੍ਰੀ ਅੰਮ੍ਰਿਤਸਰ

**੧. ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਿੱਖਾਂ ਦਾ ਧਾਰਮਿਕ ਕੇਂਦਰੀ ਅਸਥਾਨ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਾ ਕੇਵਲ ਸ੍ਰੀ ਹਰਿਮੰਦਰ ਸਾਹਿਬ ਦੀ ਇਮਾਰਤ ਦੀ ਅਰੰਭਤਾ ਸਾਂਈਂ ਮੀਆਂ ਮੀਰ ਜੀ ਕੋਲੋਂ ਨੀਂਹ ਰਖਵਾ ਕੇ ੧੫੮੮ ਈ: ਵਿਚ ਕਰਵਾਈ ਸਗੋਂ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸ੍ਰੀ ਅੰਮ੍ਰਿਤਸਰ ਵਿਖੇ ਜਿਸ ਪਵਿੱਤਰ ਸਰੋਵਰ ਦੀ ਖੁਦਵਾਈ ਅਰੰਭ ਕਰਵਾਈ ਉਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਨਿਗਰਾਨੀ ਹੇਠ ਪੱਕਿਆਂ ਵੀ ਕਰਵਾਇਆ। ਇੱਥੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ

** # ੮੩੬੩, ਗਲੀ ਨੰ: ੨, ਗੁਰੂ ਰਾਮਦਾਸ ਨਗਰ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ।*

ਸਾਹਿਬ ਜੀ ਦੇ ਸੰਪਾਦਿਤ ਪਹਿਲੇ ਪਾਵਨ ਸਰੂਪ ਨੂੰ ਪਹਿਲੀ ਵਾਰ ਭਾਦਰੋਂ ਸੁਦੀ ਏਕਮ, ਸੰਮਤ ੧੬੬੧ (੧੬ ਅਗਸਤ, ੧੬੦੪) ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ਿਤ ਕੀਤਾ। ਮਹਾਰਾਜਾ ਰਣਜੀਤ ਸਿੰਘ ਨੇ ਇਸ ਦੀ ਸੁੰਦਰਤਾ ਲਈ ਵਿਸ਼ੇਸ਼ ਯਤਨ ਕੀਤੇ ਅਤੇ ਉਸ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੋਨੇ ਅਤੇ ਸੰਗਮਰਮਰ ਦੀ ਸੇਵਾ ਕਰਵਾਈ।

**੨. ਗੁਰਦੁਆਰਾ ਦੁੱਖ ਭੰਜਨੀ ਬੇਰੀ ਸਾਹਿਬ, ਸ੍ਰੀ ਅੰਮ੍ਰਿਤਸਰ:** ਗੁਰਦੁਆਰਾ ਦੁੱਖ ਭੰਜਨੀ ਬੇਰੀ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੀ ਪੂਰਬ ਦਿਸ਼ਾ ਵਿਚ ਪਵਿੱਤਰ ਸਰੋਵਰ ਦੇ ਕੰਢੇ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਖੁਦਵਾਏ ਗਏ ਸਰੋਵਰ ਨੂੰ ਇੱਥੇ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੀ ਨਿਗਰਾਨੀ ਹੇਠ ਪੱਕਿਆਂ ਕਰਨ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦੀ ਸੇਵਾ ਦੀ ਨਿਗਰਾਨੀ ਕਰਦੇ ਸਨ।

**੩. ਗੁਰਦੁਆਰਾ ਮੰਜੀ ਸਾਹਿਬ, ਸ੍ਰੀ ਅੰਮ੍ਰਿਤਸਰ**: ਇਹ ਗੁਰਦੁਆਰਾ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਕੰਪਲੈਕਸ ਵਿਚ ਹੀ ਸਥਿਤ ਹੈ। ਇਹ ਉਹ ਅਸਥਾਨ ਹੈ ਜਿਸ ਨੂੰ ਪਹਿਲਾਂ 'ਗੁਰੂ ਕਾ ਬਾਗ' ਆਖਿਆ ਜਾਂਦਾ ਸੀ। ਇਸ ਅਸਥਾਨ 'ਤੇ ਬੈਠ ਕੇ ਸ੍ਰੀ ਗੁਰੂ ਅਰਜਨ ਸਾਹਿਬ ਰੋਜ਼ਾਨਾ ਦੀਵਾਨ ਸਜਾਉਂਦੇ ਸਨ। ਇਸ ਅਸਥਾਨ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਹੁਤ ਵੱਡੇ ਹਾਲ ਦਾ ਨਿਰਮਾਣ ਕੀਤਾ ਗਿਆ ਹੈ ਜਿੱਥੇ ਹਰ ਰੋਜ਼ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਲਏ ਗਏ ਹੁਕਮਨਾਮੇ ਰੂਪ ਪਾਵਨ ਸ਼ਬਦ ਦੀ ਵਿਚਾਰ-ਵਿਆਖਿਆ ਕੀਤੀ ਜਾਂਦੀ ਹੈ।

**੪. ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ:** ਗੁਰਦੁਆਰਾ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਵਿਖੇ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਗੁਰੂ ਸਾਹਿਬਾਨ ਆਪਣੀ ਰਿਹਾਇਸ਼ ਰੱਖਿਆ ਕਰਦੇ ਸਨ। ਗੁਰਦੁਆਰਾ 'ਗੁਰੂ ਕੇ ਮਹਿਲ', ਚੌਂਕ ਪਾਸੀਆਂ ਵਿਚ ਹੈ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਜ਼ਦੀਕ 'ਗੁਰੂ ਬਾਜ਼ਾਰ' ਵਿੱਚੋਂ ਲੰਘ ਕੇ ਆਉਂਦਾ ਹੈ। ਅਸਲ ਵਿਚ ਇਹ ਇਕ ਛੋਟੀ ਜਿਹੀ ਕਾਨਿਆਂ ਦੀ ਛਪਰੀ ਸ੍ਰੀ ਗੁਰੂ ਰਾਮਦਾਸ ਜੀ ਨੇ ੧੫੭੩ ਈ: ਵਿਚ ਆਪ ਬਣਾਈ ਸੀ ਜਿਸ ਨੂੰ ਬਾਅਦ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੱਡੀ ਅਤੇ ਖ਼ੂਬਸੂਰਤ ਇਮਾਰਤ ਵਿਚ ਤਬਦੀਲ ਕਰ ਦਿੱਤਾ। ਉਸੇ ਇਮਾਰਤ ਵਿਚ ਹੀ ਹੁਣ 'ਗੁਰਦੁਆਰਾ ਗੁਰੂ ਕੇ ਮਹਿਲ' ਸੁਸ਼ੋਭਿਤ ਹੈ। ਇਸ ਦੇ ਇਕ ਵੱਡੇ ਹਾਲ ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਾ ਪ੍ਰਕਾਸ਼ ਕੀਤਾ ਗਿਆ ਹੈ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪ੍ਰਕਾਸ਼ ਹੋਇਆ ਸੀ, ਇਸ ਲਈ ਉਨ੍ਹਾਂ ਦਾ ਪ੍ਰਕਾਸ਼ ਦਿਵਸ ਇਸ ਅਸਥਾਨ 'ਤੇ ਵਿਸ਼ੇਸ਼ ਰੂਪ 'ਚ ਅਤੇ ਸਲਾਨਾ ਜੋੜ ਮੇਲੇ ਦੇ ਰੂਪ ਵਿਚ ਮਨਾਇਆ ਜਾਂਦਾ ਹੈ ਅਤੇ ਇਸ ਗੁਰਦੁਆਰਾ ਸਾਹਿਬ ਨੂੰ ਅੱਜਕਲ੍ਹ ਸ੍ਰੀ ਗੁਰੂ ਤੇਗ

ਬਹਾਦਰ ਸਾਹਿਬ ਜੀ ਦੇ ਜਨਮ ਅਸਥਾਨ ਕਰਕੇ ਵੀ ਜਾਣਿਆ ਜਾਂਦਾ ਹੈ। ਇਸੇ ਇਤਿਹਾਸਿਕ ਅਸਥਾਨ 'ਤੇ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਵਿਆਹ ਹੋਇਆ ਸੀ ਅਤੇ ਉਨ੍ਹਾਂ ਦੇ ਪੰਜ ਸਪੁੱਤਰ ਅਤੇ ਇਕ ਸਪੁੱਤਰੀ ਦਾ ਜਨਮ ਵੀ ਇਸੇ ਥਾਂ 'ਤੇ ਹੀ ਹੋਇਆ ਸੀ। ਇਸ ਅਸਥਾਨ ਦੀ ਨੌਂ-ਮੰਜ਼ਲਾ ਇਮਾਰਤ ਦੀ ਉਸਾਰੀ ਕਾਰ-ਸੇਵਾ ਰਾਹੀਂ ਕਰਵਾਈ ਗਈ ਹੈ ਅਤੇ ਗੁਰਦੁਆਰਾ ਸਾਹਿਬ ਨੂੰ ਸੁੰਦਰ ਬਣਾਉਣ ਦੀ ਸੇਵਾ ਅਜੇ ਜਾਰੀ ਹੈ। ਗੁਰਦੁਆਰਾ ਸਾਹਿਬ ਦੇ ਗੁੰਬਦ ਦੇ ਸੋਨੇ ਦੇ ਕਲਸ਼ ਦੂਰੋਂ ਹੀ ਨਜ਼ਰ ਆਉਂਦੇ ਹਨ।

**੫. ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ:** ਗੁਰਦੁਆਰਾ ਰਾਮਸਰ ਸਾਹਿਬ ਸ੍ਰੀ ਅੰਮ੍ਰਿਤਸਰ ਚਾਟੀਵਿੰਡ ਗੇਟ ਦੇ ਨਜ਼ਦੀਕ ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ ਦੇ ਨਜ਼ਦੀਕ ਰਾਮਸਰ ਸਰੋਵਰ ਦੇ ਕੰਢੇ 'ਤੇ ਸੁਸ਼ੋਭਿਤ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਨੂੰ ਮੁਕੰਮਲ ਕਰਨ ਤੋਂ ਬਾਅਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਇਸੇ ਅਸਥਾਨ 'ਤੇ ਕੀਤਾ ਅਤੇ ਇਸ ਅਸਥਾਨ ਦੀ ਸੁੰਦਰਤਾ ਨੂੰ ਵਧਾਉਣ ਲਈ ਇੱਥੇ ੧੬੦੨ ਈ: ਵਿਚ ਇਕ ਸਰੋਵਰ ਦੀ ਖੁਦਾਈ ਕਰਵਾਈ ਜਿਸ ਦਾ ਨਾਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਨਾਂ 'ਤੇ 'ਰਾਮਸਰ' ਰੱਖਿਆ। ਸਰੋਵਰ ਕੰਢੇ ਬਣੇ ਗੁਰਦੁਆਰਾ ਸਾਹਿਬ ਦਾ ਨਾਂ ਵੀ ਸਰੋਵਰ ਦੇ ਨਾਂ 'ਤੇ ਗੁਰਦੁਆਰਾ ਰਾਮਸਰ ਸਾਹਿਬ ਰੱਖ ਦਿੱਤਾ ਗਿਆ। ਪਹਿਲਾਂ ਇਸ ਅਸਥਾਨ 'ਤੇ ਬੇਰੀ, ਬੋਹੜ, ਪਿੱਪਲ, ਟਾਹਲੀ ਅਤੇ ਅੰਬ ਦੇ ਪੰਜ ਦਰੱਖਤ ਹੁੰਦੇ ਸਨ। ਇੱਥੇ ਹੀ ਬੇਰੀ ਦੇ ਦਰੱਖਤ ਹੇਠਾਂ ਬੈਠ ਕੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਦੁਆਰਾ ਮੰਜੀ ਸਾਹਿਬ ਵਾਲੀ ਥਾਂ 'ਤੇ 'ਸੁਖਮਨੀ ਸਾਹਿਬ' ਦੀ ਰਚਨਾ ਕੀਤੀ। ਕਾਰ ਸੇਵਾ ਵਾਲੇ ਬਾਬਾ ਖੜਕ ਸਿੰਘ ਜੀ ਨੇ ਇਸੇ ਥਾਂ 'ਤੇ ਛੇ-ਮੰਜ਼ਲਾ ਸੁੰਦਰ ਇਮਾਰਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ' ਦੀ ਉਸਾਰੀ ਕਰਵਾਈ ਹੈ ਜਿਸ ਦੀ ਬੇਸਮੈਂਟ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਗੋਲਡਨ ਆਫਸੈੱਟ ਪ੍ਰੈਸ ਚੱਲ ਰਹੀ ਹੈ।

**੬. ਗੁਰਦੁਆਰਾ ਟਾਹਲੀ ਸਾਹਿਬ (ਸੰਤੋਖਸਰ), ਸ੍ਰੀ ਅੰਮ੍ਰਿਤਸਰ:** ਗੁਰਦੁਆਰਾ ਟਾਹਲੀ ਸਾਹਿਬ ਸੰਤੋਖਸਰ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਕੋਤਵਾਲੀ ਦੇ ਸਾਹਮਣੇ ਸੁਸ਼ੋਭਿਤ ਹੈ। ਇਸ ਅਸਥਾਨ 'ਤੇ ਸ੍ਰੀ ਗੁਰੂ ਰਾਮਦਾਸ ਜੀ ਨੇ ਸਰੋਵਰ ਦੀ ਖੁਦਾਈ ਅਰੰਭ ਕਰਵਾਈ ਸੀ ਜਿਸ ਨੂੰ ਬਾਅਦ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਜੀ ਨੇ ਸੰਪੂਰਨ ਕਰਵਾਇਆ। ਇਸ ਸਰੋਵਰ ਦੀ ਖੁਦਾਈ ਸ੍ਰੀ ਗੁਰੂ ਰਾਮਦਾਸ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਤੋਂ ਪਹਿਲਾਂ ਸੰਨ ੧੫੭੦ ਵਿਚ ਕਰਵਾਈ ਸੀ। ਇਸ ਪਵਿੱਤਰ ਅਸਥਾਨ 'ਤੇ ਉਸ ਪ੍ਰਾਚੀਨ ਟਾਹਲੀ ਦੇ ਦਰੱਖਤ ਦਾ ਤਣਾ ਸੰਭਾਲ ਕੇ ਰੱਖਿਆ ਹੋਇਆ ਹੈ, ਜਿਸ ਦੀ ਛਾਂ ਹੇਠ ਬੈਠ ਕੇ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਬਾਬਾ ਬੁੱਢਾ ਸਾਹਿਬ ਜੀ ਸਰੋਵਰ

ਦੀ ਕਾਰ-ਸੇਵਾ ਦੀ ਨਿਗਰਾਨੀ ਕਰਿਆ ਕਰਦੇ ਸਨ। ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦੀ ਉਸਾਰੀ ਕਾਰ-ਸੇਵਾ ਰਾਹੀਂ ਤਿਆਰ ਕਰਵਾਈ ਗਈ ਹੈ।

**੭. ਗੁਰਦੁਆਰਾ ਪਿੱਪਲੀ ਸਾਹਿਬ, ਸ੍ਰੀ ਅੰਮ੍ਰਿਤਸਰ:** ਗੁਰਦੁਆਰਾ ਪਿੱਪਲੀ ਸਾਹਿਬ ਰੇਲਵੇ ਸਟੇਸ਼ਨ ਅੰਮ੍ਰਿਤਸਰ ਤੋਂ ਅਟਾਰੀ ਸਰਹੱਦ ਜਾਂਦੀ ਸੜਕ 'ਤੇ ਪੁਤਲੀਘਰ ਚੌਂਕ ਤੋਂ ਅਬਾਦੀ ਇਸਲਾਮਾਬਾਦ ਵਾਲੇ ਬਜ਼ਾਰ ਦੇ ਵਿਚਕਾਰ ਸ੍ਰੀ ਅੰਮ੍ਰਿਤਸਰ ਦੇ ਮਸ਼ਹੂਰ ਖਾਲਸਾ ਕਾਲਜ ਦੇ ਨਜ਼ਦੀਕ ਸੁਸ਼ੋਭਿਤ ਹੈ। ਇੱਥੇ ਇਕ ਖੂਹ ਵੀ ਹੈ। ਇੱਥੇ ਪਹਿਲਾਂ ਪਿੱਪਲ ਦੇ ਬਹੁਤ ਦਰੱਖਤ ਹੁੰਦੇ ਸਨ ਅਤੇ ਪਿੱਪਲ ਦਾ ਇਕ ਵੱਡਾ ਦਰੱਖਤ ਅੱਜ ਵੀ ਮੌਜੂਦ ਹੈ ਜਿਸ ਕਾਰਨ ਗੁਰਦੁਆਰੇ ਦਾ ਨਾਂ 'ਪਿੱਪਲੀ ਸਾਹਿਬ' ਪੈ ਗਿਆ। ਇਹ ਉਹ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਮਹਿਲ ਮਾਤਾ ਗੰਗਾ ਜੀ ਨਾਲ ਸੰਗਤਾਂ ਦੀ ਹੱਥੀਂ ਲੰਗਰ ਅਤੇ ਪੱਖਾ-ਪਾਣੀ ਆਦਿ ਦੀ ਸੇਵਾ ਕਰਿਆ ਕਰਦੇ ਸਨ। ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਵਿਖੇ ਸ਼ਹੀਦੀ ਦੇਣ ਲਈ ਜਾ ਰਹੇ ਸਨ ਤਾਂ ਬਹੁਤ ਸਾਰੀਆਂ ਸੰਗਤਾਂ ਆਪ ਜੀ ਨਾਲ ਜਾਣ ਲਈ ਚੱਲ ਪਈਆਂ ਤਾਂ ਇਸੇ ਅਸਥਾਨ ਤੋਂ ਹੀ ਗੁਰੂ ਸਾਹਿਬ ਦੀ ਆਗਿਆ ਮੰਨ ਕੇ ਵਾਪਸ ਮੁੜੀਆਂ ਸਨ।

**੮. ਗੁਰਦੁਆਰਾ ਦਰਸ਼ਨੀ ਡਿਉੜ੍ਹੀ, ਸ੍ਰੀ ਅੰਮ੍ਰਿਤਸਰ**: ਗੁਰਦੁਆਰਾ ਸਾਹਿਬ ਦਰਸ਼ਨੀ ਡਿਉੜ੍ਹੀ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਪੈਂਦੇ ਬਜ਼ਾਰ ਮਾਈ ਸੇਵਾਂ ਵਿਚ ਸੁਸ਼ੋਭਿਤ ਹੈ। ਇਸ ਬਜ਼ਾਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਸਾਇਆ ਸੀ ਇਸੇ ਲਈ ਇਸ ਬਜ਼ਾਰ ਦਾ ਨਾਮ 'ਗੁਰੂ ਬਜ਼ਾਰ' ਮਸ਼ਹੂਰ ਹੋਇਆ। ਆਪਣੀ ਰਿਹਾਇਸ਼ 'ਗੁਰੂ ਕੇ ਮਹਿਲ' ਤੋਂ ਸ੍ਰੀ ਹਰਿਮੰਦਰ ਸਾਹਿਬ ਵੱਲ ਜਾਂਦੇ ਸਮੇਂ ਇੱਥੇ ਜਿੱਥੋਂ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਹੋਣ 'ਤੇ ਗੁਰੂ ਸਾਹਿਬ ਨਤਮਸਤਕ ਹੁੰਦੇ ਸਨ। ਉੱਥੇ ਗੁਰੂ ਸਾਹਿਬ ਦੀ ਯਾਦਗਾਰ ਸੁੰਦਰ ਦਰਵਾਜ਼ਾ ਜਿਸ ਨੂੰ 'ਦਰਸ਼ਨੀ ਡਿਉੜ੍ਹੀ' ਕਿਹਾ ਜਾਂਦਾ ਹੈ ਨਜ਼ਰੀਂ ਪੈਂਦਾ ਹੈ।

**੯. ਗੁਰਦੁਆਰਾ ਤੂਤ ਸਾਹਿਬ, ਸੁਲਤਾਨਵਿੰਡ, ਸ੍ਰੀ ਅੰਮ੍ਰਿਤਸਰ:** ਸ੍ਰੀ ਅੰਮ੍ਰਿਤਸਰ ਦੇ ਪਿੰਡ ਸੁਲਤਾਨਵਿੰਡ ਵਿਚ ਜਿਸ ਥਾਂ ਉੱਤੇ ਇਕ ਤੂਤ ਦੇ ਦਰੱਖ਼ਤ ਹੇਠਾਂ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਅਰਾਮ ਕਰਿਆ ਕਰਦੇ ਸਨ, ਉਸ ਥਾਂ 'ਤੇ ਗੁਰੂ ਸਾਹਿਬ ਦੀ ਪਵਿੱਤਰ ਯਾਦ ਵਿਚ ਗੁਰਦੁਆਰਾ ਤੂਤ ਸਾਹਿਬ ਸੁਸ਼ੋਭਿਤ ਹੈ।

**੧੦. ਗੁਰਦੁਆਰਾ ਸਾਹਿਬ ਗੁਰੂ ਕਾ ਬਾਗ, ਘੁੱਕੇਵਾਲੀ:** ਗੁਰਦੁਆਰਾ ਗੁਰੂ ਕਾ ਬਾਗ ਘੁੱਕੇਵਾਲੀ, ਸ੍ਰੀ ਅੰਮ੍ਰਿਤਸਰ ਤੋਂ ਵਾਇਆ ਅਜਨਾਲਾ ਡੇਰਾ ਬਾਬਾ ਨਾਨਕ ਜਾਂਦੇ ਸਮੇਂ ਸੜਕ ਉੱਤੇ ਪੈਂਦੇ ਪਿੰਡ ਘੁੱਕੇਵਾਲੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। 'ਮਹਾਨ ਕੋਸ਼' ਅਨੁਸਾਰ ਪਿੰਡ ਸਹਿੰਸਰੇ ਦੀ ਸੰਗਤ ਦੀ ਪ੍ਰੇਰਨਾਮਈ ਬੇਨਤੀ ਉਪਰੰਤ ਗੁਰੂ ਸਾਹਿਬ ਇੱਥੇ ਆਏ ਸਨ। ਗੁਰਦੁਆਰਾ ਸਾਹਿਬ ਦੇ ਨਾਮ ਨਾਲ ਬਹੁਤ ਸਾਰੀ ਜ਼ਮੀਨ ਹੈ, ਜਿੱਥੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਾਗ ਲਗਵਾਇਆ ਸੀ। ਬਾਗ ਲਗਵਾਉਣ ਤੋਂ ਪਹਿਲਾਂ

ਇਹ ਅਸਥਾਨ 'ਗੁਰੂ ਕੀ ਰੌੜ' ਕਰਕੇ ਪ੍ਰਸਿੱਧ ਸੀ। ਇਹ ਉਹੀ ਇਤਿਹਾਸਿਕ ਬਾਗ ਹੈ ਜਿੱਥੋਂ ਲੱਕੜਾਂ ਕੱਟਣ ਦੇ ਸਵਾਲ 'ਤੇ ਪੰਥ-ਦੋਖੀਆਂ ਵੱਲੋਂ ਖੜ੍ਹੇ ਕੀਤੇ ਗਏ ਝਗੜੇ ਉਪਰੰਤ ਪੰਥ ਨੂੰ ਗੁਰੂ ਕੇ ਬਾਗ ਦਾ ਮੋਰਚਾ ਲਾਉਣਾ ਪਿਆ। ਗੁਰਦੁਆਰਾ ਸਾਹਿਬ ਦੇ ਨਾਲ ਸਰੋਵਰ ਵੀ ਹੈ ਜਿਸ ਦੇ ਨਜ਼ਦੀਕ ਗੁਰੂ ਕੇ ਬਾਗ ਦੇ ਮੋਰਚੇ ਦੇ ਸ਼ਹੀਦਾਂ ਦੀ ਯਾਦਗਾਰ ਉਸਾਰੀ ਗਈ ਹੈ।

**੧੧. ਗੁਰਦੁਆਰਾ ਛੇਹਰਟਾ ਸਾਹਿਬ, ਗੁਰੂ ਕੀ ਵਡਾਲੀ**: ਗੁਰਦੁਆਰਾ ਛੇਹਰਟਾ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਪਿੰਡ ਵਡਾਲੀ ਜਿਸ ਨੂੰ 'ਗੁਰੂ ਕੀ ਵਡਾਲੀ' ਆਖਿਆ ਜਾਂਦਾ ਹੈ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇੱਥੇ ਗੁਰੂ ਸਾਹਿਬ ਨੇ ਛੇ-ਹਰਟਾਂ ਦੇ ਚੱਲ ਸਕਣ ਵਾਲਾ ਬਹੁਤ ਵੱਡਾ ਖੂਹ ਬਣਵਾਇਆ ਸੀ। ਗੁਰੂ ਸਾਹਿਬ ਦੀ ਪਵਿੱਤਰ ਛੋਹ ਪ੍ਰਾਪਤ ਇਹ ਖੂਹ ਅੱਜ ਵੀ ਮੌਜੂਦ ਹੈ। ਇਸ ਛੇ-ਹਰਟਾਂ ਵਾਲੇ ਖੂਹ ਦੇ ਨਾਮ 'ਤੇ ਗੁਰਦੁਆਰਾ ਸਾਹਿਬ ਦਾ ਨਾਮ ਛੇਹਰਟਾ ਸਾਹਿਬ ਪ੍ਰਸਿੱਧ ਹੋ ਗਿਆ। ਅੱਜ ਵੀ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਲਈ ਇਸ ਖੂਹ ਦਾ ਪਾਣੀ ਵਰਤਿਆ ਜਾਂਦਾ ਹੈ।

**੧੨. ਗੁਰਦੁਆਰਾ ਚੁਬੱਚਾ ਸਾਹਿਬ, ਥਾਂਦੇ:** ਸ੍ਰੀ ਅੰਮ੍ਰਿਤਸਰ ਦਾ ਇਕ ਪਿੰਡ ਥਾਂਦੇ ਹੈ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ 'ਗੁਰਦੁਆਰਾ ਚੁਬੱਚਾ ਸਾਹਿਬ' ਸੁਸ਼ੋਭਿਤ ਹੈ।

**੧੩. ਗੁਰਦੁਆਰਾ ਸਾਹਿਬ, ਮੱਲੂਨੰਗਲ:** ਸ੍ਰੀ ਅੰਮ੍ਰਿਤਸਰ ਦੇ ਨਗਰ ਅਜਨਾਲਾ ਦੇ ਨੇੜਲੇ ਇਕ ਪਿੰਡ ਮੱਲੂਨੰਗਲ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

## ਤਰਨਤਾਰਨ

**੧. ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ:** ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਮਦ ਦੀ ਯਾਦ ਵਿਚ ਬਹੁਤ ਹੀ ਸ਼ਾਨਦਾਰ ਇਮਾਰਤ ਦੇ ਰੂਪ ਵਿਚ ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਅੰਦਰ ਛੱਤ ਅਤੇ ਦੀਵਾਰਾਂ ਉੱਪਰ ਬਹੁਤ ਹੀ ਸੁੰਦਰ ਮੀਨਾਕਾਰੀ ਕੀਤੀ ਗਈ ਹੈ। ਗੁਰਦੁਆਰਾ ਸਾਹਿਬ ਵਿਚ ਸਵੇਰ ਤੋਂ ਸ਼ਾਮ ਤਕ ਗੁਰਬਾਣੀ ਕੀਰਤਨ ਹੁੰਦਾ ਰਹਿੰਦਾ ਹੈ। ਤਰਨਤਾਰਨ ਸਿੱਖਾਂ ਦਾ ਪ੍ਰਮੁੱਖ ਨਗਰ ਹੈ। ਇਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਿੰਡ ਖਾਰਾ ਅਤੇ ਪਲਾਸੌਰ ਦੀ ਜ਼ਮੀਨ ਖਰੀਦ ਕੇ ਆਪ ਵਸਾਇਆ। ਇੱਥੇ ਗੁਰੂ ਅਰਜਨ ਦੇਵ ਜੀ ਨੇ ਇਕ ਵਿਸ਼ਾਲ ਸਰੋਵਰ ਦੀ ਖੁਦਾਈ ਕਰਵਾਈ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਸਰੋਵਰ ਦੀਆਂ ਪੌੜੀਆਂ ਅਤੇ ਪਰਕਰਮਾ ਦੀ ਉਸਾਰੀ ਕਰਵਾਈ। ਮਹਾਰਾਜੇ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦੇ ਗੁੰਬਦਾਂ ਵਾਸਤੇ ਸੋਨਾ ਵੀ ਭੇਟਾ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਨਗਰ ਵਿਚ ਰੋਗੀਆਂ ਲਈ ਦਵਾਖਾਨਾ ਵੀ ਸਥਾਪਿਤ ਕੀਤਾ।

**੨. ਹਰਿ ਕੀ ਪਉੜੀ, ਤਰਨਤਾਰਨ:** 'ਹਰਿ ਕੀ ਪਉੜੀ' ਵਾਲੀਆਂ ਪੌੜੀਆਂ ਸ੍ਰੀ ਦਰਬਾਰ ਸਾਹਿਬ ਤੋਂ ਸਰੋਵਰ ਤਕ ਜਾਂਦੀਆਂ ਹਨ। ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਦੀ ਖੁਦਾਈ ਲਈ ਸਭ ਤੋਂ ਪਹਿਲਾ ਟੱਕ ਇੱਥੇ ਹੀ ਲਾਇਆ ਸੀ।

**੩. ਗੁਰਦੁਆਰਾ ਮੰਜੀ ਸਾਹਿਬ, ਤਰਨਤਾਰਨ:** ਗੁਰਦੁਆਰਾ ਮੰਜੀ ਸਾਹਿਬ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੇ ਕੰਪਲੈਕਸ ਵਿਚ ਹੀ ਸੁਸ਼ੋਭਿਤ ਹੈ। ਇਹ ਉਹ ਅਸਥਾਨ ਹੈ ਜਿੱਥੇ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਸਰੋਵਰ ਦੀ ਖੁਦਾਈ ਦੀ ਨਿਗਰਾਨੀ ਕਰਿਆ ਕਰਦੇ ਸਨ। ਅੱਜਕਲ੍ਹ ਇਸ ਦੇ ਨਾਲ ਇਕ ਬਹੁਤ ਵੱਡੇ ਹਾਲ ਦਾ ਨਿਰਮਾਣ ਹੋ ਚੁੱਕਾ ਹੈ।

**੪. ਗੁਰਦੁਆਰਾ ਗੁਰੂ ਕਾ ਖੂਹ, ਤਰਨਤਾਰਨ:** ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ ਤਰਨਤਾਰਨ ਦੇ ਨਜ਼ਦੀਕ ਇਕ ਖੂਹ ਦਾ ਨਿਰਮਾਣ ਵੀ ਕਰਵਾਇਆ, ਜਿਸ ਦੇ ਨਜ਼ਦੀਕ ਹੀ ਉਨ੍ਹਾਂ ਨੇ ਆਪਣੇ ਅਰਾਮ ਲਈ ਇਕ ਛੋਟੀ ਜਿਹੀ ਛਪਰੀ ਵੀ ਬਣਵਾਈ ਸੀ, ਇਸ ਲਈ ਇਸ ਖੂਹ ਨੂੰ ਮੰਜੀ ਸਾਹਿਬ ਗੁਰੂ ਕਾ ਖੂਹ ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ, ਜਿੱਥੇ ਅੱਜਕਲ੍ਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

**੫. ਗੁਰਦੁਆਰਾ ਸਾਹਿਬ ਜਨਮ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ, ਗੋਇੰਦਵਾਲ:** ਗੁਰਦੁਆਰਾ ਸਾਹਿਬ ਜਨਮ ਅਸਥਾਨ ਸ੍ਰੀ ਗੁਰੂ ਅਰਜਨ ਦੇਵ ਜੀ ਗੋਇੰਦਵਾਲ ਵਿਖੇ ਗੁਰਦੁਆਰਾ ਚੁਬਾਰਾ ਸਾਹਿਬ ਦੇ ਵਿਹੜੇ ਵਿਚ ਸੁਸ਼ੋਭਿਤ ਹੈ। ਇੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ ਸੀ।

**੬. ਗੁਰਦੁਆਰਾ ਚੁਬੱਚਾ ਸਾਹਿਬ, ਸਰਹਾਲੀ:** ਗੁਰਦੁਆਰਾ ਚੁਬੱਚਾ ਸਾਹਿਬ, ਤਰਨਤਾਰਨ ਜ਼ਿਲ੍ਹੇ ਦੇ ਇਕ ਪਿੰਡ ਸਰਹਾਲੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪਰਵਾਰ ਸਮੇਤ ਠਹਿਰੇ ਸਨ। ਗੁਰਦੁਆਰਾ ਸਾਹਿਬ ਦੇ ਤਹਿਖਾਨੇ ਵਿਚ ਪਾਣੀ ਇਕੱਠਾ ਕਰਨ ਲਈ ਇਕ ਚੁਬੱਚਾ ਬਣਿਆ ਹੋਇਆ ਹੈ ਜਿਸ ਕਾਰਨ ਗੁਰਦੁਆਰਾ ਸਾਹਿਬ ਦਾ ਨਾਮ ਗੁਰਦੁਆਰਾ ਚੁਬੱਚਾ ਸਾਹਿਬ ਪ੍ਰਸਿੱਧ ਹੋ ਗਿਆ।

**੭. ਗੁਰਦੁਆਰਾ ਚੋਹਲਾ ਸਾਹਿਬ, ਸਰਹਾਲੀ:** ਗੁਰਦੁਆਰਾ ਚੋਹਲਾ ਸਾਹਿਬ, ਤਰਨਤਾਰਨ ਦੇ ਇਕ ਪਿੰਡ ਸਰਹਾਲੀ ਤੋਂ ਚਾਰ ਕੁ ਮੀਲ ਦੀ ਦੂਰੀ 'ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਇਕ ਮਾਈ ਗੁਰੂ ਜੀ ਵਾਸਤੇ ਬਹੁਤ ਸੁਆਦਲਾ ਤੇ ਰਸਦਾਇਕ ਭੋਜਨ ਤਿਆਰ ਕਰਕੇ ਲੈ ਕੇ ਆਈ ਜਿਸ 'ਤੇ ਇੱਥੇ ਗੁਰੂ ਸਾਹਿਬ ਨੇ 'ਹਰਿ ਨਾਮ ਭੋਜਨ ਇਹੁ ਨਾਨਕ ਕੀਨੋ ਚੋਲਾ' ਸ਼ਬਦ ਉਚਾਰਿਆ ਸੀ। ਗੁਰੂ ਸਾਹਿਬ ਦੀ ਪਵਿੱਤਰ ਛੋਹ ਪ੍ਰਾਪਤ ਇਕ ਖੂਹ ਇੱਥੇ ਅੱਜ ਵੀ ਨਜ਼ਰੀਂ ਪੈਂਦਾ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਛੋਹ ਵੀ ਇਸ ਅਸਥਾਨ

ਨੂੰ ਪ੍ਰਾਪਤ ਹੈ।

**੮. ਗੁਰਦੁਆਰਾ ਝਾੜ ਸਾਹਿਬ, ਪਿੰਡ ਕੈਰੋਂ**: ਗੁਰਦੁਆਰਾ ਝਾੜ ਸਾਹਿਬ ਕੈਰੋਂ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਕੈਰੋਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਮਦ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਗੁਰੂ ਸਾਹਿਬ ਇੱਥੇ ਆਪਣੀ ਇਕ ਪ੍ਰਚਾਰ-ਫੇਰੀ ਦੌਰਾਨ ਆ ਕੇ ਰੁਕੇ ਸਨ ਅਤੇ ਇੱਥੇ ਹੀ ਉਨ੍ਹਾਂ ਨੇ ਆਪਣਾ ਘੋੜਾ ਇਕ ਕਰੀਰ ਦੇ ਦਰੱਖਤ ਨਾਲ ਬੰਨ੍ਹਿਆ ਸੀ। ਨਵੀਂ ਇਮਾਰਤ ਦੀ ਉਸਾਰੀ ਦੌਰਾਨ ਉਹ ਕਰੀਰ ਦਾ ਦਰੱਖਤ ਅਲੋਪ ਹੋ ਗਿਆ। ਗੁਰਦੁਆਰਾ ਸਾਹਿਬ ਦੇ ਨਾਲ ਸਰੋਵਰ ਵੀ ਸੁਸ਼ੋਭਿਤ ਹੈ।

**੯. ਗੁਰਦੁਆਰਾ ਸਾਹਿਬ ਖਾਨ ਛਾਪਰੀ, ਤਰਨਤਾਰਨ:** ਖਾਨ ਛਾਪਰੀ ਜ਼ਿਲ੍ਹਾ ਤਰਨਤਾਰਨ ਦਾ ਇਕ ਪਿੰਡ ਹੈ। ਡਾਕ-ਘਰ ਫਤਿਹਾਬਾਦ ਤੋਂ ੫ ਕਿਲੋਮੀਟਰ ਅਤੇ ਰੇਲਵੇ ਸਟੇਸ਼ਨ ਤਰਨਤਾਰਨ ਤੋਂ ੧੯ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਇਕ ਛੋਟਾ ਜਿਹਾ ਪਿੰਡ ਹੈ, ਜਿਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਇਲਾਵਾ ਸ੍ਰੀ ਗੁਰੂ ਅੰਗਦ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਵੀ ਆਪਣੇ ਪਵਿੱਤਰ ਚਰਨ ਪਾਏ ਹਨ। ਗੁਰੂ ਸਾਹਿਬਾਨ ਦੀ ਪਵਿੱਤਰ ਆਮਦ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਤਿਹਾਸਿਕ ਸਰੋਤਾਂ ਅਨੁਸਾਰ ਸਿਆਲ ਦੀ ਰੁੱਤ ਵਿਚ ਭਾਰੀ ਬਾਰਸ਼ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਸਿੱਖਾਂ ਸਮੇਤ ਇੱਥੇ ਇਕ ਗਰੀਬ ਕਿਸਾਨ ਭਾਈ ਹੇਮਾਂ ਦੀ ਬੇਨਤੀ 'ਤੇ ਉਸ ਦੀ ਛਾਪਰੀ ਵਿਚ ਵਿਸ਼ਰਾਮ ਲਈ ਰੁਕੇ ਸਨ। ਕਈ ਵਿਦਵਾਨਾਂ ਵੱਲੋਂ ਇੱਥੇ ਹੀ ਗੁਰੂ ਸਾਹਿਬ ਨੇ 'ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ॥' ਸ਼ਬਦ ਦਾ ਉਚਾਰਨ ਕੀਤਾ ਮੰਨਿਆ ਜਾਂਦਾ ਸੀ।

**੧੦. ਗੁਰਦੁਆਰਾ ਸਾਹਿਬ, ਖਾਰਾ:** ਇਹ ਗੁਰਦੁਆਰਾ ਸਾਹਿਬ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਖਾਰਾ ਜੋ ਸ੍ਰੀ ਅੰਮ੍ਰਿਤਸਰ-ਤਰਨਤਾਰਨ ਸੜਕ ਉੱਤੇ ਸਥਿਤ ਹੈ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਗੁਰੂ ਸਾਹਿਬ ਦੀ ਆਮਦ ਦੀ ਯਾਦ ਵਿਚ ਇਸ ਪਿੰਡ ਵਿਚ ਦੋ ਗੁਰਦੁਆਰਾ ਸਾਹਿਬ ਸੁਸ਼ੋਭਿਤ ਹਨ। ਗੁਰਦੁਆਰਾ ਕੰਪਲੈਕਸ ਵਿਚ ਗੁਰੂ ਸਾਹਿਬ ਦੀ ਪਵਿੱਤਰ ਛੋਹ ਪ੍ਰਾਪਤ ਇਕ ਖੂਹ ਅਤੇ ਸਰੋਵਰ ਵੀ ਮੌਜੂਦ ਹਨ। ਇਤਿਹਾਸਿਕ ਸਰੋਤ ਦੱਸਦੇ ਹਨ ਕਿ ਇਸ ਸਰੋਵਰ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਪੱਕਾ ਕਰਵਾਇਆ ਸੀ।

**੧੧. ਗੁਰਦੁਆਰਾ ਸਾਹਿਬ ਗੁਰੂ ਕੀ ਕੋਠੜੀ, ਚੋਹਲਾ ਸਾਹਿਬ:** ਗੁਰਦੁਆਰਾ ਸਾਹਿਬ ਗੁਰੂ ਕੀ ਕੋਠੜੀ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਚੋਹਲਾ ਦੇ ਅੰਦਰਵਾਰ ਸੁਸ਼ੋਭਿਤ ਹੈ। ਇਹ ਉਹ ਅਸਥਾਨ ਹੈ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਉਨ੍ਹਾਂ ਦੇ ਮਹਿਲ ਮਾਤਾ ਗੰਗਾ ਜੀ ਨੇ ਆਪਣੀ ਰਿਹਾਇਸ਼ ਰੱਖੀ ਸੀ। ਇਸੇ ਕਰਕੇ ਇਸ ਗੁਰਦੁਆਰਾ ਸਾਹਿਬ ਨੂੰ 'ਮਾਤਾ ਗੰਗਾ ਜੀ ਦਾ ਅਸਥਾਨ' ਵੀ ਆਖਿਆ ਜਾਂਦਾ ਹੈ।

ਇੱਥੇ ਵੀ ਪਵਿੱਤਰ ਛੋਹ ਪ੍ਰਾਪਤ ਪੁਰਾਤਨ ਖੂਹ ਅੱਜ ਵੀ ਮੌਜੂਦ ਹੈ।

**੧੨. ਗੁਰਦੁਆਰਾ ਝਾੜ ਸਾਹਿਬ, ਪਿੰਡ ਵਾਂ:** ਗੁਰਦੁਆਰਾ ਝਾੜ ਸਾਹਿਬ ਪਾਤਸ਼ਾਹੀ ਪੰਜਵੀਂ ਤਰਨਤਾਰਨ ਦੇ ਪਿੰਡ ਵਾਂ ਦੇ ਨਜ਼ਦੀਕ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇੱਥੇ ਜਿਸ ਕਰੀਰ ਦੇ ਰੁੱਖ ਨਾਲ ਗੁਰੂ ਸਾਹਿਬ ਨੇ ਆਪਣਾ ਘੋੜਾ ਬੰਨ੍ਹਿਆ ਸੀ ਉਹ ਅੱਜ ਵੀ ਮੌਜੂਦ ਹੈ।

## ਜਲੰਧਰ

**੧. ਗੁਰਦੁਆਰਾ ਥੰਮ੍ਹ ਜੀ ਸਾਹਿਬ, ਕਰਤਾਰਪੁਰ :** ਗੁਰਦੁਆਰਾ ਥੰਮ੍ਹ ਜੀ ਸਾਹਿਬ ਜ਼ਿਲ੍ਹਾ ਜਲੰਧਰ ਦੇ ਇਤਿਹਾਸਿਕ ਨਗਰ ਕਰਤਾਰਪੁਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦਗਾਰ ਵਜੋਂ ਸੁਸ਼ੋਭਿਤ ਹੈ। ਕਰਤਾਰਪੁਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਦਸ਼ਾਹ ਅਕਬਰ ਦੇ ਸਮੇਂ ਵਸਾਇਆ ਸੀ। ਇਸ ਅਸਥਾਨ ’ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਦੀਵਾਨਖਾਨਾ ਬਣਵਾਇਆ ਸੀ, ਜਿਸ ਦੇ ਵਿਚਕਾਰ ਪੱਕੇ ਥੰਮ੍ਹ ਦੀ ਜਗ੍ਹਾ ਟਾਹਲੀ ਦਾ ਥੰਮ੍ਹ ਸੀ, ਜਿਸ ਕਰਕੇ ਇਸ ਗੁਰਦੁਆਰੇ ਦਾ ਨਾਮ ਥੰਮ੍ਹ ਜੀ ਸਾਹਿਬ ਪ੍ਰਸਿੱਧ ਹੋ ਗਿਆ। ਇਸ ਧਰਤੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਇਲਾਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

**੨. ਗੁਰਦੁਆਰਾ ਗੰਗਸਰ, ਪਾਤਸ਼ਾਹੀ ਪੰਜਵੀਂ, ਕਰਤਾਰਪੁਰ:** ਗੁਰਦੁਆਰਾ ਗੰਗਸਰ, ਪਾਤਸ਼ਾਹੀ ਪੰਜਵੀਂ ਕਰਤਾਰਪੁਰ ਜ਼ਿਲ੍ਹਾ ਜਲੰਧਰ ਤੋਂ ਥੋੜ੍ਹੀ ਦੂਰੀ ’ਤੇ ਸੁਸ਼ੋਭਿਤ ਹੈ। ਇਸ ਅਸਥਾਨ ’ਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਖੂਹ ਖੁਦਵਾਇਆ ਸੀ। ਗੁਰਦੁਆਰਾ ਸਾਹਿਬ ਦੇ ਪ੍ਰਕਾਸ਼ ਅਸਥਾਨ ਦੇ ਨਜ਼ਦੀਕ ਉਹ ਥੜ੍ਹਾ ਅੱਜ ਵੀ ਮੌਜੂਦ ਹੈ, ਜਿਸ ਬਾਰੇ ਸਰੋਤ ਦੱਸਦੇ ਹਨ ਕਿ ਇੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਬੈਠ ਕੇ ਸੰਗਤਾਂ ਨੂੰ ਉਪਦੇਸ਼ ਦੇਂਦੇ ਸਨ।

**੩. ਗੁਰਦੁਆਰਾ ਸਾਹਿਬ ਸ਼ੀਸ਼ ਮਹਿਲ, ਕਰਤਾਰਪੁਰ:** ਗੁਰਦੁਆਰਾ ਸਾਹਿਬ ਸ਼ੀਸ਼ ਮਹਿਲ ਅਸਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਿਹਾਇਸ਼ ਵਾਲੇ ਅਸਥਾਨ ਉੱਤੇ ਹੀ ਕਰਤਾਰਪੁਰ ਵਿਖੇ ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਵਿਚ, ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਤਿਆਰ ਕਰਵਾਈ ਗਈ ਪਹਿਲੀ ਆਦਿ ਗ੍ਰੰਥ ਸਾਹਿਬ ਜੀ ਦੀ ਬੀੜ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੁਟਕਾ ਵੀ ਮੌਜੂਦ ਹੈ। ਇਸ ਤੋਂ ਇਲਾਵਾ ਇੱਥੇ ਗੁਰੂ ਸਾਹਿਬਾਨ ਨਾਲ ਸੰਬੰਧਿਤ ਹੋਰ ਵੀ ਬਹੁਤ ਸਾਰੀਆਂ ਪਵਿੱਤਰ ਨਿਸ਼ਾਨੀਆਂ ਜਿਵੇਂ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਖੜਗ ਜਿਸ ਨਾਲ ਨਾਲ ਪੈਂਦਾ ਖ਼ਾਨ ਮਾਰਿਆ ਸੀ, ਗੁਰੂ ਹਰਿਗੋਬਿੰਦ ਸਾਹਿਬ ਦਾ ਖੰਡਾ, ਸੇਲੀ ਟੋਪੀ ਬਾਬਾ ਸ੍ਰੀ ਚੰਦ, ਗੁਰੂ ਹਰਿਗੋਬਿੰਦ ਸਾਹਿਬ ਦਾ ਨਿਸ਼ਾਨ (ਝੰਡਾ), ਬਾਬਾ ਗੁਰਦਿੱਤਾ ਜੀ ਦੀ ਦਸਤਾਰ, ਬਾਬਾ ਗੁਰਦਿੱਤਾ ਜੀ ਦੇ ਬੈਠਣ ਦੀ ਸੋਜ਼ਨੀ, ਇਕ ਸ਼ਾਲ ਅਤੇ ਗੋਦੜੀ ਮੌਜੂਦ ਹਨ। ਇਸ ਅਸਥਾਨ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਪਵਿੱਤਰ ਛੋਹ ਵੀ ਪ੍ਰਾਪਤ ਹੈ।

**੪. ਗੁਰਦੁਆਰਾ ਪਾਤਸ਼ਾਹੀ ਪੰਜਵੀਂ, ਬਿਲਗਾ:** ਗੁਰਦੁਆਰਾ ਪਾਤਸ਼ਾਹੀ ਪੰਜਵੀਂ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਨਵਾਂਸ਼ਹਿਰ ਦੇ ਥਾਣਾ ਫਿਲੌਰ ਦੇ ਇਕ ਪਿੰਡ ਬਿਲਗਾ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। 'ਮਹਾਨ ਕੋਸ਼' ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਵਿਆਹ ਸਮੇਂ ਪਿੰਡ ਮਉ ਜਾਂਦੇ ਸਮੇਂ ਰਸਤੇ ਵਿਚ ਇੱਥੇ ਵਿਸ਼ਰਾਮ ਕਰਨ ਲਈ ਰੁਕੇ ਸਨ। ਇੱਥੇ ਹੀ ਉਨ੍ਹਾਂ ਨੇ ਅਰਾਮ ਕਰਨ ਉਪਰੰਤ ਨਵੇਂ ਬਸਤਰ ਪਹਿਨੇ ਸਨ ਅਤੇ ਆਪਣਾ ਪੁਰਾਣਾ ਚੋਲਾ ਨਿਸ਼ਾਨੀ ਵਜੋਂ ਇੱਥੋਂ ਦੇ ਇਕ ਗਰੀਬ ਨਿਵਾਸੀ ਨੂੰ ਦਿੱਤਾ ਸੀ ਜੋ ਅਜੇ ਤਕ ਉਸ ਦੇ ਵੰਸ਼ਜਾਂ ਨੇ ਸੰਭਾਲ ਕੇ ਰੱਖਿਆ ਹੋਇਆ ਹੈ।

**੫. ਗੁਰਦੁਆਰਾ ਮਉ ਸਾਹਿਬ ਪਾਤਸ਼ਾਹੀ ਪੰਜਵੀਂ:** ਗੁਰਦੁਆਰਾ ਮਉ ਸਾਹਿਬ ਪਾਤਸ਼ਾਹੀ ਪੰਜਵੀਂ ਜ਼ਿਲ੍ਹਾ ਜਲੰਧਰ ਦੇ ਨਗਰ ਫਿਲੌਰ ਦੇ ਇਕ ਪਿੰਡ ਮਉ ਵਿਚ ਉਸ ਅਸਥਾਨ 'ਤੇ ਸੁਸ਼ੋਭਿਤ ਹੈ ਜਿੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਿਆਹ ਸ੍ਰੀ ਕ੍ਰਿਸ਼ਨ ਚੰਦ ਦੀ ਬੇਟੀ ਬੀਬੀ ਗੰਗਾ ਜੀ ਨਾਲ ਹੋਇਆ।

## ਗੁਰਦਾਸਪੁਰ

**੧. ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ, ਹੋਠੀਆਂ (ਗੁਰਦਾਸਪੁਰ):** ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਦੇ ਇਕ ਪਿੰਡ ਹੋਠੀਆਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। 'ਮਹਾਨ ਕੋਸ਼' ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਬਾਰਠ ਤੋਂ ਘੁੱਕੇਵਾਲੀ ਜਾਂਦੇ ਸਮੇਂ ਇਸ ਅਸਥਾਨ 'ਤੇ ਰੁਕੇ ਸਨ।

**੨. ਗੁਰਦੁਆਰਾ ਥੰਮ੍ਹ ਜੀ ਸਾਹਿਬ, ਪਾਤਸ਼ਾਹੀ ਪੰਜਵੀਂ, ਪਿੰਡ ਬਾਰਠ:** ਗੁਰਦੁਆਰਾ ਥੰਮ੍ਹ ਜੀ ਸਾਹਿਬ ਪਾਤਸ਼ਾਹੀ ਪੰਜਵੀਂ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਬਾਰਠ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਗੁਰਦੁਆਰਾ ਬਾਬਾ ਸ੍ਰੀ ਚੰਦ ਜੀ ਦੇ ਅਸਥਾਨ ਦੇ ਸਾਹਮਣੇ ਸੁਸ਼ੋਭਿਤ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਬਾਬਾ ਸ੍ਰੀ ਚੰਦ ਹੋਰਾਂ ਨੂੰ ਗੁਰੂ ਨਾਨਕ ਪਾਤਸ਼ਹ ਦੇ ਵੱਡੇ ਸਪੁੱਤਰ ਹੋਣ ਕਰਕੇ ਹਾਰਦਿਕ ਸਨਮਾਨ ਦੇਣ ਹਿਤ ਇਥੇ ਪਧਾਰੇ ਸਨ। ਬਾਅਦ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੀ ਇਸ ਅਸਥਾਨ 'ਤੇ ਪਧਾਰੇ।

**੩. ਗੁਰਦੁਆਰਾ ਬੁਰਜ ਸਾਹਿਬ, ਜ਼ਿਲ੍ਹਾ ਗੁਰਦਾਸਪੁਰ:** ਗੁਰਦੁਆਰਾ ਬੁਰਜ ਸਾਹਿਬ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਫਤਹਿਨੰਗਲ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਦੀ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇੱਥੇ ਪਹਿਲਾਂ ਸ਼ਰਧਾਲੂਆਂ ਵੱਲੋਂ ਮਿੱਟੀ ਦਾ ਇਕ ਬੁਰਜ ਬਣਾ ਦਿੱਤਾ ਗਿਆ ਸੀ ਪਰ ਅੱਜਕਲ੍ਹ ਗੁਰਦੁਆਰਾ ਸਾਹਿਬ ਦੀ ਇਮਾਰਤ ਹੋਂਦ ਵਿਚ ਆ ਚੁੱਕੀ ਹੈ। ਗੁਰਦੁਆਰਾ ਸਾਹਿਬ ਦੇ ਨਾਲ ਇਕ ਛੋਟਾ ਜਿਹਾ ਸਰੋਵਰ ਵੀ ਹੈ।

## ਕਪੂਰਥਲਾ

**੧. ਗੁਰਦੁਆਰਾ ਝੰਗੜ ਸਾਹਿਬ, ਪਿੰਡ ਡੱਲਾ (ਕਪੂਰਥਲਾ):** ਗੁਰਦੁਆਰਾ ਝੰਗੜ ਸਾਹਿਬ ਜ਼ਿਲ੍ਹਾ ਕਪੂਰਥਲਾ ਦੇ ਇਕ ਪਿੰਡ ਡੱਲਾ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਹ ਨਗਰ ਗੁਰੂ-ਘਰ ਦੇ ਦੋ ਪ੍ਰਮੁੱਖ ਸਿੱਖਾਂ ਭਾਈ ਲਾਲੋ ਅਤੇ ਭਾਈ ਪਾਰੋ ਨਾਲ ਵੀ ਸਬੰਧਿਤ ਹੈ ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਵੀ ਕੀਤਾ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਸਪੁੱਤਰ (ਗੁਰੂ) ਹਰਿਗੋਬਿੰਦ ਸਾਹਿਬ ਦੇ ਵਿਆਹ ਸਮੇਂ ਇੱਥੇ ਆਏ ਸਨ।

**੨. ਗੁਰਦੁਆਰਾ ਬਾਉਲੀ ਸਾਹਿਬ, ਡੱਲਾ:** ਗੁਰਦੁਆਰਾ ਬਾਉਲੀ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦ ਵਿਚ ਸੁਸ਼ੋਭਿਤ ਹੈ। 'ਮਹਾਨ ਕੋਸ਼' ਅਨੁਸਾਰ ਇਹ ਉਹ ਬਾਉਲੀ ਹੈ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਪੁੱਤਰ (ਗੁਰੂ) ਹਰਿਗੋਬਿੰਦ ਸਾਹਿਬ ਦੇ ਵਿਆਹ ਦੀ ਯਾਦ ਵਿਚ ਡੱਲਾ ਨਗਰ ਵਿਚ ਲਗਵਾਈ ਸੀ।

**੩. ਗੁਰਦੁਆਰਾ ਸਿਹਰਾ ਸਾਹਿਬ, ਸੁਲਤਾਨਪੁਰ ਲੋਧੀ:** ਸੁਲਤਾਨਪੁਰ ਲੋਧੀ ਜ਼ਿਲ੍ਹਾ ਕਪੂਰਥਲਾ ਦੀ ਇਕ ਤਹਿਸੀਲ ਹੈ। ਇਹ ਪ੍ਰਸਿੱਧ ਸ਼ਹਿਰ ਫਿਰੋਜ਼ਪੁਰ, ਜਲੰਧਰ ਰੇਲਵੇ ਸਟੇਸ਼ਨ ਤੋਂ ੪੬ ਕਿਲੋਮੀਟਰ, ਕਪੂਰਥਲਾ ਤੋਂ ੨੫ ਕਿਲੋਮੀਟਰ, ਮਖੂ ਤੋਂ ੩੦ ਕਿਲੋਮੀਟਰ ਅਤੇ ਲੋਹੀਆਂ ਖਾਸ ਤੋਂ ੬ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇੱਥੇ ਗੁਰਦੁਆਰਾ ਸਿਹਰਾ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇਹ ਉਹ ਅਸਥਾਨ ਹੈ ਜਿੱਥੇ ਗੁਰੂ ਸਾਹਿਬ ਡੱਲਾ ਵਿਖੇ ਆਪਣੇ ਬੇਟੇ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਵਿਆਹੁਣ ਜਾਂਦੇ ਸਮੇਂ ਰਸਤੇ ਵਿਚ ਰੁਕੇ ਸਨ। ਇਹ ਗੁਰਦੁਆਰਾ ਕੋਠੜੀ ਸਾਹਿਬ ਦੇ ਨਜ਼ਦੀਕ ਹੈ। ਇਤਿਹਾਸਿਕ ਸ੍ਰੋਤਾਂ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁੱਤਰ (ਗੁਰੂ) ਹਰਿਗੋਬਿੰਦ ਸਾਹਿਬ ਦੀ ਜੰਞ ਇਕ ਰਾਤ, ਇੱਥੇ ਠਹਿਰੀ ਸੀ।

## ਹੁਸ਼ਿਆਰਪੁਰ

**੧. ਗੁਰਦੁਆਰਾ ਸਾਹਿਬ ਕੰਗਮਾਈ (ਹੁਸ਼ਿਆਰਪੁਰ):** ਗੁਰਦੁਆਰਾ ਸਾਹਿਬ ਕੰਗਮਾਈ, ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਕੰਗਮਾਈ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪ੍ਰਮੁੱਖ ਸਿੱਖ ਭਾਈ ਮੰਝ ਜੀ ਵੀ ਰਹਿੰਦੇ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਦੁਆਬੇ ਦਾ ਪ੍ਰਚਾਰਕ ਥਾਪਿਆ ਸੀ।

## ਪਾਕਿਸਤਾਨ

**੧. ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ, ਹੰਜਰਾ (ਪਾਕਿਸਤਾਨ):** ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ ਪਾਕਿਸਤਾਨ ਦੇ ਇਕ ਕਸਬੇ ਪੱਤੋਕੀ ਜੋ ਲਾਹੌਰ-ਮੁਲਤਾਨ ਸੜਕ 'ਤੇ ਹੈ ਦੇ ਪਿੰਡ ਹੰਜਰਾ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ। ਇੱਥੇ ਗੁਰੂ ਸਾਹਿਬ ਨੇ ਜਾਤਰੀ

ਅਤੇ ਹੰਜਰਾ ਨਾਮਕ ਦੋ ਭਰਾਵਾਂ ਵਿਚਕਾਰ ਚੱਲ ਰਹੇ ਜ਼ਮੀਨ ਦੇ ਝਗੜੇ ਨੂੰ ਨਿਬੇੜਿਆ ਸੀ। ਗੁਰਦੁਆਰਾ ਸਾਹਿਬ ਦੇ ਨਾਲ ਸਰੋਵਰ ਵੀ ਸੁਸ਼ੋਭਿਤ ਹੈ।

**੨. ਗੁਰਦੁਆਰਾ ਸਾਹਿਬ ਖਾਦਰੀ (ਪਾਕਿਸਤਾਨ):** 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ।

**੩. ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ, ਜਾਤਰੀ (ਪਾਕਿਸਤਾਨ):** ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਦੇ ਇਕ ਪਿੰਡ 'ਜਾਤਰੀ' ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਸੀ, ਜੋ ਅੱਜਕਲ੍ਹ ਅਲੋਪ ਹੋ ਚੁੱਕਾ ਹੈ। ਗੁਰਦੁਆਰੇ ਦੀ ਆਖਰੀ ਨਿਸ਼ਾਨੀ ਵਜੋਂ ਕੇਵਲ ਸਰਾਂ ਹੀ ਬਾਕੀ ਬਚੀ ਹੈ। ਇੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਇਕ ਸਿੱਖ ਭਾਈ ਜਾਤਰੀ ਦੀ ਬੇਨਤੀ 'ਤੇ ਆਏ ਸਨ। ਭਾਈ ਜਾਤਰੀ ਦੀ ਯਾਦਗਾਰ ਅੱਜ ਵੀ ਪਿੰਡੋਂ ਬਾਹਰ ਰਾਵੀ ਵਾਲੇ ਪਾਸੇ ਰੁੱਖਾਂ ਦੇ ਇਕ ਝੁੰਡ ਵਿਚ ਮੌਜੂਦ ਹੈ।

**੪. ਗੁਰਦੁਆਰਾ ਪੰਜਵੀਂ ਪਾਤਸ਼ਾਹੀ, ਬਹਿੜਵਾਲ (ਪਾਕਿਸਤਾਨ):** ਗੁਰਦੁਆਰਾ ਪੰਜਵੀਂ ਪਾਤਸ਼ਾਹੀ ਪਾਕਿਸਤਾਨ ਦੇ ਜ਼ਿਲ੍ਹਾ ਕਸੂਰ ਵਿਚ ਲਾਹੌਰ-ਮੁਲਤਾਨ ਸੜਕ 'ਤੇ ਵੱਸੇ ਪਿੰਡ ਬਹਿੜਵਾਲ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਸੁਸ਼ੋਭਿਤ ਹੈ।ਸ੍ਰੀ ਗੁਰੂ ਅਰਜਨ ਦੇਵ ਜੀ ਪਿੰਡ ਜੰਬਰ ਤੋਂ ਚੱਲ ਕੇ ਇੱਥੇ ਪਹੁੰਚੇ ਸਨ। ਗੁਰਦੁਆਰਾ ਸਾਹਿਬ ਵਿਚ ਗੁਰੂ ਸਾਹਿਬ ਦੀ ਪਵਿੱਤਰ ਛੋਹ ਪ੍ਰਾਪਤ ਉਹ ਖੂਹ ਅਤੇ ਕਿੱਕਰ ਦਾ ਰੁੱਖ ਅੱਜ ਵੀ ਮੌਜੂਦ ਹਨ ਜਿੱਥੇ ਬੈਠ ਕੇ ਗੁਰੂ ਸਾਹਿਬ ਨੇ ਜਲ ਛਕਿਆ ਸੀ। ਇਹ ਅਸਥਾਨ ਹੱਲਾ ਰਾਮ ਸੜਕ 'ਤੇ ਸਥਿਤ ਪਿੰਡ ਸ਼ੇਖਮ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਪੰਜਵੀਂ ਸੁਸ਼ੋਭਿਤ ਹੈ। ਸਰੋਤ ਦੱਸਦੇ ਹਨ ਕਿ ਗੁਰੂ ਸਾਹਿਬ ਪਿੰਡ ਬਹਿੜਵਾਲ ਤੋਂ ਚੱਲ ਕੇ ਇੱਥੇ ਪਹੁੰਚੇ ਸਨ।

**੫. ਗੁਰਦੁਆਰਾ ਥੰਮ੍ਹ ਸਾਹਿਬ, ਜੰਬਰ ਕਲਾਂ (ਪਾਕਿਸਤਾਨ):** ਗੁਰਦੁਆਰਾ ਥੰਮ੍ਹ ਸਾਹਿਬ, ਜੰਬਰ ਕਲਾਂ ਪਾਕਿਸਤਾਨ ਦੇ ਜ਼ਿਲ੍ਹਾ ਕਸੂਰ ਵਿਚ ਲਾਹੌਰ-ਮੁਲਤਾਨ ਸੜਕ ਉੱਤੇ ਭਾਈ ਫੇਰੂ ਤੋਂ ਅੱਗੇ ਛਾਂਗਾ-ਮਾਂਗਾ ਮੋੜ 'ਤੇ ਵੱਸੇ ਪਿੰਡ ਜੰਬਰ ਕਲਾਂ ਵਿਚ ਸੁਸ਼ੋਭਿਤ ਹੈ। ਇੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਯਾਦ 'ਚ ਉਨ੍ਹਾਂ ਦੀ ਪਾਵਨ ਛੋਹ ਪ੍ਰਾਪਤ 'ਦੋ ਥੰਮ੍ਹ' ਹਨ, ਜਿਨ੍ਹਾਂ ਨੂੰ ਲੋਕੀਂ 'ਦੂਖ ਨਿਵਾਰਨ' ਆਖਦੇ ਹਨ ਅਤੇ ਅਤੇ ਮੰਨਦੇ ਹਨ ਕਿ ਇਨ੍ਹਾਂ ਦੇ ਸਪਰਸ਼ ਨਾਲ ਰੋਗ ਦੂਰ ਹੁੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਇੱਥੇ ਬਹਿੜਵਾਲ ਤੋਂ ਮਗਰੋਂ ਪਧਾਰੇ ਸਨ।

**੬. ਗੁਰਦੁਆਰਾ ਸਾਹਿਬ ਬੁੱਚੇਕੀ (ਪਾਕਿਸਤਾਨ):** 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਸ੍ਰੀ ਗੁਰੂ

ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਸ੍ਰੋਤ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨਨਕਾਣਾ ਸਾਹਿਬ ਤੋਂ ਆਉਂਦੇ ਹੋਏ ਇੱਥੇ ਰੁਕੇ ਸਨ। ਇੱਥੇ ਉਹ ਆਪਣੇ ਇਕ ਸਿੱਖ ਭਾਈ ਹਰਨਾਮ ਸਿੰਘ ਦੀ ਪ੍ਰੇਮ ਭਰੀ ਬੇਨਤੀ 'ਤੇ ਪਹੁੰਚੇ ਸਨ।

**੭. ਗੁਰਦੁਆਰਾ ਡੇਹਰਾ ਸਾਹਿਬ, (ਲਾਹੌਰ):** ਪਾਕਿਸਤਾਨ ੧੯੪੭ ਈ: ਤੋਂ ਪਹਿਲਾਂ ਭਾਰਤ ਦਾ ਹੀ ਹਿੱਸਾ ਸੀ। ਪਾਕਿਸਤਾਨ ਦੇ ਪੱਛਮੀ ਪੰਜਾਬ ਦੀ ਰਾਜਧਾਨੀ ਲਾਹੌਰ ਦਾ ਸਿੱਖ ਇਤਿਹਾਸ ਨਾਲ ਬਹੁਤ ਗੂੜ੍ਹਾ ਸੰਬੰਧ ਹੈ। ਲਾਹੌਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਹੋਰ ਅਨੇਕਾਂ ਸਿੱਖ ਸ਼ਹੀਦਾਂ ਦੇ ਪਵਿੱਤਰ ਅਸਥਾਨ ਮੌਜੂਦ ਹਨ। ਗੁਰਦੁਆਰਾ ਡੇਹਰਾ ਸਾਹਿਬ ਪਾਕਿਸਤਾਨ ਦੇ ਲਾਹੌਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਦੇ ਅਸਥਾਨ ਉੱਤੇ ਪਵਿੱਤਰ ਯਾਦਗਾਰ ਵਜੋਂ ਸੁਸ਼ੋਭਿਤ ਹੈ। ਇਸੇ ਅਸਥਾਨ ਉੱਤੇ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਚੰਦੂ ਵੱਲੋਂ ਤਸੀਹੇ ਦੇ ਕੇ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ ਸੀ। ਸਭ ਤੋਂ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਇੱਥੇ ਆ ਕੇ ਸ਼ਹੀਦੀ ਅਸਥਾਨ ਦਾ ਨਿਰਮਾਣ ਕਰਵਾਇਆ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਗੁਰਦੁਆਰੇ ਦੀ ਉਸਾਰੀ ਕਰਵਾਈ ਗਈ।

**੮. ਗੁਰਦੁਆਰਾ ਸੱਚੀ ਮੰਜੀ, ਹਫ਼ਤਮਦਰ (ਪਾਕਿਸਤਾਨ):** 'ਗੁਰਦੁਆਰਾ ਸੱਚੀ ਮੰਜੀ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਦੀ ਤਹਿਸੀਲ ਨਨਕਾਣਾ ਸਾਹਿਬ ਵਿਚ ਪਿੰਡ ਹਫ਼ਤਮਦਰ ਵਿਖੇ ਸਥਿਤ ਸੀ। ਇੱਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪ੍ਰੇਮੀ ਸਿੱਖਾਂ ਨੂੰ ਆਪਣਾ ਸੋਟਾ ਦੇ ਕੇ ਬਖਸ਼ਿਸ਼ ਕੀਤੀ ਸੀ। ਇਸ ਧਰਤੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਇਲਾਵਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਆਪਣੇ ਮੁਬਾਰਕ ਚਰਨਾਂ ਨਾਲ ਪਵਿੱਤਰ ਕੀਤਾ ਹੈ। ਗੁਰਦੁਆਰਾ ਸਾਹਿਬ ਦੀ ਇਮਾਰਤ ਅਲੋਪ ਹੋ ਚੁੱਕੀ ਹੈ। ਕੇਵਲ ਕੁਝ ਦੀਵਾਰਾਂ ਹੀ ਬਚੀਆਂ ਹਨ।

**੯. ਗੁਰਦੁਆਰਾ ਸਾਹਿਬ ਦੀਵਾਨ ਖਾਨਾ, ਲਾਹੌਰ:** ਗੁਰਦੁਆਰਾ ਸਾਹਿਬ ਦੀਵਾਨ ਖਾਨਾ, ਲਾਹੌਰ ਦੇ ਬਜ਼ਾਰ ਚੂਨਾ ਮੰਡੀ ਬਜ਼ਾਰ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਯਾਦ ਵਿਚ ਸੁਸ਼ੋਭਿਤ ਹੈ। ਇਸ ਦੇ ਨਜ਼ਦੀਕ ਹੀ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਅਸਥਾਨ ਵੀ ਸੁਸ਼ੋਭਿਤ ਹੈ। ਸ੍ਰੀ ਗੁਰੂ ਰਾਮਦਾਸ ਜੀ ਦੇ ਵਡੇਰੇ ਲਾਹੌਰ ਦੇ ਰਹਿਣ ਵਾਲੇ ਸਨ। ਸ੍ਰੀ ਗੁਰੂ ਰਾਮਦਾਸ ਜੀ ਆਪਣੇ ਭਤੀਜੇ ਦੇ ਵਿਆਹ 'ਤੇ ਆਪ ਨਾ ਜਾ ਸਕੇ ਇਸ ਲਈ ਉਨ੍ਹਾਂ ਨੇ (ਗੁਰੂ) ਅਰਜਨ ਦੇਵ ਸਾਹਿਬ ਨੂੰ ਲਾਹੌਰ ਭੇਜਿਆ ਸੀ। ਇੱਥੋਂ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਨੂੰ ਵੈਰਾਗ ਭਰੇ ਪੱਤਰ ਲਿਖੇ ਸਨ। ਇਸ ਅਸਥਾਨ ਨੂੰ ਧਰਮਸ਼ਾਲਾ ਸ੍ਰੀ ਗੁਰੂ ਰਾਮਦਾਸ ਸਾਹਿਬ ਵੀ ਆਖਿਆ ਜਾਂਦਾ ਹੈ। ਇਸੇ ਧਰਮਸ਼ਾਲਾ ਦੇ ਅਹਾਤੇ ਵਿਚ ਹੀ ਦੀਵਾਨ

ਖਾਨਾ ਸ੍ਰੀ ਗੁਰੂ ਅਰਜਨ ਦੇਵ ਜੀ ਸੁਸ਼ੋਭਿਤ ਹੈ।

**੧੦. ਗੁਰਦੁਆਰਾ ਪੰਚਮ ਪਾਤਸ਼ਾਹੀ ਚੱਕ ਰਾਮਦਾਸ, ਗੁਜ਼ਰਾਂਵਾਲਾ (ਪਾਕਿਸਤਾਨ):** ਪਾਕਿਸਤਾਨ ਦੇ ਜ਼ਿਲ੍ਹਾ ਗੁਜ਼ਰਾਂਵਾਲਾ ਵਿਚ ਐਮਨਾਬਾਦ ਤੋਂ ਮੀਆਂਵਾਲੀ ਜਾਣ ਵਾਲੀ ਸੜਕ 'ਤੇ ਸਥਿਤ ਚੱਕ ਰਾਮਦਾਸ ਦੇ ਕਸਬੇ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਵਿੱਤਰ ਆਮਦ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪੰਚਮ ਪਾਤਸ਼ਾਹੀ ਸੁਸ਼ੋਭਿਤ ਹੈ। ਪ੍ਰਸਿੱਧ ਮੁਸਲਮਾਨ ਲੇਖਕ ਜਨਾਬ ਇਕਬਾਲ ਕੈਸਰ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਆਪਣੇ ਪ੍ਰੇਮੀ ਪੁਰਾਣੇ ਦੀ ਖਿੱਚ ਸਦਕਾ ਉਸ ਦੀ ਬੇਨਤੀ 'ਤੇ ਇਸ ਨਗਰ ਵਿਚ ਪਧਾਰੇ ਸਨ। ਗੁਰਦੁਆਰਾ ਸਾਹਿਬ ਦੀ ਸੁੰਦਰ ਇਮਾਰਤ ਦੇ ਸਾਹਮਣੇ ਇਕ ਚੁਬਾਰਾ ਹੈ ਜਿਸ ਨੂੰ ਗੁਰੂ ਕੇ ਮਹਿਲ ਕਰਕੇ ਜਾਣਿਆ ਜਾਂਦਾ ਹੈ।

**੧੧. ਗੁਰਦੁਆਰਾ ਬਾਉਲੀ ਸਾਹਿਬ, ਰੰਗ ਮਹਿਲ (ਲਾਹੌਰ):** ਗੁਰਦੁਆਰਾ ਬਾਉਲੀ ਸਾਹਿਬ, ਰੰਗ ਮਹਿਲ, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਯਾਦਗਾਰ ਦਾ ਪਵਿੱਤਰ ਅਸਥਾਨ ਲਾਹੌਰ ਦੇ ਰੰਗ ਮਹਿਲ ਬਜ਼ਾਰ ਅੰਦਰ ਸੁਸ਼ੋਭਿਤ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਡੱਬੀ ਬਜ਼ਾਰ ਅੰਦਰ ਰਹਿਣ ਵਾਲੇ ਲੋਕਾਂ ਵਾਸਤੇ ਵਿਚ ਇਕ ਬਾਉਲੀ ਦਾ ਨਿਰਮਾਣ ਕਰਵਾਇਆ ਸੀ। ੧੬੮੫ ਈ: ਵਿਚ ਇਹ ਬਾਉਲੀ ਗੁਰੂ-ਦੋਖੀਆਂ ਨੇ ਪੂਰ ਦਿੱਤੀ ਸੀ ਪਰ ਸੰਮਤ ੧੮੯੧ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਦਾ ਦੁਬਾਰਾ ਨਿਰਮਾਣ ਕਰਵਾ ਦਿੱਤਾ। ਅੱਜਕਲ੍ਹ ਇਹ ਬਾਉਲੀ ਅਲੋਪ ਹੋ ਚੁੱਕੀ ਹੈ। ਇਸ ਦੇ ਨਜ਼ਦੀਕ ਇਕ ਨਿੱਕਾ ਜਿਹਾ ਬਾਗ ਵੀ ਹੈ।

**੧੨. ਇਤਿਹਾਸਿਕ ਅਸਥਾਨ ਭਾਈ ਬੁੱਧੂ ਦਾ ਆਵਾ, ਲਾਹੌਰ:** ਇਤਿਹਾਸਿਕ ਅਸਥਾਨ ਬੁੱਧੂ ਦਾ ਆਵਾ ਕਿਸੇ ਸਮੇਂ ਲਾਹੌਰ-ਅੰਮ੍ਰਿਤਸਰ ਸੜਕ 'ਤੇ ਸੁਸ਼ੋਭਿਤ ਹੁੰਦਾ ਸੀ। ਇਸ ਅਸਥਾਨ 'ਤੇ ਹੀ ਭਾਈ ਸੁੱਧੂ ਦੇ ਪੁੱਤਰ ਭਾਈ ਬੁੱਧੂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਆਪਣੇ ਆਵੇ ਦੇ ਪੱਕਾ ਨਿਕਲਣ ਲਈ ਅਰਦਾਸ ਬੇਨਤੀ ਕੀਤੀ ਸੀ। ਜਨਾਬ ਇਕਬਾਲ ਕੈਸਰ ਅਨੁਸਾਰ ਗੁਲਾਬੀ ਬਾਗ ਨੇੜੇ ਇੰਜੀਨੀਅਰਿੰਗ ਯੂਨੀਵਰਸਿਟੀ ਦੇ ਜ਼ੀਰੋ ਗੇਟ ਸਾਹਮਣੇ ਹੀ ਭਾਈ ਬੁੱਧੂ ਦਾ ਮਕਬਰਾ ਹੈ। ਇਸ ਦੇ ਪਿੱਛੇ ਗੁਰਦੁਆਰਾ ਸਾਹਿਬ ਸੀ। ਹੁਣ ਇੱਥੇ ਕਬਰਿਸਤਾਨ ਬਣਾ ਦਿੱਤਾ ਗਿਆ ਹੈ। ਭਾਈ ਬੁੱਧੂ ਦਾ ਮਕਬਰਾ ਪਾਕਿਸਤਾਨ ਦੇ ਆਰਕਾਈਵਜ਼ ਵਿਭਾਗ ਨੇ ਸੰਭਾਲਿਆ ਹੋਇਆ ਹੈ।

**੧੩. ਗੁਰਦੁਆਰਾ ਸਾਹਿਬ ਲਾਲ ਖੂਹ, ਮੋਚੀ ਦਰਵਾਜ਼ਾ (ਲਾਹੌਰ):** ਗੁਰਦੁਆਰਾ ਸਾਹਿਬ ਲਾਲ ਖੂਹ ਲਾਹੌਰ ਦੇ ਮੋਚੀ ਦਰਵਾਜ਼ੇ ਦੇ ਅੰਦਰ ਬਜ਼ਾਰ ਵਿਚ ਸੁਸ਼ੋਭਿਤ ਹੈ। ਜਨਾਬ ਇਕਬਾਲ ਕੈਸਰ ਅਨੁਸਾਰ ਇਹ ਖੂਹ ਚੰਦੂ ਦੀ ਹਵੇਲੀ ਵਿਚ ਸੀ, ਇਸ ਦੇ ਨਜ਼ਦੀਕ ਹੀ ਛੋਟੀ ਜਿਹੀ ਕੋਠੜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰ ਕੇ ਕੈਦ ਕੀਤਾ ਗਿਆ ਸੀ। ਆਪਣੀ ਕੈਦ ਦੌਰਾਨ ਗੁਰੂ ਸਾਹਿਬ ਇਸ਼ਨਾਨ ਆਦਿ ਲਈ ਇਸੇ ਖੂਹ ਦਾ ਜਲ ਵਰਤਦੇ ਰਹੇ। ■

# ਭਾਈ ਜੈ ਸਿੰਘ ਖਲਕਟ
# ਜਿਨ੍ਹਾਂ ਸਿੰਘਾਂ ਨੇ ਪੁੱਠੀਆਂ ਖੱਲਾਂ ਲੁਹਾਈਆਂ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸਿੱਖ ਇਤਿਹਾਸ ਦੁਨੀਆਂ ਦੀਆਂ ਸਾਰੀਆਂ ਕੌਮਾਂ, ਧਰਮਾਂ ਅਤੇ ਦੇਸ਼ਾਂ ਦੇ ਲੋਕਾਂ ਦੇ ਇਤਿਹਾਸ ਨਾਲੋਂ ਨਿਵੇਕਲਾ, ਵਿਲੱਖਣ, ਅਸਚਰਜਮਈ, ਲਾ-ਮਿਸਾਲ ਅਤੇ ਹੈਰਤਅੰਗੇਜ਼ ਹੈ। ਗੁਰੂ ਸਾਹਿਬਾਨ, ਗੁਰਸਿੱਖ ਯੋਧਿਆਂ, ਅਣਖੀ ਸੂਰਬੀਰਾਂ, ਮਹਾਨ ਵਿਰਾਂਗਣਾਂ, ਕੁਰਬਾਨੀ ਦੇ ਮੁਜੱਸਮਿਆਂ, ਮਹਾਨ ਅਤੇ ਅਲੌਕਿਕ ਸ਼ਹੀਦ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਦਾ ਉਮਰ ਵਿਚ ਸਾਰੀਆਂ ਕੌਮਾਂ ਤੋਂ ਛੋਟੀ, ਪਰੰਤੂ ਮਨੁੱਖੀ ਅਕਲ ਨੂੰ ਹੈਰਾਨ ਕਰ ਦੇਣ ਵਾਲੇ ਬੇ-ਮਿਸਾਲ ਕਾਰਨਾਮਿਆਂ ਕਾਰਨ ਉਚਤਮ ਅਤੇ ਸ਼ਾਨਾਂ-ਮੱਤਾ ਇਤਿਹਾਸ ਹੈ ਜਿਸ ਦੇ ਮਹੱਤਵਪੂਰਨ ਪਹਿਲੂਆਂ ਨੂੰ ਹਰ ਗੁਰਸਿੱਖ ਸਵੇਰੇ-ਸ਼ਾਮ ਅਰਦਾਸ ਦੌਰਾਨ ਯਾਦ ਕਰਦਾ ਹੈ ਅਤੇ ਉਨ੍ਹਾਂ ਮਹਾਨ ਸ਼ਹੀਦਾਂ ਦਾ ਧਿਆਨ ਧਰਦਾ ਹੈ। ਗੁਰਮਤਿ ਵਿਚਾਰਧਾਰਾ 'ਅਪਨਾ ਬਿਗਾਰਿ ਬਿਰਾਂਨਾ ਸਾਂਢੈ' ਹੱਕ-ਸੱਚ ਲਈ ਧਰਮ-ਯੁੱਧ ਕਰਨ, ਪਰਉਪਕਾਰ, ਤਿਆਗ ਅਤੇ ਕੁਰਬਾਨੀ ਦੀ ਮਹਾਨ ਫ਼ਿਲਾਸਫ਼ੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਵਿਚ ਹੋ ਰਹੇ ਅਧਰਮ, ਜਬਰ, ਜ਼ੁਲਮ, ਧੱਕੇਸ਼ਾਹੀ, ਅੱਤਿਆਚਾਰ, ਬੇ-ਇਨਸਾਫ਼ੀ ਅਤੇ ਅੰਨ੍ਹੀ ਲੁੱਟ-ਖਸੁੱਟ ਵਿਰੁੱਧ ਜੂਝਣ ਲਈ ਇਉਂ ਪ੍ਰੇਰਿਆ :

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥* *(ਪੰਨਾ ੧੪੧੨)*

ਇਸ ਮਾਰਗ ਦੇ ਪਾਂਧੀ ਲਈ ਪਾਤਸ਼ਾਹ ਨੇ ਸ਼ਰਤ ਇਹ ਰੱਖੀ:

*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥* *(ਪੰਨਾ ੧੪੧੨)*

ਇਸ ਵਿਚਾਰਧਾਰਾ ਨੂੰ ਲੋਕਾਂ ਸਾਹਮਣੇ ਅਮਲੀ ਰੂਪ ਵਿਚ ਪ੍ਰਗਟ ਕਰਨ ਹਿਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਰੀ ਜਬਰ, ਜ਼ੁਲਮ, ਅੱਤਿਆਚਾਰ, ਬੇ-ਇਨਸਾਫ਼ੀ, ਲੁੱਟ-ਖਸੁੱਟ ਅਤੇ ਰਾਜਕੀ ਧੱਕੇ ਵਿਰੁੱਧ ਅਵਾਜ਼ ਬੁਲੰਦ ਕੀਤੀ। ਬਾਬਰ ਨੂੰ ਜਾਬਰ ਕਿਹਾ। ਭਾਰਤ ਉੱਤੇ ਉਸ ਦੇ ਹਮਲੇ ਦਾ ਡੱਟ ਕੇ ਵਿਰੋਧ ਕੀਤਾ। ਐਮਨਾਬਾਦ ਦੇ ਕਤਲੇਆਮ ਦੀ ਸਖ਼ਤ ਆਲੋਚਨਾ ਕਰਦਿਆਂ ਮੁਗਲਾਂ ਨੂੰ ਜਮ ਗਰਦਾਨਿਆ ਅਤੇ ਪਰਮਾਤਮਾ ਨੂੰ ਵੀ ਉਲਾਂਭਾ ਦਿੱਤਾ। ਗੁਰੂ ਜੀ ਨੇ ਫ਼ਰਮਾਇਆ :

*ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥*
*ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥* *(ਪੰਨਾ ੩੬੦)*

** ਸਾਬਕਾ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੯੧੫੮-੦੫੧੦੦*

ਬਾਬਰ ਦੀਆਂ ਜੇਲ੍ਹਾਂ ਕੱਟੀਆਂ, ਚੱਕੀਆਂ ਪੀਸੀਆਂ। ਇਸ ਤਰ੍ਹਾਂ ਕਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ *"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"* ਦਾ ਰਸਤਾ ਦ੍ਰਿੜ੍ਹ ਕਰਾਇਆ। ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀਆਂ ਤਵੀਆਂ ਉੱਤੇ ਬੈਠ *"ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ"* ਨੂੰ ਚਿਤਵਦਿਆਂ *"ਤਪਤਿ ਮਾਹਿ ਠਾਢਿ ਵਰਤਾਈ"* ਦਾ ਭਾਣਾ ਵਰਤਾਇਆ ਅਤੇ ਅਡੋਲ-ਚਿਤ ਰਹਿੰਦਿਆਂ ਸ਼ਹੀਦੀ ਪਾ ਲਈ। ਦੂਸਰਿਆਂ ਦੇ ਧਰਮ ਨੂੰ ਬਚਾਉਣ ਹਿਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦੁਨੀਆਂ ਵਿਚ ਇਕ ਅਨੋਖੀ ਮਿਸਾਲ ਕਾਇਮ ਕਰ ਦਿੱਤੀ। *"ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥"* ਹਾਲਾਂ ਕਿ ਤਿਲਕ-ਜੰਞੂ ਨੂੰ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਨਤਾ ਹੀ ਨਹੀਂ ਸੀ ਦਿੱਤੀ। ਪ੍ਰੰਤੂ ਕਿਸੇ ਨੂੰ ਧਰਮ ਦੇ ਆਧਾਰ ਉੱਤੇ ਤਸੀਹੇ ਦੇਣੇ, ਤਸ਼ੱਦਦ ਕਰਨਾ, ਜ਼ੋਰ-ਜਬਰੀ ਧਰਮ-ਤਬਦੀਲੀ ਕਰਾਉਣਾ ਅਤੇ ਕਤਲੇਆਮ ਕਰਨਾ ਕੁਦਰਤੀ ਨਿਯਮਾਂ ਵਿਰੁੱਧ ਸੀ ਜਿਸ ਕਰਕੇ ਗੁਰੂ ਸਾਹਿਬ ਨੇ ਡੱਟ ਕੇ ਵਿਰੋਧ ਕੀਤਾ ਅਤੇ ਸ਼ਾਂਤ-ਚਿਤ ਸ਼ਹੀਦੀ ਪਾ ਲਈ ਅਤੇ ਹਿੰਦੂ ਧਰਮ ਦੀ ਰਾਖੀ ਹਿਤ ਆਪਣਾ ਮਹਾਨ ਬਲੀਦਾਨ ਦੇ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣਾ ਸਰਬੰਸ ਹੀ ਕੁਰਬਾਨ ਕਰ ਦਿੱਤਾ। ਇਸ ਪਿੱਛੋਂ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਦੀਆਂ ਅਨੇਕਾਂ ਸ਼ਹੀਦੀਆਂ ਹੋਈਆਂ ਜਿਨ੍ਹਾਂ ਨੂੰ ਪੂਰੀ ਸ਼ਰਧਾ, ਸਤਿਕਾਰ ਅਤੇ ਨਿਮਰਤਾ ਸਹਿਤ ਹਰ ਰੋਜ਼ ਦੋਨੋਂ ਸਮੇਂ ਅਰਦਾਸ ਵਿਚ ਇਕ-ਮਨ ਇਕ-ਚਿਤ ਹੋ ਕੇ ਯਾਦ ਕਰਦੇ ਹਾਂ। ਇਸ ਲੇਖ ਵਿਚ ਭਾਈ ਜੈ ਸਿੰਘ ਪਿੰਡ ਬਾਰਨ ਜ਼ਿਲ੍ਹਾ ਪਟਿਆਲਾ ਬਾਰੇ ਵਿਚਾਰ ਕਰ ਰਹੇ ਹਾਂ।

ਦੁਨੀਆਂ ਦੇ ਇਤਿਹਾਸ ਵਿਚ ਚਾਰ ਅਜਿਹੇ ਸ਼ਹੀਦ ਹੋਏ ਹਨ ਜਿਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਨੇ ਪੁੱਠੀ ਖੱਲ ਲਾਹ ਕੇ ਸ਼ਹੀਦ ਕੀਤਾ। ਪਹਿਲਾ ਸ਼ਹੀਦ ਸ਼ਮਸ ਤਬਰੇਜ਼ ਜਿਸ ਦਾ ਪੂਰਾ ਨਾਮ ਮਖਦੂਮ ਸ਼ਾਹ ਸ਼ਮਸੁਦੀਨ ਸੀ। ਇਹ ਗਜ਼ਨੀ ਦੇ ਇਲਾਕੇ ਸਬਜ਼ਾਰ ਦੇ ਵਸਨੀਕ ਸਨ। ਇੱਥੋਂ ਇਹ ਉਦੋਂ ਦੇ ਭਾਰਤੀ ਸ਼ਹਿਰ ਮੁਲਤਾਨ ਵਿਚ ਵੱਸੇ। ਇਹ ਸੂਫੀ ਫ਼ਕੀਰ ਭਜਨ-ਬੰਦਗੀ ਕਰਨ ਵਾਲੇ ਸਨ। ਮਜ਼ਹਬੀ ਮੌਲਾਣਿਆਂ ਨੇ ਮੁਲਤਾਨ ਦੇ ਹਾਕਮ ਨੂੰ ਸ਼ਿਕਾਇਤ ਕਰ ਦਿੱਤੀ ਕਿ ਸ਼ਮਸੁਦੀਨ 'ਅੱਨ ਅੱਲ ਹੱਕ' ਆਖਦਾ ਹੈ ਜਿਸ ਕਾਰਨ ਸਮੇਂ ਦੇ ਹਾਕਮ ਦੇ ਹੁਕਮ ਨਾਲ ਇਨ੍ਹਾਂ ਦੀ ਪੁੱਠੀ ਖੱਲ ਲਾਹ ਕੇ ਸ਼ਹੀਦ ਕਰ ਦਿੱਤਾ।

ਦੂਸਰੇ ਸ਼ਹੀਦ ਸ਼ਮਸੁਦੀਨ ਮੁਹੰਮਦ ਹੋਏ ਹਨ ਜੋ ਤਰਬੇਜ਼ ਦੇ ਵਸਨੀਕ ਸਨ। ਇਹ ਖੁਦਾ-ਪ੍ਰਸਤ ਸੰਤ ਸਨ। ਕਿਹਾ ਜਾਂਦਾ ਹੈ ਕਿ ਇਕ ਦਿਨ ਇਨ੍ਹਾਂ ਨੇ ਕਰਾਮਾਤੀ ਢੰਗ ਰਾਹੀਂ ਇਕ ਮੁਰਦੇ ਨੂੰ ਆਦੇਸ਼ ਕਰਕੇ ਖੜ੍ਹਾ ਕਰ ਦਿੱਤਾ ਅਤੇ ਮੁਰਦਾ ਜਿਉਂਦਾ ਹੋ ਗਿਆ। ਇਸ ਅਪਰਾਧ ਕਾਰਨ ਵਕਤ ਦੇ ਹਾਕਮ ਅਲਾਉਦੀਨ ਮੁਹੰਮਦ ਨੇ ਇਨ੍ਹਾਂ

ਦੀ ਪੁੱਠੀ ਖੱਲ ਉਤਾਰਨ ਦਾ ਹੁਕਮ ਦਿੱਤਾ। ਹੁਕਮ ਦੀ ਤਾਮੀਲ ਕਰਦਿਆਂ ਪੁੱਠੀ ਖੱਲ ਲਾਹ ਕੇ ਇਨ੍ਹਾਂ ਨੂੰ ਖੂਹ ਵਿਚ ਸੁੱਟ ਦਿੱਤਾ। ਪ੍ਰਸਿੱਧ ਕਵੀ ਮੌਲਾਨਾ ਰੂਮੀ ਇਸੇ ਸੰਤ ਦਾ ਚੇਲਾ ਸੀ। (ਮਹਾਨ ਕੋਸ਼, ਸਫ਼ਾ ੧੫੮)

ਤੀਸਰਾ ਮਹਾਨ ਸ਼ਹੀਦ ਭਾਈ ਗੁਲਜ਼ਾਰ ਸਿੰਘ ਹੋਇਆ ਹੈ ਜਿਨ੍ਹਾਂ ਨੂੰ ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਉਪਰੰਤ ਹੋਰ ਕਈ ਸਿੰਘਾਂ ਸਮੇਤ ਹਾੜ ਸੁਦੀ ਪੰਚਮੀ ਸਤਾਰਾਂ ਸੌ ਇਕਾਨਵੇਂ (੧੭੯੧) ਨੂੰ ਪੁੱਠੀ ਖੱਲ ਲਾਹ ਕੇ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹੀਦੀਆਂ ਬਾਰੇ ਇਉਂ ਬਿਆਨ ਕੀਤਾ ਗਿਆ ਹੈ:

*ਪਹਿਲੇ ਮਨੀ ਸਿੰਘ ਕੇ ਤਾਈਂ ,ਕਾਜ਼ੀ ਫਤਵਾ ਦੀਏ ਸੁਣਾਈ।*
*ਤਿਸੇ ਗੈਰਮ ਜਲਾਦਿ ਆਇ, ਬੰਦ ਬੰਦ ਦੀਏ ਜੁਦਾ ਕਰਾਏ।*
*ਪੀਛੇ ਸਿੰਘ ਗੁਲਜਾਰੇ ਕੇਰੀ, ਪੁਠੀ ਖੱਲ ਲਾਹੀ ਬਿਨ ਦੇਰੀ।*

ਚੌਥੇ ਲਾਸਾਨੀ ਸ਼ਹੀਦ ਹੋਏ ਹਨ ਭਾਈ ਜੈ ਸਿੰਘ ਜੀ ਵਾਸੀ ਪਿੰਡ ਬਾਰਨ ਨੇੜੇ ਪਟਿਆਲਾ। ਇਸ ਪਿੰਡ ਦਾ ਨਾਮ ਉਸ ਸਮੇਂ ਮੁਗਲਮਾਜਰਾ ਸੀ। ਇੱਥੇ ਜ਼ਿਆਦਾ ਵੱਸੋਂ ਮੁਗਲਾਂ ਅਰਥਾਤ ਮੁਸਲਮਾਨਾਂ ਦੀ ਸੀ। ਕੁਝ ਘਰ ਰਾਮਦਾਸੀਏ ਸਿੰਘਾਂ ਦੇ ਸਨ ਅਤੇ ਭਾਈ ਜੈ ਸਿੰਘ ਦਾ ਸੰਬੰਧ ਵੀ ਗੁਰਸਿੱਖ ਰਾਮਦਾਸੀਏ ਪਰਵਾਰ ਨਾਲ ਸੀ। ਆਪ ਦਾ ਸਾਰਾ ਪਰਵਾਰ ਅੰਮ੍ਰਿਤਧਾਰੀ ਪੂਰਨ ਗੁਰਸਿੱਖ ਕਿਰਤੀ ਪਰਵਾਰ ਸੀ। ਭਾਈ ਜੈ ਸਿੰਘ ਨੇ ਸਮੇਤ ਪਰਵਾਰ ਸ਼ਹੀਦੀ ਦੇ ਕੇ ਸਿੱਖੀ-ਸਿਦਕ, ਦ੍ਰਿੜ੍ਹਤਾ ਤੇ ਅਡੋਲਤਾ ਦਰਸਾਉਂਦਿਆਂ ਕਥਨੀ ਅਤੇ ਕਰਨੀ ਦੇ ਪੂਰੇ-ਸੂਰੇ ਹੋਣ ਦਾ ਸਬੂਤ ਦਿੱਤਾ। ਇਕ ਕਵੀ ਨੇ ਇਸ ਬਾਰੇ ਇਉਂ ਬਿਆਨ ਕੀਤਾ ਹੈ:

*ਧੰਨ ਉਨ ਸਿੰਘਨ ਕੇ ਜਿਨ ਕਰ ਸਾਕਾ ਤਜੇ ਪਰਾਨ।*
*ਰਹੇ ਨਾਮ ਇਸ ਕਰਮ ਕਾ ਹੈ ਜੱਗ ਆਵਨ ਜਾਨ।*
*ਸ਼ਹੀਦ ਜੈ ਸਿੰਘ ਖਲਕੱਟ ਹੁਏ ਵੋਹ ਹੈਂ ਮਹਾਂ ਮਹਾਨ।*

ਮਹਾਨ ਸ਼ਹੀਦੀ ਦੇ ਕੇ ਭਾਈ ਜੈ ਸਿੰਘ ਜੀ ਨੇ ਧਰਮ ਉੱਤੇ ਪੂਰਾ ਪਹਿਰਾ ਦਿੱਤਾ ਅਤੇ ਭਗਤ ਕਬੀਰ ਜੀ ਦੇ ਮਹਾਨ ਉਪਦੇਸ਼ ਨੂੰ ਜਗਤ ਸਾਹਮਣੇ ਅਮਲੀ ਰੂਪ ਵਿਚ ਨਿਭਾਇਆ। ਭਗਤ ਕਬੀਰ ਜੀ ਦਾ ਫ਼ਰਮਾਨ ਹੈ:

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥* *(ਪੰਨਾ ੧੧੦੫)*

ਭਾਈ ਜੈ ਸਿੰਘ ਜੀ ਦੇ ਪਿਤਾ ਜੀ ਨੇ ਦਸਮੇਸ਼ ਗੁਰੂ ਜੀ ਪਾਸੋਂ ਅੰਮ੍ਰਿਤ ਪਾਨ ਕੀਤਾ ਸੀ। ਭਾਈ ਜੈ ਸਿੰਘ ਵੀ ਬਚਪਨ ਤੋਂ ਹੀ ਆਪਣੇ ਪਿਤਾ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਜਾਣ ਲੱਗੇ। ਭਾਈ ਜੈ ਸਿੰਘ ਗੁਰਮਤਿ ਦੇ ਧਾਰਨੀ, ਗੁਰੂ-ਘਰ ਪ੍ਰਤੀ ਪੂਰੇ ਸਮਰਪਿਤ, ਗੁਰਬਾਣੀ ਦੇ ਰੰਗ ਵਿਚ ਰੰਗੇ, ਰਹਿਤਵਾਨ ਅਤੇ ਤਿਆਗ ਦੀ ਮੂਰਤ ਅੰਮ੍ਰਿਤਧਾਰੀ ਪੂਰਨ ਗੁਰਸਿੱਖ ਸਨ। ਆਪ ਸੱਚੀ-ਸੁੱਚੀ ਕਿਰਤ ਕਰ ਕੇ

ਸਤਿਗੁਰਾਂ ਨਮਿਤ ਦਸਵੰਧ ਕੱਢਦਿਆਂ ਆਪਣੇ ਪਰਵਾਰ ਦਾ ਨਿਰਬਾਹ ਕਰਦੇ ਸਨ। ਭਾਈ ਸਾਹਿਬ ਦੇ ਦੋ ਪੁੱਤਰ ਸਨ— ਭਾਈ ਕੜਾਕਾ ਸਿੰਘ ਅਤੇ ਭਾਈ ਖੜਕ ਸਿੰਘ। ਆਪ ਦੀ ਧਰਮ ਪਤਨੀ ਦਾ ਨਾਮ ਬੀਬੀ ਧੰਨ ਕੌਰ ਸੀ। ਭਾਈ ਜੈ ਸਿੰਘ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੰਗਤ ਮਾਣਨ ਦਾ ਸੁਭਾਗ ਪ੍ਰਾਪਤ ਹੁੰਦਾ ਰਿਹਾ ਸੀ, ਉਨ੍ਹਾਂ ਨੇ ਆਪਣੇ ਦੋਹਾਂ ਪੁੱਤਰਾਂ ਨੂੰ ਦਸਮੇਸ਼ ਜੀ ਬਾਰੇ ਕਥਾਵਾਂ ਸੁਣਾ-ਸੁਣਾ ਕੇ ਦੋਹਾਂ ਅੰਦਰ ਪੂਰਾ ਖਾਲਸਾਈ ਜੋਸ਼ ਅਤੇ ਜਜ਼ਬਾ ਭਰ ਦਿੱਤਾ ਸੀ। ਦੋਵੇਂ ਹੀ ਅੰਮ੍ਰਿਤਧਾਰੀ, ਨਿਤਨੇਮੀ, ਅਚਾਰ-ਵਿਹਾਰ ਤੇ ਵਿਚਾਰ ਦੇ ਪੂਰੇ-ਸੂਰੇ ਰਹਿਤਵਾਨ ਖਾਲਸੇ ਸਨ। ਦਸਮ ਪਾਤਸ਼ਾਹ ਦਾ ਫ਼ਰਮਾਨ *"ਇਨ ਗਰੀਬ ਸਿਖਨ ਕਉ ਦੇਊਂ ਪਾਤਸ਼ਾਹੀ॥ ਯਹ ਯਾਦ ਕਰੇਂ ਹਮਰੀ ਗੁਰਿਆਈ॥"* ਦੋਹਾਂ ਪੁੱਤਰਾਂ ਨੂੰ ਸੁਣਾ ਕੇ ਉਨ੍ਹਾਂ ਅੰਦਰ ਨਿਤ ਨਵਾਂ ਜੋਸ਼, ਜਜ਼ਬਾ, ਗੁਰੂ ਵਿਚ ਵਿਸ਼ਵਾਸ ਅਤੇ ਦ੍ਰਿੜ੍ਹਤਾ ਭਰਦੇ।

ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਦੀ ਮੌਤ ਅਤੇ ਵਜ਼ੀਰ ਕਰਮ ਦੀਨ ਦੇ ਮਾਰੇ ਜਾਣ ਦੀ ਖ਼ਬਰ ਸੁਣਦਿਆਂ ਹੀ ਅਹਿਮਦ ਸ਼ਾਹ ਅਬਦਾਲੀ ਨੇ ਅਫ਼ਗਾਨਿਸਤਾਨ ਤੋਂ ਦਿੱਲੀ ਦੇ ਤਖ਼ਤ ਉੱਤੇ ਕਬਜ਼ਾ ਕਰਨ ਦੀ ਨੀਯਤ ਨਾਲ ਗਿਲਜਿਆਂ, ਗਾਜ਼ੀਆਂ ਅਤੇ ਜਹਾਦੀਆਂ ਦੀ ਫੌਜ ਲੈ ਕੇ ਸੰਨ ੧੭੫੩ ਵਿਚ ਭਾਰਤ ਉੱਤੇ ਦੂਜਾ ਹਮਲਾ ਕਰ ਦਿੱਤਾ। ਇਸ ਤਰ੍ਹਾਂ ਪਹਿਲਾਂ ਲਾਹੌਰ ਅਤੇ ਫਿਰ ਸਰਹਿੰਦ ਉੱਤੇ ਕਬਜ਼ਾ ਕਰ ਲਿਆ। ਅਬਦਾਲੀ ਨੇ ਆਪਣੇ ਜਰਨੈਲ ਅਬਦੁਸ ਸਮੁਦ ਖਾਨ ਨੂੰ ਸਰਹਿੰਦ ਦਾ ਫੌਜਦਾਰ ਨਿਯੁਕਤ ਕਰ ਦਿੱਤਾ। ਅਬਦੁਸ ਸਮੁਦ ਖਾਨ ਅਤਿ ਦਰਜੇ ਦਾ ਜਨੂੰਨੀ, ਜ਼ਾਲਮ ਅਤੇ ਨਿਰਦਈ ਹਾਕਮ ਸੀ। ਇਸ ਦੀਆਂ ਜ਼ਾਲਮਾਨਾਂ ਕਰਤੂਤਾਂ ਅਤੇ ਰਾਜਕੀ ਅਤਿਆਚਾਰਾਂ ਤੋਂ ਤੰਗ ਆ ਕੇ ਬਹੁਤ ਸਾਰੇ ਹਿੰਦੂ ਸਰਹਿੰਦ ਛੱਡ ਕੇ ਦੁਰੇਡੇ ਜਾ ਵੱਸੇ। ਸਿੱਖਾਂ ਨੂੰ ਵੀ ਇਸ ਨੇ ਆਪਣੇ ਜ਼ੁਲਮ ਦਾ ਨਿਸ਼ਾਨਾ ਬਣਾਇਆ। ਉਪਰੰਤ ਇਹ ਜ਼ਾਲਮ ਸਰਹਿੰਦ ਦਾ ਸੂਬੇਦਾਰ ਬਣ ਗਿਆ। ਚੇਤ ਸੁਦੀ ਦਸਵੀਂ ਸੰਨ ੧੭੫੩ ਨੂੰ ਇਹ ਆਪਣੇ ਕੋਤਵਾਲ ਨਿਜ਼ਾਮਉਦੀਨ ਨੂੰ ਨਾਲ ਲੈ ਕੇ ਹਿੰਦੂਆਂ ਅਤੇ ਸਿੱਖਾਂ ਦੀ ਕਤਲੋਗਾਰਦ ਕਰਦਾ ਮੁਗਲਮਾਜਰਾ ਪਿੰਡ ਪੁੱਜ ਗਿਆ। ਆਰਜ਼ੀ ਕਚਹਿਰੀ ਲਾ ਲਈ ਅਤੇ ਹੁਕਮ ਕੀਤਾ ਕਿ ਜੇਕਰ ਪਿੰਡ ਵਿਚ ਕੋਈ ਸਿੱਖ ਹੋਵੇ ਤਾਂ ਉਸ ਨੂੰ ਸੂਬੇਦਾਰ ਦੀ ਕਚਹਿਰੀ ਵਿਚ ਪੇਸ਼ ਕੀਤਾ ਜਾਵੇ। ਭਾਈ ਜੈ ਸਿੰਘ ਆਪਣੇ ਖੂਹ ਉੱਤੇ ਆਪਣੀ ਕਿਰਤ ਵਿਚ ਰੁੱਝੇ ਹੋਏ ਸਨ। ਪਠਾਨ ਸਿਪਾਹੀਆਂ ਨੇ ਭਾਈ ਸਾਹਿਬ ਨੂੰ ਪਕੜ ਕੇ ਸੂਬੇਦਾਰ ਦੇ ਪੇਸ਼ ਕਰ ਦਿੱਤਾ। ਅਬਦੁਸ ਸਮੁਦ ਖਾਨ ਅੰਮ੍ਰਿਤਧਾਰੀ ਸਿੰਘ ਨੂੰ ਵੇਖ ਕੇ ਖਿੜਖਿੜਾ ਕੇ ਹੱਸਿਆ ਅਤੇ ਫਿਰ ਪੂਰੇ ਰੋਹਬ ਅਤੇ ਕ੍ਰੋਧ ਨਾਲ ਕੜਕਿਆ ਕਿ ਅਸੀਂ ਤੁਹਾਡੇ ਪਾਸੋਂ ਦੀ ਲੰਘ ਕੇ ਆਏ ਤਾਂ ਤੁਸੀਂ ਸਾਨੂੰ ਸਲਾਮ ਕਿਉਂ ਨਹੀਂ ਕੀਤੀ। ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਉਨ੍ਹਾਂ ਨੂੰ ਤਾਂ ਫੌਜ ਦੇ ਲੰਘਣ ਦਾ ਪਤਾ ਹੀ ਨਹੀਂ ਲੱਗਾ ਕਿਉਂਕਿ ਉਹ ਤਾਂ ਆਪਣੀ ਕਿਰਤ ਦੇ ਨਾਲ-ਨਾਲ ਬਾਣੀ ਪੜ੍ਹਨ ਵਿਚ ਲੀਨ ਸਨ। ਭਾਈ

ਸਾਹਿਬ ਨੇ ਕਿਹਾ ਕਿ ਜਦੋਂ ਕੋਈ ਸਿੱਖ ਇਕ-ਮਨ ਇਕ-ਚਿਤ ਹੋ ਕੇ ਆਪਣੇ ਗੁਰੂ ਦੇ ਚਰਨਾਂ ਨਾਲ ਜੁੜਦਾ ਹੈ ਤਾਂ ਉਸ ਨੂੰ ਆਪਣੇ ਆਲੇ-ਦੁਆਲੇ ਦੀ ਸੋਝੀ ਨਹੀਂ ਰਹਿੰਦੀ। ਇਸ 'ਤੇ ਸੂਬੇਦਾਰ ਨੇ ਹਕੂਮਤੀ ਹੰਕਾਰ ਵਿਚ ਕਿਹਾ ਕਿ ਚੰਗਾ, ਮੈਂ ਪਟਿਆਲੇ ਜਾ ਕੇ ਤੇਰੀ ਤੇਰੇ ਗੁਰੂ-ਚਰਨਾਂ ਨਾਲ ਜੁੜੀ ਬਿਰਤੀ ਵੇਖਾਂਗਾ ਅਤੇ ਤੈਨੂੰ ਸਮੇਤ ਪਰਵਾਰ ਸਜ਼ਾ ਦਿਆਂਗਾ। ਪਹਿਲਾਂ ਤੂੰ ਮੇਰਾ ਇਹ ਥੋੜ੍ਹਾ ਸਾਮਾਨ-ਅਸਬਾਬ ਸਿਰ ਉੱਤੇ ਚੁੱਕ ਕੇ ਪਟਿਆਲੇ ਪਹੁੰਚਾ। ਉਨ੍ਹਾਂ ਦਿਨਾਂ ਵਿਚ ਆਵਾਜਾਈ ਅਤੇ ਢੋਆ-ਢੁਆਈ ਦੇ ਸਾਧਨ ਇਸ ਤਰ੍ਹਾਂ ਦੇ ਹੀ ਹੁੰਦੇ ਸਨ। ਕੋਤਵਾਲ ਨਿਜ਼ਾਮਉਦੀਨ ਨੂੰ ਹੁਕਮ ਦੀ ਤਾਮੀਲ ਕਰਾਉਣ ਦਾ ਆਦੇਸ਼ ਹੋਇਆ। ਭਾਈ ਜੈ ਸਿੰਘ ਨੇ ਪੁੱਛਿਆ ਕਿ ਪਹਿਲਾਂ ਇਹ ਦੱਸੋ ਕਿ ਇਸ ਅਸਬਾਬ ਬੋਝੇ ਵਿਚ ਹੈ ਕੀ? ਉਨ੍ਹਾਂ ਕਿਹਾ ਕਿ ਮੈਂ ਇਕ ਅੰਮ੍ਰਿਤਧਾਰੀ ਸਿੱਖ ਹਾਂ, ਐਸਾ ਨਾ ਹੋਵੇ ਕਿ ਕੋਈ ਇਤਰਾਜ਼ਯੋਗ ਸਾਮਾਨ ਸਿਰ ਉੱਤੇ ਚੁੱਕਣ ਨਾਲ ਮੇਰੇ ਧਰਮ ਨੂੰ ਆਂਚ ਆਵੇ। ਕੋਤਵਾਲ ਭਾਈ ਸਾਹਿਬ ਦਾ ਜਵਾਬ ਸੁਣ ਕੇ ਕੱਪੜਿਆਂ ਤੋਂ ਬਾਹਰ ਹੋ ਗਿਆ। ਅੱਗ-ਬਗੋਲਾ ਅਤੇ ਲਾਲ-ਪੀਲਾ ਹੋ ਕੇ ਬੋਲਿਆ ਕਿ ਤੈਨੂੰ ਇਹ ਪੁੱਛਣ ਦਾ ਅਧਿਕਾਰ ਨਹੀਂ ਹੈ। ਭਾਈ ਸਾਹਿਬ ਦੇ ਜ਼ਿੱਦ ਕਰਨ ਉੱਤੇ ਕੋਤਵਾਲ ਨੇ ਦੱਸਿਆ ਕਿ ਇਸ ਬੋਝੇ ਵਿਚ ਸੂਬੇਦਾਰ ਦਾ ਹੁੱਕਾ ਹੈ। ਭਾਈ ਸਾਹਿਬ ਨੇ ਪੂਰੇ ਸਹਿਜ ਪਰ ਦ੍ਰਿੜ੍ਹਤਾ ਨਾਲ ਕਿਹਾ ਕਿ ਜਿਨ੍ਹਾਂ ਕੇਸਾਂ ਵਿਚ ਦਸਮ ਪਾਤਸ਼ਾਹ ਦਾ ਅੰਮ੍ਰਿਤ ਚੋਇਆ ਹੋਇਆ ਹੈ, ਉਨ੍ਹਾਂ ਉੱਤੇ ਮੈਂ ਹੁੱਕਾ ਨਹੀਂ ਰੱਖਾਂਗਾ। ਜਵਾਬ ਸੁਣ ਕੇ ਕੋਤਵਾਲ ਦੇ ਸੱਤੀਂ ਕੱਪੜੀਂ ਅੱਗ ਲੱਗ ਗਈ ਅਤੇ ਹੁਕਮ ਦਿੱਤਾ ਕਿ ਇਸ ਦੀ ਛਮਕਾਂ ਮਾਰ-ਮਾਰ ਕੇ ਖਲੜੀ ਉਧੇੜ ਦਿਓ। ਜ਼ਾਲਮ ਸਿਪਾਹੀਆਂ ਨੇ ਭਾਈ ਸਾਹਿਬ ਨੂੰ ਢਾਹ ਲਿਆ ਅਤੇ ਛਮਕਾਂ ਮਾਰ-ਮਾਰ ਕੇ ਉਨ੍ਹਾਂ ਦਾ ਸਰੀਰ ਲਹੂ-ਲੁਹਾਨ ਕਰ ਦਿੱਤਾ। ਸੂਬੇਦਾਰ ਨੇ ਭਾਈ ਸਾਹਿਬ ਨੂੰ ਫਿਰ ਕਿਹਾ ਕਿ ਉਹ ਹੁੱਕਾ ਸਿਰ ਉੱਤੇ ਚੁੱਕਣ ਲਈ ਮੰਨ ਜਾਵੇ ਨਹੀਂ ਤਾਂ ਕਤਲ ਕਰ ਦਿੱਤਾ ਜਾਵੇਗਾ। ਭਾਈ ਸਾਹਿਬ ਨੂੰ ਮੌਤ ਦਾ ਡਰ ਨਹੀਂ ਸੀ। ਉਨ੍ਹਾਂ ਨੂੰ ਆਪਣੇ ਸਤਿਗੁਰਾਂ ਦਾ ਉਪਦੇਸ਼ ਦ੍ਰਿੜ੍ਹ ਸੀ। ਗੁਰੂ ਸਾਹਿਬ ਦਾ ਫ਼ਰਮਾਨ ਹੈ:

*ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥*
*ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥* *(ਪੰਨਾ ੫੮੯)*

ਭਾਈ ਸਾਹਿਬ ਨੇ ਪੂਰੀ ਦ੍ਰਿੜ੍ਹਤਾ ਨਾਲ ਜੁਆਬ ਦਿੱਤਾ ਕਿ ਉਨ੍ਹਾਂ ਨੇ ਆਪਣਾ ਤਨ, ਮਨ ਅਤੇ ਧਨ ਸਭ ਕੁਝ ਸਤਿਗੁਰਾਂ ਨੂੰ ਅਰਪਨ ਕੀਤਾ ਹੋਇਆ ਹੈ ਅਤੇ ਸਤਿਗੁਰਾਂ ਦੇ ਹੁਕਮ ਵਿਚ ਚੱਲਣ ਦਾ ਅਹਿਦ ਕੀਤਾ ਹੋਇਆ ਹੈ। ਉਹ ਸਤਿਗੁਰਾਂ ਦੇ ਹੁਕਮ ਦੀ ਅਦੂਲੀ ਨਹੀਂ ਕਰ ਸਕਦੇ। ਭਾਈ ਸਾਹਿਬ ਦੇ ਬੋਲ ਸਨ, "ਮੇਰੇ ਪ੍ਰਾਣਾਂ ਦੀ ਸਤਿਗੁਰਾਂ ਦੇ ਹੁਕਮ ਦੇ ਬਰਾਬਰ ਕੋਈ ਅਹਿਮੀਅਤ ਨਹੀਂ ਹੈ।" ਧੰਨ ਗੁਰ ਸਿੱਖੀ! ਭਾਈ ਸਾਹਿਬ ਨੇ ਦੱਸਿਆ ਕਿ ਸਤਿਗੁਰਾਂ ਦਾ ਉਪਦੇਸ਼ ਹੈ:

*ਕੁੱਠਾ, ਹੁੱਕਾ, ਚਰਸ, ਤੰਬਾਕੂ, ਗਾਂਜਾ, ਟੋਪੀ, ਤਾੜੀ, ਖਾਕੂ।*
*ਇਨ ਕੀ ਓਰ ਨ ਕਬਹੂੰ ਦੇਖੇ, ਰਹਿਤਵੰਤ ਸੋ ਸਿੰਘ ਵਸੇਖੇ।*

ਫਿਰ ਸੂਬੇਦਾਰ ਨੇ ਪੈਂਤੜਾ ਬਦਲਦਿਆਂ ਕਿਹਾ ਕਿ, ਸਿੱਖੀ ਵਿਚ ਕੀ ਪਿਆ ਹੈ? ਜਾਨ ਨਾ ਗੁਆ, ਅਸੀਂ ਤੈਨੂੰ ਰਾਜਸੀ ਸ਼ਕਤੀ ਅਤੇ ਧਨ-ਦੌਲਤ ਨਾਲ ਮਾਲਾ-ਮਾਲ ਕਰ ਦਿਆਂਗੇ ਜੇਕਰ ਤੂੰ ਦੀਨ ਮੁਹੰਮਦੀ ਕਬੂਲ ਕਰ ਲਵੇਂ। ਤੈਨੂੰ ਮੌਤ ਉਪਰੰਤ ਵੀ ਜੰਨਤ ਮਿਲੇਗੀ ਜਿੱਥੇ ਹੂਰਾਂ ਪਰੀਆਂ ਮਿਲਣਗੀਆਂ ਅਤੇ ਸਦਾ ਬਹਿਸ਼ਤ ਵਿਚ ਹੀ ਰਹੇਂਗਾ। ਪਰ ਭਾਈ ਸਾਹਿਬ ਦੇ ਸਾਹਮਣੇ ਭਗਤ ਕਬੀਰ ਜੀ ਦਾ ਉਪਦੇਸ਼ ਸੀ:

*ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥* *(ਪੰਨਾ ੯੬੯)*

ਭਾਈ ਸਾਹਿਬ ਨੇ ਵਿੱਚੋਂ ਟੋਕ ਕੇ ਕਿਹਾ ਕਿ ਜੇਕਰ ਦੀਨ ਮੁਹੰਮਦੀ ਕਬੂਲ ਕਰਨ ਉਪਰੰਤ ਮੌਤ ਨਹੀਂ ਆਉਂਦੀ ਤਾਂ ਮੈਂ ਸੋਚ ਸਕਦਾ ਹਾਂ ਪਰੰਤੂ ਜਦੋਂ ਹਰ ਧਰਮ ਵਿਚ ਮੌਤ ਅਟੱਲ ਹੈ। ਮੌਤ ਦਾ ਸਮਾਂ ਸਥਾਨ ਅਤੇ ਕਾਰਨ ਨਿਸਚਿਤ ਹੈ। ਗੁਰਵਾਕ ਹੈ: "*ਮਰਣੁ ਲਿਖਾਇ ਮੰਡਲ ਮਹਿ ਆਏ॥*" ਤਾਂ ਫਿਰ ਮੈਂ ਆਪਣੇ ਗੁਰੂ ਤੋਂ ਬੇਮੁਖ ਕਿਉਂ ਹੋਵਾਂ? ਭਾਈ ਸਾਹਿਬ ਨੇ ਠੋਕ ਕੇ ਜਵਾਬ ਦਿੱਤਾ। ਆਪ ਅਰਦਾਸ ਵਿਚ ਲੀਨ ਹੋ ਗਏ ਕਿ ਹੇ ਸੱਚੇ ਪਾਤਸ਼ਾਹ! ਸੇਵਕ ਦੀ ਬਹੁੜੀ ਕਰੋ ਤਾਂ ਜੋ ਮੈਂ ਗੁਰਸਿੱਖੀ ਕੇਸਾਂ-ਸੁਆਸਾਂ ਨਾਲ ਨਿਭਾ ਸਕਾਂ। ਕਬੀਰ ਜੀ ਦਾ ਫ਼ਰਮਾਨ ਹੈ ਕਿ ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ। ਭਾਈ ਸਾਹਿਬ ਦ੍ਰਿੜ੍ਹ ਅਤੇ ਅਡੋਲ ਸਨ। ਹਰ ਗੁਰਸਿੱਖ ਦੇ ਸਾਹਮਣੇ ਗੁਰ-ਉਪਦੇਸ਼ ਹੈ:

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* *(ਪੰਨਾ ੧੧੦੨)*

ਸੂਬੇਦਾਰ ਨੇ ਬਹੁਤ ਲਾਲਚ ਅਤੇ ਡਰਾਵੇ ਦਿੱਤੇ ਪਰ ਭਾਈ ਸਾਹਿਬ ਪੂਰੀ ਤਰ੍ਹਾਂ ਦ੍ਰਿੜ੍ਹ ਅਤੇ ਅਡੋਲ ਰਹੇ। ਅੰਤ ਨੂੰ ਸੂਬੇਦਾਰ ਨੇ ਹੁਕਮ ਦਿੱਤਾ ਕਿ ਸਮਸ਼ਦੀਨ ਮੁਹੰਮਦ ਤਬਰੇਜ਼ ਦੀ ਤਰ੍ਹਾਂ ਇਸ ਨੂੰ ਪੁੱਠਾ ਟੰਗ ਕੇ ਪੁੱਠੀ ਖੱਲ ਲਾਹ ਕੇ ਕਤਲ ਕਰ ਦਿਓ। ਭਾਈ ਸਾਹਿਬ ਨੇ ਹੱਸ ਕੇ ਕਿਹਾ ਕਿ, ਇਸ ਤੋਂ ਚੰਗਾ ਸਮਾਂ ਮੇਰੇ ਲਈ ਹੋਰ ਕਦੋਂ ਹੋਵੇਗਾ ਜਦੋਂ ਮੈਂ ਆਪਣੇ ਸਤਿਗੁਰੂ ਦੇ ਦਰਸਾਏ ਮਾਰਗ ਉੱਤੇ ਚੱਲਦਿਆਂ ਗੁਰ-ਚਰਨਾਂ ਵਿਚ ਜਾ ਬਿਰਾਜਾਂ, ਜਲਦੀ ਕਰੋ! ਜਿਸ ਗੁਰੂ ਸਾਹਿਬ ਨੇ ਆਪਣਾ ਦਾਦਾ, ਪਿਤਾ, ਮਾਤਾ, ਮਾਮੇ, ਪ੍ਰਾਣਾਂ ਤੋਂ ਪਿਆਰੇ ਸਿੰਘ ਅਤੇ ਆਪਣੇ ਲਖਤੇ-ਜਿਗਰ ਬਾਬਾ ਅਜੀਤ ਸਿੰਘ ਬਾਬਾ ਜੁਝਾਰ ਸਿੰਘ ਚਮਕੌਰ ਦੀ ਗੜ੍ਹੀ ਵਿਚ, ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਸਰਹਿੰਦ ਦੀਆਂ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕਰਵਾ ਲਏ ਮੈਂ ਤਾਂ ਉਸ ਸਤਿਗੁਰੂ ਦਾ ਇਕ ਅਦਨਾ ਜਿਹਾ ਨਾਮਧਰੀਕ ਸਿੱਖ ਹਾਂ, ਮੇਰੇ ਪ੍ਰਾਣ ਅਤੇ ਮੇਰੀ ਕਾਇਆ ਉਸ ਸਤਿਗੁਰੂ ਦੀ ਹੀ ਅਮਾਨਤ ਹੈ। ਪ੍ਰਸਿੱਧ ਕਵੀ ਸ. ਵਿਧਾਤਾ ਸਿੰਘ ਤੀਰ ਨੇ ਇਸ ਘਟਨਾ ਨੂੰ ਇਉਂ ਬਿਆਨ ਕੀਤਾ ਹੈ:

*ਦੀਨ ਮੰਨ, ਫੇਰ ਵੀ ਅੰਤ ਮਰਨਾ, ਫੇਰ ਕਿਉਂ ਹੋਈਏ ਧਰਮਹੀਨ ਸ਼ਾਹਾ!*
*ਤੂੰ ਤਾਂ ਜ਼ਾਲਮ ਦੇ ਘੋੜੇ ਸਵਾਰ ਹੋਇਓਂ, ਉੱਤੇ ਸੁੱਟ ਕੇ ਪਾਪ ਦੀ ਜ਼ੀਨ ਸ਼ਾਹਾ!*
*ਸਾਡੀ ਅੱਖ ਦੇ ਵਿਚ ਨਾ ਚੀਜ਼ ਕੋਈ, ਇਹ ਜੋ ਜ਼ਰ, ਜ਼ੋਰੂ, ਜ਼ਮੀਨ ਸ਼ਾਹਾ!*
*ਮੌਤ ਦਾ ਮੂਲ ਨ ਭੈਅ ਰਿਹਾ, ਹੁੰਦੇ ਮੌਤ 'ਤੇ ਨਹੀਂ ਗਮਗੀਨ ਸ਼ਾਹਾ।*

ਜਦੋਂ ਸੂਬੇਦਾਰ ਨੇ ਵੇਖਿਆ ਕਿ ਸਿੰਘ ਡੋਲਦਾ ਨਹੀਂ ਅਤੇ ਦ੍ਰਿੜ੍ਹ ਸੰਕਲਪ ਹੈ ਉਸ ਨੇ ਹੁਕਮ ਦਿੱਤਾ ਕਿ ਮੁਗਲ ਮਾਜਰਾ ਪਿੰਡ ਵਿੱਚੋਂ ਹੀ ਦੋ ਕਸਾਈ ਮੰਗਵਾ ਕੇ ਪਿੰਡ ਦੇ ਬੋਹੜ ਅਤੇ ਪਿੱਪਲ ਦੇ ਵਿਚਾਲੇ ਭਾਈ ਜੈ ਸਿੰਘ ਨੂੰ ਪੁੱਠਾ ਲਟਕਾ ਕੇ ਪੈਰ ਦੇ ਅੰਗੂਠੇ ਤੋਂ ਲੈ ਕੇ ਸਿਰ ਤੀਕ ਪੁੱਠੀ ਖੱਲ ਲਾਹ ਦਿਓ। ਇਸ ਤਰ੍ਹਾਂ ਹੀ ਕੀਤਾ ਗਿਆ। ਧੰਨ ਗੁਰਸਿੱਖੀ ਅਤੇ ਧੰਨ ਸਤਿਗੁਰੂ ਪਾਤਸ਼ਾਹ! ਸਿੰਘ ਅਡੋਲ ਰਿਹਾ, ਸੀਅ ਤਕ ਨਹੀਂ ਉਚਾਰੀ ਅਤੇ ਖੁਸ਼ੀ-ਖੁਸ਼ੀ ਸ਼ਹੀਦੀ ਜਾਮ ਪੀ ਲਿਆ। ਸਰੀਰ ਠੰਢਾ ਹੋ ਗਿਆ ਅਤੇ ਸੁਰਤੀ ਆਪਣੇ ਸਤਿਗੁਰਾਂ ਦੇ ਚਰਨਾਂ ਵਿਚ ਜਾ ਬਿਰਾਜੀ। ਭਾਈ ਸਾਹਿਬ ਦੀ ਸ਼ਹੀਦੀ ਚੇਤ ਸੁਦੀ ਦਸਵੀਂ ਸੰਮਤ ੧੮੧੦ ਨੂੰ ਹੋਈ। ਉਪਰੰਤ ਭਾਈ ਸਾਹਿਬ ਦਾ ਸਾਰਾ ਪਰਵਾਰ ਵੀ ਸ਼ਹੀਦ ਕਰ ਦਿੱਤਾ ਗਿਆ। ਕਿਸੇ ਕਵੀ ਨੇ ਅਜਿਹੇ ਲਾਸਾਨੀ ਸੂਰਮਿਆਂ ਸਿੰਘਾਂ ਸ਼ਹੀਦਾਂ ਬਾਰੇ ਇਉਂ ਬਿਆਨ ਕੀਤਾ ਹੈ:

*ਜੁਗ ਜੁਗ ਜਿਉਂਦੇ ਨੇ ਉਹ ਬੰਦੇ, ਅਣਖ ਲਈ ਜੋ ਮਰਦੇ।*
*ਸੂਲੀ, ਚਰਖੜੀ, ਫਾਂਸੀ ਚੜ੍ਹ ਵੀ, ਖਿੜ ਖਿੜ ਪਏ ਨੇ ਹੱਸਦੇ।*
*ਆਪਣਾ ਮੁਰਸ਼ਦ ਮਨਾਵਣ ਖਾਤਰ, ਭੇਟ ਸਿਰਾਂ ਦੀ ਕਰਦੇ।*

ਤਥਾ ਗੁਰਵਾਕ ਹੈ:

*ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ॥*
*ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ॥* *(ਪੰਨਾ ੧੧੧੪)*

ਸੂਬੇਦਾਰ ਦੁਨੀਆਂ ਦਾ ਸਭ ਤੋਂ ਘਿਨਾਉਣਾ ਜ਼ੁਲਮ ਕਰ ਕੇ ਪਟਿਆਲੇ ਵੱਲ ਨੂੰ ਰਵਾਨਾ ਹੋ ਗਿਆ। ਮਗਰੋਂ ਪਿੰਡ ਦੇ ਲੋਕਾਂ ਨੇ ਇਕੱਠੇ ਹੋ ਕੇ ਸਾਰੇ ਸ਼ਹੀਦਾਂ ਦਾ ਸਸਕਾਰ ਕਰ ਦਿੱਤਾ। ਜਿੱਥੇ ਉਨ੍ਹਾਂ ਦੀ ਯਾਦ ਵਿਚ ਯਾਦਗਾਰ ਬਣਾਈ ਗਈ ਉਪਰੰਤ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਗਈ ਜਿੱਥੇ ਹਰ ਸਾਲ ਸ਼ਹੀਦਾਂ ਦੀ ਯਾਦ ਵਿਚ ਜੋੜ-ਮੇਲਾ ਲੱਗਦਾ ਹੈ ਅਤੇ ਅਨੇਕਾਂ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋ ਕੇ ਸ਼ਹੀਦਾਂ ਨੂੰ ਆਪਣੀ ਸ਼ਰਧਾ ਅਤੇ ਸਤਿਕਾਰ ਭੇਟ ਕਰਦੀਆਂ ਹਨ।

ਪਿਛਲੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਜੀ ਵੱਲੋਂ ਸ਼ਹੀਦ ਜੈ ਸਿੰਘ ਖਲਕਟ ਦਾ ਚਿੱਤਰ ਵੀ ਕੇਂਦਰੀ ਸਿੱਖ ਅਜਾਇਬ ਘਰ ਸ੍ਰੀ ਅੰਮ੍ਰਿਤਸਰ ਵਿਖੇ ਲਗਾਇਆ ਗਿਆ ਹੈ। ਐਸੇ ਸ਼ਹੀਦਾਂ ਦੇ ਅਸਥਾਨ ਮਹਾਨ ਪਵਿੱਤਰ ਅਸਥਾਨ ਹੁੰਦੇ ਹਨ। ਕਿਸੇ ਸ਼ਾਇਰ ਨੇ ਦਰੁਸਤ ਫ਼ਰਮਾਇਆ ਹੈ:

*ਸ਼ਹੀਦੋਂ ਕੀ ਕਤਲਗਾਹ ਸੇ, ਕਿਆ ਬੇਹਤਰ ਹੈ ਕਾਬਾ,*
*ਸ਼ਹੀਦੋਂ ਕੀ ਖ਼ਾਕ ਪੇ ਤੋ ਖ਼ੁਦਾ ਭੀ ਕੁਰਬਾਨ ਹੋਤਾ ਹੈ।*

# ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ

*-ਸ. ਸੁਮੀਤ ਸਿੰਘ**

ਦੇਸ਼ ਦੇ ਇਸ ਅਣਖੀਲੇ ਜਰਨੈਲ, ਮਹਾਨ ਪ੍ਰਬੰਧਕ, ਧਰਮ ਨਿਰਪੇਖ ਕੌਮੀ ਨਾਇਕ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦਾ ਜਨਮ ੩ ਮਈ ੧੭੧੮ ਈਸਵੀ ਨੂੰ ਪਿੰਡ ਆਹਲੂ, ਜ਼ਿਲ੍ਹਾ ਲਾਹੌਰ ਵਿਖੇ ਇਕ ਗੁਰਸਿੱਖ ਪਰਵਾਰ ਵਿਚ ਸਰਦਾਰ ਬਦਰ ਸਿੰਘ ਦੇ ਘਰ ਮਾਤਾ ਜੀਵਨ ਕੌਰ ਦੀ ਕੁੱਖੋਂ ਹੋਇਆ। ਬਾਲਕ ਜੱਸਾ ਸਿੰਘ ਦੇ ਸਿਰ ਉੱਪਰੋਂ ਪਿਤਾ ਦਾ ਹੱਥ ਛੋਟੀ ਉਮਰ ਵਿਚ ਹੀ ਉੱਠ ਗਿਆ ਸੀ। ਪਤੀ ਦਾ ਅਕਾਲ ਚਲਾਣਾ ਵਾਹਿਗੁਰੂ ਦਾ ਭਾਣਾ ਸਮਝ ਕੇ ਮਾਤਾ ਜੀਵਨ ਕੌਰ ਅਕਾਲ ਪੁਰਖ ਦੀ ਰਜ਼ਾ ਅਤੇ ਯਾਦ ਵਿਚ ਦਿਨ ਬਤੀਤ ਕਰਨ ਲੱਗੀ।

ਸੰਨ ੧੭੨੩ ਈ: ਨੂੰ ਮਾਤਾ ਜੀਵਨ ਕੌਰ ਬਾਲਕ ਜੱਸਾ ਸਿੰਘ ਨੂੰ ਲੈ ਕੇ ਸਿੱਖ ਸੰਗਤਾਂ ਨਾਲ ਦਿੱਲੀ ਜਗਤ ਮਾਤਾ, ਮਾਤਾ ਸੁੰਦਰੀ ਜੀ ਦੀ ਸੇਵਾ ਵਿਚ ਪਹੁੰਚੀ। ਉੱਥੇ ਮਾਤਾ ਜੀਵਨ ਕੌਰ ਅਤੇ ਬਾਲਕ ਜੱਸਾ ਸਿੰਘ ਮਾਤਾ ਸੁੰਦਰੀ ਜੀ ਦੇ ਦਰਬਾਰ ਅਤੇ ਦੀਵਾਨ ਵਿਚ ਇਲਾਹੀ ਬਾਣੀ ਦੇ ਮਨੋਹਰ ਕੀਰਤਨ ਕਰ ਕੇ ਮਾਤਾ ਸੁੰਦਰੀ ਜੀ ਦੀਆਂ ਖੁਸ਼ੀਆਂ ਅਤੇ ਅਸੀਸਾਂ ਪ੍ਰਾਪਤ ਕਰਦੇ। ਬਾਲਕ ਜੱਸਾ ਸਿੰਘ ਨੂੰ ਮਾਤਾ ਸੁੰਦਰੀ ਜੀ ਖਾਸ ਪਿਆਰ ਕਰਦੇ ਸਨ ਅਤੇ ਆਪਣੇ ਪੁੱਤਰ ਵਾਂਗ ਲਾਡ ਲਡਾਉਂਦੇ ਖਵਾਉਂਦੇ, ਪਿਆਉਂਦੇ ਅਤੇ ਪਰਵਰਿਸ਼ ਕਰਦੇ। ਗੁਰੂ ਸੁਪਤਨੀ ਮਾਤਾ ਸੁੰਦਰੀ ਜੀ ਦੀ ਦੇਖ-ਰੇਖ ਸਦਕਾ ਉਨ੍ਹਾਂ ਨੂੰ ਸਿੱਖ ਗੁਰੂ ਸਾਹਿਬਾਨ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਸਿੱਖੀ ਵਿਚਾਰਧਾਰਾ ਦੇ ਆਤਮਿਕ ਅਤੇ ਸਮਾਜਿਕ ਪੱਖਾਂ ਬਾਰੇ ਗੂੜ੍ਹੀ ਜਾਣਕਾਰੀ ਪ੍ਰਾਪਤ ਹੋਈ। ਮਾਤਾ ਜੀ ਪਾਸ ਰਹਿ ਕੇ ਉਨ੍ਹਾਂ ਦਿੱਲੀ ਦੇ ਪ੍ਰਸਿੱਧ ਸਕੂਲਾਂ ਵਿਚ ਉਰਦੂ ਤੇ ਫ਼ਾਰਸੀ ਭਾਸ਼ਾ ਦਾ ਗਿਆਨ ਪ੍ਰਾਪਤ ਕਰਕੇ ਧਾਰਮਿਕ ਅਤੇ ਇਤਿਹਾਸਿਕ ਪੁਸਤਕਾਂ ਦਾ ਅਧਿਐਨ ਕੀਤਾ।

ਦਿੱਲੀ ਵਿਚ ਸੱਤ ਸਾਲ ਗੁਜ਼ਾਰਨ ਮਗਰੋਂ ਪੰਜਾਬ-ਵਾਪਸੀ 'ਤੇ ਬਾਲਕ ਜੱਸਾ ਸਿੰਘ ਨੂੰ ਮਾਤਾ ਸੁੰਦਰੀ ਜੀ ਨੇ ਦਸਮੇਸ਼ ਪਿਤਾ ਦੇ ਕਰ-ਕਮਲਾਂ ਵਿਚ ਵਰਤੇ ਹੋਏ ਸ਼ਸਤਰ ਤਲਵਾਰ, ਤੀਰਾਂ ਦਾ ਭੱਥਾ, ਕਮਾਨ, ਗੁਰਜ, ਚਾਂਦੀ ਦਾ ਭੱਥਾ ਆਦਿ ਬਖਸ਼ਿਸ਼ ਕਰਦਿਆਂ ਅਸੀਸਾਂ ਦਿੱਤੀਆਂ ਕਿ ਤੇਰੇ ਅਤੇ ਤੇਰੀ ਸੰਤਾਨ ਦੇ ਅੱਗੇ ਚਾਂਦੀ ਦੇ ਆਸਿਆਂ ਵਾਲੇ ਚੋਬਦਾਰ ਚਲਿਆ ਕਰਨਗੇ, ਤੂੰ ਸੱਚਾ ਦੇਸ਼ ਭਗਤ ਅਤੇ ਇਸਤਰੀ ਜ਼ਾਤੀ ਦੀ ਇੱਜ਼ਤ ਅਤੇ ਪੱਤ ਦਾ ਰਾਖਾ ਹੋਵੇਂਗਾ! ਮਾਤਾ ਸੁੰਦਰੀ ਜੀ ਨੇ ਸਹਿਜ ਸੁਭਾਵਿਕ ਬਚਨ ਕੀਤੇ ਕਿ ਸਿੱਖ ਕੌਮ ਜੱਸਾ ਸਿੰਘ ਆਹਲੂਵਾਲੀਆ ਉੱਤੇ ਮਾਣ

** # ੫, ਗੋਲਡਨ ਐਵੀਨਿਊ, ਕਾਂਜਲੀ ਰੋਡ, ਕਪੂਰਥਲਾ-੦੧੮੨੨-੨੨੫੬੨੦.*

ਕਰੇਗੀ ਅਤੇ ਆਉਣ ਵਾਲੇ ਸਮੇਂ ਵਿਚ ਉਹ ਬਾਦਸ਼ਾਹੀ ਠਾਠ-ਬਾਠ ਨੂੰ ਪ੍ਰਾਪਤ ਕਰੇਗਾ!

ਦਿੱਲੀ ਤੋਂ ਸਰਦਾਰ ਜੱਸਾ ਸਿੰਘ ਆਪਣੇ ਮਾਮੇ ਸਰਦਾਰ ਬਾਘ ਸਿੰਘ ਹਲੋਵਾਲੀਆ ਉਸ ਸਮੇਂ ਦੇ ਪ੍ਰਸਿੱਧ ਸਰਦਾਰ ਅਤੇ ਮਾਤਾ ਜੀਵਨ ਕੌਰ ਨਾਲ ਜਲੰਧਰ ਆ ਗਏ ਅਤੇ ਗੁਰਪੁਰਬ ਮਨਾਉਣ ਲਈ ਉਹ ਪੰਥ ਦੇ ਜਥੇਦਾਰ ਨਵਾਬ ਕਪੂਰ ਸਿੰਘ ਦੇ ਡੇਰੇ ਕਰਤਾਰਪੁਰ ਪੁੱਜੇ। ਸਵੇਰੇ ਅੰਮ੍ਰਿਤ ਵੇਲੇ ਸਰਦਾਰ ਜੱਸਾ ਸਿੰਘ ਅਤੇ ਉਨ੍ਹਾਂ ਦੀ ਮਾਤਾ ਨੇ 'ਆਸਾ ਕੀ ਵਾਰ' ਦਾ ਕੀਰਤਨ ਕਰ ਕੇ ਨਵਾਬ ਕਪੂਰ ਸਿੰਘ ਹੋਰਾਂ ਅਤੇ ਬਾਕੀ ਸਰਦਾਰਾਂ ਨੂੰ ਨਿਹਾਲ ਕਰ ਦਿੱਤਾ। ਸਰਦਾਰ ਜੱਸਾ ਸਿੰਘ ਦੇ ਸਿੱਖੀ ਸਿਦਕ ਅਤੇ ਸੇਵਾ-ਭਾਵ ਨੇ ਨਵਾਬ ਕਪੂਰ ਸਿੰਘ ਦੇ ਦਿਲ 'ਤੇ ਬਹੁਤ ਡੂੰਘਾ ਅਸਰ ਕੀਤਾ। ਉਨ੍ਹਾਂ ਨੇ ਸਰਦਾਰ ਜੱਸਾ ਸਿੰਘ ਨੂੰ ਉਨ੍ਹਾਂ ਕੋਲ ਰਹਿਣ ਦੇਣ ਲਈ ਆਖਿਆ, ਜਿਸ 'ਤੇ ਸਰਦਾਰ ਬਾਘ ਸਿੰਘ ਅਤੇ ਮਾਤਾ ਜੀਵਨ ਕੌਰ ਨੇ ਸਰਦਾਰ ਜੱਸਾ ਸਿੰਘ ਨੂੰ ਨਵਾਬ ਕਪੂਰ ਸਿੰਘ ਦੀ ਝੋਲੀ ਪਾ ਦਿੱਤਾ ਅਤੇ ਖਾਲਸੇ ਨੇ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾ ਦਿੱਤਾ ਅਤੇ ਉਸ ਦਿਨ ਤੋਂ ਸਰਦਾਰ ਜੱਸਾ ਸਿੰਘ ਨਵਾਬ ਕਪੂਰ ਸਿੰਘ ਦੇ ਧਰਮ ਪੁੱਤਰ ਪ੍ਰਸਿੱਧ ਹੋਏ।

ਨਵਾਬ ਕਪੂਰ ਸਿੰਘ ਨੇ ਸ਼ਸਤਰ-ਵਿੱਦਿਆ ਦੇ ਮਾਹਿਰਾਂ ਪਾਸੋਂ ਸ. ਜੱਸਾ ਸਿੰਘ ਨੂੰ ਘੋੜ ਸਵਾਰੀ, ਤੇਗ ਚਲਾਉਣੀ, ਨੇਜ਼ਾਬਾਜ਼ੀ ਅਤੇ ਤੀਰ-ਕਮਾਨ ਆਦਿ ਦੀ ਸਿਖਲਾਈ ਪ੍ਰਦਾਨ ਕਰਵਾਈ। ਸਰੀਰਿਕ ਕਸਰਤ ਸਦਕਾ ਸਰਦਾਰ ਜੱਸਾ ਸਿੰਘ ਇਕ ਨਰੋਆ ਗੱਭਰੂ ਬਣ ਗਿਆ। ਉਹ ਨਾਲ-ਨਾਲ ਖਾਲਸੇ ਦੇ ਦੀਵਾਨਾਂ ਵਿਚ ਗੁਰੂ ਦੀਆਂ ਸੰਗਤਾਂ ਦੀ ਸੇਵਾ ਕਰਦਾ, ਪੱਖਾ ਝੱਲਦਾ, ਲੰਗਰ ਵਿਚ ਭਾਂਡੇ ਮਾਂਜਦਾ, ਸਵੇਰੇ-ਸ਼ਾਮ ਗੁਰਬਾਣੀ ਦੇ ਪਾਠ ਅਤੇ ਸ਼ਬਦ ਕੀਰਤਨ ਕਰਦਾ।

ਕੁਝ ਸਮਾਂ ਬਾਅਦ ਨਵਾਬ ਕਪੂਰ ਸਿੰਘ ਨੇ ਆਪ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਸਰਦਾਰ ਜੱਸਾ ਸਿੰਘ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ ਅਤੇ ਖਾਲਸੇ ਦੀ ਰਹਿਤ ਦਾ ਉਪਦੇਸ਼ ਦਿੱਤਾ। ਨਵਾਬ ਕਪੂਰ ਸਿੰਘ ਨੇ ਸਰਦਾਰ ਜੱਸਾ ਸਿੰਘ ਨੂੰ ਖਾਲਸੇ ਦੇ ਘੋੜਿਆਂ ਨੂੰ ਖੁਰਾਕ ਮੁਹੱਈਆ ਕਰਾਉਣ ਦੀ ਸੇਵਾ 'ਤੇ ਲਾ ਦਿੱਤਾ ਜਿਸ ਨੂੰ ਉਨ੍ਹਾਂ ਨੇ ਬੜੀ ਲਗਨ ਨਾਲ ਪੂਰਾ ਕੀਤਾ।

੧੭੨੯ ਈ: ਪਿੱਛੋਂ ਸਰਦਾਰ ਜੱਸਾ ਸਿੰਘ ਨਵਾਬ ਕਪੂਰ ਸਿੰਘ ਦੀਆਂ ਲੱਗਭਗ ਸਾਰੀਆਂ ਮੁਹਿੰਮਾਂ ਵਿਚ ਨਾਲ ਰਹੇ। ੧੭੩੯ ਈ: ਤਕ ਉਨ੍ਹਾਂ ਦੀ ਗਿਣਤੀ ਸਿੱਖ ਆਗੂਆਂ ਦੀ ਪਹਿਲੀ ਕਤਾਰ ਵਿਚ ਹੋਣ ਲੱਗ ਪਈ। ਅਹਿਮਦ ਸ਼ਾਹ ਅਬਦਾਲੀ ਨੇ ਭਾਰਤ 'ਤੇ ਪਹਿਲੇ ਹਮਲੇ ਦੌਰਾਨ ਨੂਰ ਦੀ ਸਰਾਇ ਡੇਰਾ ਕੀਤਾ ਤਾਂ ਸਿੰਘਾਂ ਨੇ ਸਰਦਾਰ ਜੱਸਾ ਸਿੰਘ ਅਤੇ ਨਵਾਬ ਕਪੂਰ ਸਿੰਘ ਦੀ ਅਗਵਾਈ ਹੇਠ ਅਫਗਾਨੀਆਂ ਨੂੰ ਸੋਧਿਆ।

੧੭੪੭ ਈ: ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਖਾਲਸੇ ਨੇ ਸਲਾਬਤ ਖਾਂ ਨੂੰ ਕਤਲ ਕਰ ਕੇ ਸ੍ਰੀ ਅੰਮ੍ਰਿਤਸਰ ਅਜ਼ਾਦ ਕਰਵਾਇਆ। ਨਵਾਬ ਕਪੂਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਪੰਥ ਵੱਲੋਂ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ੧੦ ਅਪ੍ਰੈਲ ੧੭੫੪ ਨੂੰ ਸਰਬਸੰਮਤੀ ਨਾਲ ਪੰਥ ਦਾ ਸ਼੍ਰੋਮਣੀ ਜਥੇਦਾਰ ਥਾਪਿਆ ਗਿਆ ਅਤੇ ਖਾਲਸੇ ਦੇ ਸਿਆਸੀ ਅਤੇ ਧਾਰਮਿਕ ਮਸਲਿਆਂ ਦਾ ਨੇਤਾ ਬਣਾਇਆ ਗਿਆ।

ਮਾਰਚ ੧੭੬੧ ਨੂੰ ਉਨ੍ਹਾਂ ਅਹਿਮਦ ਸ਼ਾਹ ਅਬਦਾਲੀ ਕੋਲੋਂ ੨੨੦੦ ਕੈਦੀ ਜਵਾਨ, ਹਿੰਦੂ ਲੜਕੀਆਂ ਨੂੰ ਛੁਡਾ ਕੇ ਆਪਣੇ ਖਰਚੇ 'ਤੇ ਘਰੋ-ਘਰ ਪਹੁੰਚਾਇਆ।

ਨਵੰਬਰ ੧੭੬੧ ਨੂੰ ਖਾਲਸੇ ਨੇ ਲਾਹੌਰ ਫਤਿਹ ਕੀਤਾ ਅਤੇ ਇਸ ਖੁਸ਼ੀ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਪੰਥ ਦਾ ਪਹਿਲਾ ਬਾਦਸ਼ਾਹ 'ਸੁਲਤਾਨ-ਉਲ-ਕੌਮ' ਘੋਸ਼ਿਤ ਕੀਤਾ ਗਿਆ। ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸਿੱਖਾਂ ਦੀ ਸੁਤੰਤਰਤਾ ਦੀ ਘੋਸ਼ਣਾ ਕੀਤੀ ਅਤੇ ਇਸ ਖੁਸ਼ੀ ਦੇ ਮੌਕੇ 'ਤੇ ਸਿੱਖ ਗੁਰੂ ਸਾਹਿਬਾਨ ਦੇ ਨਾਂ ਦੇ ਸਿੱਕੇ ਚਲਾਏ।

ਸਿੱਖਾਂ ਦਾ ਸਭ ਤੋਂ ਵੱਡਾ ਘੱਲੂਘਾਰਾ ਜੋ ੫ ਫਰਵਰੀ ੧੭੬੨ ਨੂੰ ਕੁੱਪ ਰੁਹੀੜੇ ਦੀ ਧਰਤੀ 'ਤੇ ਵਾਪਰਿਆ, ਦੌਰਾਨ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਬੜੀ ਦਲੇਰੀ ਅਤੇ ਬਹਾਦਰੀ ਨਾਲ ਸਿੱਖ ਕੌਮ ਦੀ ਅਗਵਾਈ ਕੀਤੀ ਅਤੇ ਸੂਝਵਾਨੀ ਨਾਲ ਕੌਮ ਨੂੰ ਵੱਡੇ ਖ਼ਤਰੇ ਤੋਂ ਬਚਾਇਆ। ਇਸ ਸਾਕੇ ਦੌਰਾਨ ਆਪ ਦੇ ਸਰੀਰ 'ਤੇ ਦੋ ਦਰਜਨ ਤੋਂ ਵੱਧ ਜੰਗੀ ਫੱਟ ਲੱਗੇ।

ਸੰਨ ੧੭੬੪ ਵਿਚ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਖਾਲਸੇ ਨੇ ਸਰਹਿੰਦ ਫਤਿਹ ਕੀਤਾ ਅਤੇ ਉੱਥੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਗੁਰਦੁਆਰਾ ਫਤਿਹਗੜ੍ਹ ਸਾਹਿਬ ਉਸਾਰਿਆ। ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੀ ਸੇਵਾ ਵਾਸਤੇ ਚਾਦਰ ਵਿਛਾ ਦਿੱਤੀ ਅਤੇ ਆਪਣੇ ਹਿੱਸੇ ਦੇ ਨੌਂ ਲੱਖ ਰੁਪਏ ਉੱਤੇ ਰੱਖ ਦਿੱਤੇ ਅਤੇ ਬਾਕੀ ਸਰਦਾਰਾਂ ਪਾਸੋਂ ਪੰਜ ਲੱਖ ਰੁਪਏ ਭੇਟ ਹੋਏ। ਇਹ ਸਾਰਾ ਪੈਸਾ ਆਪ ਨੇ ਭਾਈ ਦੇਸ ਰਾਜ ਬਿਧੀਚੰਦੀਏ ਨੂੰ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਲਈ ਦਿੱਤਾ ਅਤੇ ਫਿਰ ਆਪ ਤਿੰਨ ਲੱਖ ਰੁਪਏ ਨੌਸ਼ਹਿਰਾ ਪਨੂੰਆ ਦੇ ਚੌਧਰੀ ਸਾਹਿਬ ਰਾਏ ਨੂੰ ਦੇ ਕੇ ਉਸ ਪਾਸੋਂ ਸ੍ਰੀ ਦਰਬਾਰ ਸਾਹਿਬ ਨੂੰ ਗਿਰਵੀ ਤੋਂ ਛੁਡਾਇਆ ਅਤੇ ਪੰਥ ਦੇ ਸਿਰੋਂ ਇਕ ਭਾਰੀ ਜਿੰਮੇਵਾਰੀ ਲਾਹੀ। ਇਸ ਨਿਸ਼ਕਾਮ ਸੇਵਾ ਸਦਕਾ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਵਾਲੇ ਬਜ਼ਾਰ ਦਾ ਨਾਂ ਕਟੜਾ ਆਹਲੂਵਾਲੀਆ ਉਨ੍ਹਾਂ ਦੇ ਨਾਂ 'ਤੇ ਰੱਖਿਆ ਗਿਆ।

ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਰਾਏ ਇਬਰਾਹੀਮ

ਭੱਟੀ ਨੂੰ ਹਰਾ ਕੇ ਕਪੂਰਥਲਾ ਨੂੰ ਆਪਣੇ ਕਬਜ਼ੇ ਹੇਠ ਕੀਤਾ ਅਤੇ ਆਹਲੂਵਾਲੀਆ ਮਿਸਲ ਦੀ ਰਾਜਧਾਨੀ ਨੂੰ ਫਤਿਹਬਾਦ ਤੋਂ ਬਦਲ ਕੇ ਕਪੂਰਥਲਾ ਬਣਾ ਦਿੱਤਾ ਅਤੇ ਇਸ ਪ੍ਰਕਾਰ ਸੁਲਤਾਨਪੁਰ ਲੋਧੀ ਦਾ ਪਵਿੱਤਰ ਅਸਥਾਨ ਸਿੱਖ ਮਿਸਲਾਂ ਦੇ ਕਬਜ਼ੇ ਵਿਚ ਆ ਗਿਆ। ਇਸ ਤਰ੍ਹਾਂ ਉਹ ਕਪੂਰਥਲਾ ਰਿਆਸਤ ਦੇ ਬਾਨੀ ਬਣੇ।

੧੧ ਮਾਰਚ ੧੭੮੩ ਨੂੰ ਸਰਦਾਰ ਬਘੇਲ ਸਿੰਘ ਨਾਲ ਰਲ ਕੇ ਸਿੱਖ ਸਰਦਾਰਾਂ ਨੇ ਦਿੱਲੀ ਫਤਿਹ ਕੀਤੀ ਅਤੇ ਸਰਦਾਰ ਬਘੇਲ ਸਿੰਘ ਕਰੋੜਸਿੰਘੀਆਂ ਨੇ ਲਾਲ ਕਿਲ੍ਹੇ ਉੱਤੇ ਖਾਲਸੇ ਦਾ ਕੇਸਰੀ ਝੰਡਾ ਲਹਿਰਾਇਆ ਅਤੇ ਪੰਥ ਦੇ ਸ਼੍ਰੋਮਣੀ ਜਥੇਦਾਰ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਲਾਲ ਕਿਲ੍ਹੇ ਵਿਚ ਸਥਿਤ ਤਖਤ ਦੀਵਾਨ-ਏ-ਆਮ ਉੱਤੇ ਬਿਠਾਇਆ ਗਿਆ ਅਤੇ ਭਾਰਤ ਦਾ ਬਾਦਸ਼ਾਹ ਘੋਸ਼ਿਤ ਕੀਤਾ।

੨੦ ਅਕਤੂਬਰ ੧੭੮੩ ਨੂੰ ਪੰਥ ਦੇ ਸ਼੍ਰੋਮਣੀ ਜਥੇਦਾਰ ਸੁਲਤਾਨ-ਉਲ-ਕੌਮ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਸੁਤੰਤਰ ਪੰਜਾਬ ਅਤੇ ਸਿੱਖ ਕੌਮ ਨੂੰ ਚੜ੍ਹਦੀ ਕਲਾ ਵਿਚ ਛੱਡ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਕੇ ਗੁਰਪੁਰੀ ਸਿਧਾਰ ਗਏ।

■

---

## ਸ੍ਰੀ ਗੁਰੂ ਗ੍ਰੰਥ ਸਾਹਿਬ: ਟੀਕੇ ਅਤੇ ਅਨੁਵਾਦ *(ਸਫ਼ਾ ੪੯ ਦਾ ਬਾਕੀ ਹਿੱਸਾ)*

*ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ, ਸਫ਼ਾ ੭੮੪.*

*੩੪. ਵਿਸਾਖਾ ਸਿੰਘ ਸੰਤ ਸਿਪਾਹੀ ਜਨੇਤਪੁਰਾ, ਮਾਲਵਾ ਇਤਿਹਾਸ, ਭਾਗ ਪਹਿਲਾ, ਸਫ਼ਾ ੪੧੮-੧੯.* _ਰੀ ਸਿ

*੩੫. ਟਰੰਪ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਰੇਜ਼ੀ ਅਨੁਵਾਦ ਤੇ ਟਿੱਪਣੀ ਕਰਦੇ ਹੋਏ ਮੈਕਾਲਿਫ ਕਹਿੰਦਾ ਹੈ - A portion of the Guru Granth Sahib was translated some years since by a German missionary at the expense and under the auspices of the India Office, but his work was highly inaccurate and unidiomatic, and furthermore gave mortal offence to the Sikhs by the odium theologicum introduced into it. Whenever he saw an opportunity of defaming the Gurus, the sacred book, and the religion of the Sikhs, he eagerly availed himself of it. Max Arthur Macauliffe, The Sikh Religion, vols. I & II, preface, p. vii.*

ਚਲਦਾ... ■

***ਗਾਗਰ 'ਚ ਸਾਗਰ-੮***

# ਗਿਆਨ ਰੂਪੀ ਚਾਨਣ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਜਿਉ ਅੰਧੇਰੈ ਦੀਪਕੁ ਬਾਲੀਐ ਤਿਉ ਗੁਰ ਗਿਆਨਿ ਅਗਿਆਨੁ ਤਜਾਇ॥*

*(ਪੰਨਾ ੩੯)*

ਸਾਡੇ ਜਨ-ਜੀਵਨ ਵਿਚ ਮੁਹਾਵਰਾ ਹੈ, "ਗੁਰੂ ਬਿਨਾਂ ਗੱਤ ਨਹੀਂ-ਸ਼ਾਹ ਬਿਨਾਂ ਪੱਤ ਨਹੀਂ" ਭਾਵ ਗੁਰੂ ਤੋਂ ਬਿਨਾਂ ਜੋ ਹਨੇਰੇ ਤੋਂ ਪ੍ਰਕਾਸ਼ ਦਾ ਗਿਆਨ ਦਿੰਦਾ, ਉਸ ਦੇ ਬਾਝੋਂ ਕਿਸੇ ਇਨਸਾਨ ਦਾ ਜਨਮ-ਮਰਨ ਦੇ ਚੱਕਰਾਂ ਤੋਂ ਛੁਟਕਾਰਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਸ਼ਾਹ ਵੀ ਮੁਸੀਬਤ ਵਕਤ ਕਿਸੇ ਮਨੁੱਖ ਦੀ ਪੱਤ ਜਾਂ ਇੱਜ਼ਤ ਦਾ ਰਖਵਾਲਾ ਹੁੰਦਾ ਹੈ। ਇਸ ਸੰਸਾਰ ਵਿਚ ਅਗਿਆਨਤਾ ਨੂੰ ਹਨੇਰੇ ਨਾਲ ਤੁਲਨਾ ਦਿੱਤੀ ਗਈ ਹੈ ਕਿਉਂਕਿ ਜਿਵੇਂ ਘੁੱਪ-ਹਨੇਰੇ ਵਿਚ ਮਨੁੱਖ ਨੂੰ ਸਪਸ਼ਟਤਾ ਨਹੀਂ ਹੁੰਦੀ ਤੇ ਰੱਸੀ ਵੀ ਸੱਪ ਵਰਗੀ ਜਾਪਦੀ ਹੈ। ਝੂਲਦੇ ਰੁੱਖਾਂ ਤੋਂ ਡਰਿਆ ਮਨ ਹਨੇਰੇ ਵਿਚ ਆਪ ਹੀ ਭੂਤਾਂ-ਪ੍ਰੇਤਾਂ ਦੀ ਕਲਪਨਾ ਕਰ ਲੈਂਦਾ ਹੈ, ਉਸ ਨੂੰ ਸਾਧੂ ਵੀ ਚੋਰ-ਡਾਕੂ ਪ੍ਰਤੀਤ ਹੋਵੇਗਾ ਅਤੇ ਕਈ ਵਾਰ ਆਪਣੇ ਪੈਰਾਂ ਦੇ ਖੜਾਕ ਤੋਂ ਹੀ ਆਮ ਆਦਮੀ ਦਾ ਮਨ ਡਰ ਜਾਂਦਾ ਹੈ। ਹੁਣ ਜੇਕਰ ਬਾਹਰੀ ਦੁਨੀਆਂ ਵਿਚ ਹਨੇਰੇ ਕਾਰਨ ਏਨੇ ਭੁਲੇਖੇ ਹਨ ਤਾਂ ਅੰਦਰੂਨੀ ਦੁਨੀਆਂ ਵਿਚ ਜੋ ਮਨ ਜਾਂ ਸੋਚ ਕਰਕੇ ਹਨੇਰਾ ਹੈ ਤਾਂ ਇਸ ਦਾ ਕੀ ਹੱਲ ਹੋਵੇਗਾ?

ਇਸ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰਬਾਣੀ ਵਿਚ ਤੱਤ-ਗਿਆਨ ਦਿੱਤਾ ਹੈ ਕਿ ਐ ਦੁਨੀਆਂ ਦੇ ਲੋਕੋ! ਜਿਵੇਂ ਅੰਧੇਰੇ ਨੂੰ ਦੂਰ ਕਰਨ ਲਈ ਦੀਪਕ ਬਾਲ ਦੇਈਏ ਤਾਂ ਘੁੱਪ ਹਨੇਰਾ ਦੂਰ ਹੋ ਜਾਂਦਾ ਹੈ ਇਸੇ ਤਰ੍ਹਾਂ ਮਨੁੱਖਤਾ ਦੇ ਅਗਿਆਨਤਾ ਰੂਪੀ ਅੰਧੇਰੇ ਨੂੰ ਗੁਰੂ ਦਾ ਗਿਆਨ ਦੂਰ ਕਰ ਸਕਦਾ ਹੈ। ਬਸ ਗਿਆਨ ਦਾ ਦੀਪਕ ਜਗਾਉਣ ਦੀ ਲੋੜ ਹੈ। ਗੁਰਮਤਿ ਅਨੁਸਾਰ 'ਸ਼ਬਦ' ਗੁਰੂ ਹੈ ਅਤੇ ਸ਼ਬਦ (ਬਾਣੀ) ਰਾਹੀਂ ਸਾਨੂੰ ਗਿਆਨ ਰੂਪੀ ਚਾਨਣ ਪ੍ਰਾਪਤ ਹੋਵੇਗਾ। ਇਹ ਅਗਿਆਨਤਾ ਰੂਪੀ ਹਨੇਰਾ ਸਾਡੀ ਸੀਮਤ ਤੇ ਸੰਕੀਰਣ ਸੋਚ ਕਰਕੇ ਹੈ। ਭਾਵੇਂ ਇਸ ਉੱਪਰ ਕਿਸੇ ਖਿੱਤੇ ਦੇ ਸਭਿਆਚਾਰ ਦੀਆਂ ਮੰਨਤਾਂ-ਮਨਾਉਤਾਂ ਦਾ ਅਸਰ ਵੀ ਹੁੰਦਾ ਹੈ ਜਿਵੇਂ ਪੰਜਾਬੀ ਸਭਿਆਚਾਰ ਵਿਚ ਤੇਰਾਂ ਦਾ ਅੰਕ ਗੁਰੂ ਨਾਨਕ ਪਾਤਸ਼ਾਹ ਜੀ ਦੇ ਤੇਰਾਂ-ਤੇਰਾਂ ਤੋਲਣ ਕਰਕੇ ਸ਼ੁੱਭ ਮੰਨਿਆ ਜਾਂਦਾ ਹੈ ਪਰ ਇਸ ਦੇ ਉਲਟ ਪੱਛਮੀ ਸਭਿਆਚਾਰ ਵਿਚ ਇਹੋ ਅੰਕ ਅਸ਼ੁੱਭ ਹੈ। ਜਦ 'ਗਿਆਨ ਰੂਪੀ ਚਾਨਣ' ਹੋਵੇਗਾ ਤਾਂ ਅਸੀਂ ਸ਼ੁੱਭ-ਅਸ਼ੁੱਭ, ਜਾਤ-ਪਾਤ, ਭੇਦ-ਭਾਵ, ਹਉਮੈ, ਈਰਖਾ, ਵਹਿਮ-ਭਰਮ ਤੇ ਹੋਰ ਅਨੇਕਾਂ ਅੰਧ-ਵਿਸ਼ਵਾਸਾਂ ਤੋਂ ਮੁਕਤ ਹੋ ਜਾਵਾਂਗੇ। ■

** ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ। ਮੋ: ੯੮੧੫੯-੮੫੫੫੯*

*ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ*

# ਵਿਚੇ ਗ੍ਰਿਸਤ ਉਦਾਸ ਰਹਾਈ...

*-ਸ. ਬਲਵਿੰਦਰ ਸਿੰਘ 'ਜੌੜਾ ਸਿੰਘਾ'**

ਗੁਰਮਤਿ ਵਿਚ ਗ੍ਰਿਹਸਤ ਮਾਰਗ ਨੂੰ ਪ੍ਰਵਾਨ ਕੀਤਾ ਗਿਆ ਹੈ। ਗੁਰਬਾਣੀ ਅਨੁਸਾਰ ਗ੍ਰਿਹਸਤ ਵਿਚ ਰਹਿੰਦਿਆਂ ਹੀ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਤੇ ਸਿਧਾਂਤ ਹੈ। ਹੱਸਦਿਆਂ, ਖੇਡਦਿਆਂ, ਖਾਂਦਿਆਂ, ਪਹਿਨਦਿਆਂ ਮੁਕਤੀ ਪ੍ਰਾਪਤ ਹੋ ਸਕਦੀ ਹੈ:

*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥*
*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥*

*(ਪੰਨਾ ੫੨੨)*

ਗ੍ਰਿਹਸਤ ਵਿਚ ਰਹਿੰਦਿਆਂ ਮੁਕਤੀ ਕਿਵੇਂ ਪ੍ਰਾਪਤ ਹੋਵੇਗੀ, ਇਹ ਆਸ ਲੈ ਕੇ ਭਾਈ ਮਾਈਆ, ਭਾਈ ਜਾਪਾ, ਭਾਈ ਨਈਆ ਖੁੱਲਰ ਅਤੇ ਭਾਈ ਤੁਲਸਾ ਵਹੁਰਾ ਨਾਂ ਦੇ ਚਾਰ ਸਿੱਖ, ਜਗਤ ਦਾ ਕਲਿਆਣ ਕਰਨ ਵਾਲੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਆਏ। ਪਹਿਲਾਂ ਸਤਿਗੁਰਾਂ ਦੇ ਦਰਸ਼ਨ ਕੀਤੇ ਫਿਰ ਬੰਦਨਾ ਕਰ ਕੇ ਸਿਰ ਨਿਵਾਇਆ ਤੇ ਹੱਥ ਜੋੜ ਬੇਨਤੀ ਕੀਤੀ, 'ਹੇ ਗਰੀਬ ਨਿਵਾਜ ਸਤਿਗੁਰ ਜੀ! ਅਸੀਂ ਤੁਹਾਡੇ ਸੇਵਕ ਹਾਂ। ਸਾਨੂੰ ਕੋਈ ਐਸਾ ਉਪਦੇਸ਼ ਦਿਉ ਕਿ ਅਸੀਂ ਗ੍ਰਿਹਸਤ ਵਿਚ ਰਹਿੰਦਿਆਂ ਆਪ ਜੀ ਦੇ ਕਹੇ ਉਪਦੇਸ਼ ਅਨੁਸਾਰ ਕਮਾਈ ਕਰੀਏ ਜਿਸ ਸਦਕਾ ਅਸੀਂ ਸਿੱਖੀ ਦੀ ਪਦਵੀ ਨੂੰ ਪ੍ਰਾਪਤ ਕਰ ਲਈਏ। ਘਰ ਵਿਚ ਰਹਿ ਕੇ ਅਸੀਂ ਉਦਾਸੀ ਵਾਲੀ ਅਵਸਥਾ ਪ੍ਰਾਪਤ ਕਰੀਏ ਤਾਂ ਜੋ ਰੋਜ਼ ਹਿਰਦੇ ਵਿੱਚੋਂ ਮੋਹ ਦਾ ਖਾਤਮਾ ਕਰ ਸਕੀਏ':

*ਆਏ ਪ੍ਰਵੇਸ਼ੇ ਦਰਸ਼ਨ ਪਾਯੋ। ਕੀਨ ਬੰਦਨਾ ਸੀਸ ਨਿਵਾਯੋ।*
*ਜੁਗ ਕਰ ਜੋਰਤਿ ਅਰਜ਼ ਬਖਾਨੀ। 'ਦਿਹੁ ਉਪਦੇਸ਼ ਅਪਨ ਜਨ ਜਾਨੀ॥੩੦॥*
*ਰਹੈਂ ਜੁ ਗ੍ਰਿਹਸਤ ਮਹਿਂ ਕਹਜੋ ਕਮਾਵੈਂ। ਜਿਸ ਤੇ ਹਮ ਸਿੱਖੀ ਪਦ ਪਾਵੈਂ॥*
*ਬਸਹਿਂ ਅਵਾਸ ਉਦਾਸੀ ਪਾਇ। ਦਿਨ ਪ੍ਰਤਿ ਉਰ ਤੇ ਮੋਹਿ ਮਿਟਾਇ'॥੩੧॥*

*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ਦੂਜੀ, ਅਧਿ: ੧੮)*

ਪਰਉਪਕਾਰੀ ਗੁਣਾਂ ਦੇ ਮਾਲਕ ਸਤਿਗੁਰ ਰਾਮਦਾਸ ਜੀ ਨੇ ਕਿਰਪਾ ਕਰਦਿਆਂ ਹੋਇਆਂ ਬਚਨ ਕੀਤਾ, 'ਹੇ ਭਾਈ! ਜਿਸ ਤਰ੍ਹਾਂ ਤੁਸੀਂ ਦਿਨ-ਰਾਤ ਘਰ ਦੇ ਕੰਮਕਾਜ ਚੰਗੀ ਤਰ੍ਹਾਂ ਸੁਆਰ ਕੇ ਕਰਦੇ ਹੋ, ਉਹ ਕੰਮ-ਧੰਦੇ ਤੁਹਾਨੂੰ ਪਿਆਰੇ ਲੱਗਦੇ ਹਨ ਤੇ ਤੁਸੀਂ ਉਨ੍ਹਾਂ ਤੋਂ ਕਦੇ ਮੂੰਹ ਨਹੀਂ ਮੋੜਦੇ ਉਸੇ ਤਰ੍ਹਾਂ ਹੀ ਗੁਰਬਾਣੀ ਨਾਲ ਪ੍ਰੇਮ ਧਾਰਨ ਕਰੋ। ਗੁਰਬਾਣੀ ਨੂੰ ਮਨ ਲਾ ਕੇ ਪੜ੍ਹਨਾ ਤੇ ਸੁਣਨਾ ਹੈ। ਸ਼ਬਦ ਵਿਚਲਾ ਜੋ ਅਰਥ ਹੈ ਉਸ ਦੀ ਹਿਰਦੇ ਵਿਚ ਵਾਰ-ਵਾਰ ਵਿਚਾਰ ਕਰਨੀ ਹੈ। ਮਨ ਨੂੰ ਵਾਰ-ਵਾਰ ਸ਼ਬਦ ਵੱਲ ਮੋੜਨਾ ਹੈ। ਗੁਰੂ ਸਰੂਪ ਵੱਲ ਧਿਆਨ ਧਾਰਨ ਕਰਨਾ ਹੈ। ਅੰਮ੍ਰਿਤ ਵੇਲੇ ਇੰਵ ਕਰਨ ਨਾਲ ਮਹਾਨ ਪੁੰਨ ਪ੍ਰਾਪਤ ਹੁੰਦਾ ਹੈ। ਫਿਰ ਬਾਣੀ ਦਾ ਉਚਾਰਨ ਕਰਨਾ

** ਮੀਤ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: ੯੮੧੪੮-੯੮੨੧੨*

ਤੇ ਸਿੱਖਾਂ ਨਾਲ ਮਿਲ ਕੇ ਉਸ ਦੇ ਅਰਥ ਦੀ ਵਿਚਾਰ ਕਰਨੀ ਹੈ। ਜਿਵੇਂ ਘੋੜੇ ਨੂੰ ਮਸਾਲਾ ਦੇ ਕੇ ਮੂੰਹ 'ਤੇ ਛਿੱਕਾ ਬੰਨ ਕੇ ਹੋਰ ਖਾਣ-ਪੀਣ ਤੋਂ ਰੋਕ ਦਿੱਤਾ ਜਾਂਦਾ ਹੈ ਤਾਂ ਜੋ ਉਹ ਰੋਗੀ ਘੋੜਾ ਫਿਰ ਤੰਦਰੁਸਤ ਹੋ ਜਾਵੇ ਇਸੇ ਤਰ੍ਹਾਂ ਦੁਨਿਆਵੀ ਕੰਮ-ਕਾਰ ਨੂੰ ਕੁਝ ਸਮਾਂ ਰੋਕ ਕੇ ਹਿਰਦੇ ਵਿਚ ਵਿਸ਼ਾਲ ਪ੍ਰੇਮ ਧਾਰਨ ਕਰ ਕੇ ਸਤਿਗੁਰ ਜੀ ਦਾ ਧਿਆਨ ਧਰਨਾ ਹੈ।' ਭਾਈ ਸੰਤੋਖ ਸਿੰਘ ਜੀ ਇਸ ਬਾਰੇ ਇੰਵ ਲਿਖਦੇ ਹਨ:

*ਸ੍ਰੀ ਗੁਰ ਰਾਮਦਾਸ ਉਪਕਾਰੀ। ਬਾਨੀ ਕਰੁਨਾ ਠਾਨ ਉਚਾਰੀ।*
*'ਜਿਮੁ ਨਿਸ ਦਿਨ ਘਰ ਕਾਜ ਸੁਧਾਰੇ।*
*ਤਜਾਗਹੁ ਕਬਹੁਂ ਨ, ਲਾਗਹਿਂ ਪਜਾਰੇ॥੩੨॥*
*ਤਥਾ ਪਜਾਰ ਧਾਰਹੁ ਗੁਰਬਾਨੀ। ਪਠਨਿ ਸੁਨਨਿ ਕੀਜਹਿ ਰੁਚਿ ਠਾਨੀ।*
*ਯਰਜੋ ਅਰਥ ਜੋ ਸ਼ਬਦ ਮਝਾਰਾ। ਬਾਰ ਬਾਰ ਉਰ ਕਰਹੁ ਬਿਚਾਰਾ॥੩੩॥*
*ਕਜਾ ਗੁਰ ਕਹੈਂ, ਕਰੈਂ ਹਮ ਕਹਾਂ। ਸਨੈ ਸਨੈ ਮੋਰਹੁ ਮਨ ਮਹਾਂ।*
*ਮਮ ਸਰੀਰ ਕੋ ਧਾਰਹੁ ਧਜਾਨ। ਅੰਮ੍ਰਿਤ ਵੇਲਾ ਪੁੰਨ ਮਹਾਂਨ॥੩੪॥*
*ਮਮ ਬਾਨੀ ਕੋ ਕਰਹੁ ਉਚਾਰਨਿ। ਮਿਲ ਸਿੱਖਨਿ ਤੇ ਅਰਥ ਬਿਚਾਰਨ।*
*ਜਿਮ ਤੁਰੰਗ ਕੋ ਦੇਹਿਂ ਮਸਾਲਾ। ਬਹੁਰ ਕਰਹਿਂ ਕਾਜੈ ਚਿਰਕਾਲਾ॥੩੫॥*
*ਤਬ ਹਯ ਰੋਗੀ ਹੋਇ ਨਿਰੋਵਾ। ਸਭਿ ਸਰੀਰ ਦੀ ਬਜਾਧੀ ਖੋਵਾ।*
*ਤਿਮ ਸਤਿਗੁਰ ਕੋ ਕਰਬੇ ਧਜਾਨ। ਹਿਰਦੇ ਧਾਰਨ ਪ੍ਰੇਮ ਮਹਾਂਨ॥੩੬॥*

ਸਾਰੇ ਜਗਿਆਸੂ ਜਨ ਸਤਿਗੁਰ ਜੀ ਦੇ ਪਾਵਨ ਬਚਨਾਂ ਨੂੰ ਧਿਆਨ ਲਾ ਕੇ ਸੁਣ ਰਹੇ ਸਨ। ਪਾਤਸ਼ਾਹ ਨੇ ਹੋਰ ਅੱਗੇ ਸਮਝਾਉਂਦਿਆਂ ਕਿਹਾ, 'ਹੇ ਭਾਈ ਸਿੱਖੋ! ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਨਾ ਹੈ। ਇਹ ਸਿਮਰਨ ਕਰੋਗੇ ਤਾਂ ਹਉਮੈ ਦਾ ਵੱਡਾ ਰੋਗ ਖਤਮ ਹੋ ਜਾਵੇਗਾ। ਫਿਰ ਮਨ ਰੂਪੀ ਘੋੜਾ ਵੀ ਵੱਡੀ ਸਵੱਛਤਾ ਨੂੰ ਪ੍ਰਾਪਤ ਕਰ ਲਵੇਗਾ। ਤੁਰਦੇ-ਫਿਰਦੇ ਹੋਏ ਪ੍ਰਭੂ ਦੇ ਨਾਮ ਦਾ ਸਿਮਰਨ ਕਰਦੇ ਚੱਲੋ। ਹੱਥਾਂ ਨਾਲ ਘਰ ਦੇ ਸਾਰੇ ਕੰਮਕਾਰ ਕਰਦੇ ਰਹੋ, ਉੱਠਦੇ-ਬੈਠਦੇ, ਜਾਗਦੇ, ਸੌਂਦੇ, ਕੰਨਾਂ ਨਾਲ ਸੁਣਦੇ ਤੇ ਅੱਖਾਂ ਨਾਲ ਵੇਖਦੇ ਹੋਏ ਆਪਣਾ ਹਿਰਦਾ ਸਤਿਗੁਰ ਜੀ ਨਾਲ ਜੋੜੋ। ਜਿਵੇਂ ਘੜਾ ਚੁੱਕੀ ਇਸਤਰੀ ਘੜਾ ਚੁੱਕੀ ਹੋਈ ਵੀ ਹੱਥ ਹਿਲਾ ਕੇ ਬਹੁਤ ਗੱਲਾਂ ਕਰਦੀ ਵੀ ਆਪਣੇ ਰਾਹ ਤੁਰੀ ਜਾਂਦੀ ਹੈ। ਨਾ ਘੜਾ ਡਿੱਗਦਾ ਹੈ, ਨਾ ਡੋਲਦਾ ਹੈ ਤੇ ਸਿਰ 'ਤੇ ਟਿਕਿਆ ਰਹਿੰਦਾ ਹੈ ਕਿਉਂਕਿ ਉਸ ਦਾ ਮਨ ਘੜੇ ਨਾਲ ਜੁੜਿਆ ਹੁੰਦਾ ਹੈ। ਇਸੇ ਤਰ੍ਹਾਂ ਤੁਸੀਂ ਵੀ ਮਨ-ਬਿਰਤੀ ਨੂੰ ਇਕਾਗਰ ਕਰ ਕੇ ਸੁਖ ਪ੍ਰਾਪਤ ਕਰੋ ਅਤੇ ਅੰਤ ਸਮੇਂ ਤੁਸੀਂ ਮੁਕਤ ਹੋ ਜਾਵੋਗੇ':

*ਸਿਮਰਹਿਂ ਵਾਹਿਗੁਰੂ ਸਤਿਨਾਮੂ। ਤਬ ਨਾਸਹਿਂ ਹਉਮੈ ਬਡ ਆਮੂ॥*
*ਮਨ ਤੁਰੰਗ ਬਡ ਸੁਧਤਾ ਪਾਵੈ। ਗੁਰ ਅਨੁਸਾਰੀ ਹੁਇ ਥਿਰਤਾਵੈ॥੩੭॥*
*ਪਾਇਨ ਬਿਚਰਤਿ ਸਿਮਰਹੁ ਨਾਮੂ। ਹਾਥਨ ਕਰਿਹੁ ਕਾਜੁ ਸਭਿ ਧਾਮੂ॥*
*ਉਠਤਿ ਬੈਠਤਿ ਜਾਗਤਿ ਸੋਵਤਿ। ਸੁਨਤੇ ਸ਼੍ਰਵਣ, ਬਿਲੋਚਨ ਜੋਵਤਿ॥੩੮॥*
*ਰਿਦਾ ਧਰਿਹੁ ਸਤਿਗੁਰ ਕੇ ਸੰਗ। ਅਪਰ ਕ੍ਰਿਯਾ ਕਰਿਯਹਿ ਸਭਿ ਅੰਗ।*

*ਜਿਮ ਸਿਰ ਘਟਿ ਬਹੁ ਬਾਤ ਬਨਾਵਤਿ। ਹਾਥ ਹਲਾਵਤਿ, ਮਾਰਗ ਜਾਵਤਿ॥੩੯॥*
*ਤਉ ਘਟੇ ਸੋਂ ਮਨ ਹੈ ਜੁਰਿਓ। ਗਿਰਹਿ ਨ ਡੋਲਹਿ, ਰਹੈ ਸੁ ਧਰਿਓ।*
*ਇਮ ਬ੍ਰਿਤਿ ਨਿਸ਼ਚਲ ਕਰਿ ਸੁਖ ਪਾਵੋ। ਅੰਤਕਾਲ ਕੈਵਲ ਹੁਇ ਜਾਵੋ॥੪੦॥*
*(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ਦੂਜੀ, ਅਧਿ: ੧੮)*

ਗੁਰਬਾਣੀ ਵਿਚ ਐਸੇ ਉਪਦੇਸ਼ ਨੂੰ ਦ੍ਰਿੜ੍ਹ ਕਰਾਉਂਦਿਆਂ ਪਾਵਨ ਫ਼ਰਮਾਨ ਹੈ:

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥ (ਪੰਨਾ ੧੩੭੫)*

ਸ੍ਰੀ ਗੁਰੂ ਰਾਮਦਾਸ ਜੀ ਦਾ ਪਾਵਨ ਬਚਨ ਵੀ ਹੈ ਕਿ ਜਿਨ੍ਹਾਂ ਭਗਤ ਜਨਾ ਤੇ ਸਿੱਖ ਸੇਵਕਾਂ ਦੀ ਨਿਰੰਕਾਰ ਵਿਚ ਸ਼ਰਧਾ ਹੋ ਜਾਂਦੀ ਹੈ ਉਹ ਸਦਾ ਗ੍ਰਿਹਸਤ ਵਿਚ ਉਦਾਸੀ ਨੂੰ ਪ੍ਰਾਪਤ ਕਰਦੇ ਹਨ। ਸਾਹਿਬਾਂ ਦਾ ਫ਼ਰਮਾਨ ਹੈ:

*ਭਗਤ ਜਨਾ ਕਉ ਸਰਧਾ ਆਪਿ ਹਰਿ ਲਾਈ॥*
*ਵਿਚੇ ਗ੍ਰਿਸਤ ਉਦਾਸ ਰਹਾਈ॥ (ਪੰਨਾ ੪੯੪)*

ਇਸ ਤਰ੍ਹਾਂ ਭਾਈ ਮਾਈਆ, ਭਾਈ ਜਾਪਾ, ਭਾਈ ਨਈਆ ਤੇ ਭਾਈ ਤੁਲਸਾ ਜੀ ਨੇ ਸਤਿਗੁਰ ਜੀ ਦੇ ਉਪਦੇਸ਼ ਨੂੰ ਧਾਰਨ ਕੀਤਾ ਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਬਚਨਾਂ ਅਨੁਸਾਰ ਚੱਲਦੇ, ਕਾਰ-ਵਿਹਾਰ ਕਰਦੇ ਰਹੇ। ਉਹ ਜੀਉਂਦੇ-ਜੀਅ ਸੇਵਾ ਕਰਦਿਆਂ ਅੰਤ ਕਾਲ ਸਤਿਗੁਰ ਦੇ ਨੇੜੇ ਹੋ ਕੇ ਜੀਵਨ-ਮੁਕਤੀ ਨੂੰ ਪ੍ਰਾਪਤ ਕਰ ਗਏ। ਭਾਈ ਗੁਰਦਾਸ ਜੀ ਨੇ ਗੁਰਸਿੱਖੀ ਦੀ ਪਰਮ ਪਦਵੀ ਨੂੰ ਪ੍ਰਾਪਤ ਕੀਤਾ। ਇਨ੍ਹਾਂ ਗੁਰਸਿੱਖਾਂ ਬਾਰੇ ਉਲੇਖ ਕਰਦਿਆਂ ਭਾਈ ਗੁਰਦਾਸ ਜੀ ਨੇ ਇਨ੍ਹਾਂ ਨੂੰ ਗੁਰੂ ਕੇ ਪਿਆਰੇ, ਗੁਰੂ ਦੇ ਉਪਦੇਸ਼ ਨੂੰ ਧਾਰਨ ਕਰਨ ਵਾਲੇ ਤੇ ਆਚਾਰੀ ਪੁਰਸ਼ ਕਿਹਾ ਹੈ:

*ਮਾਈਆ ਜਾਪਾ ਜਾਣੀਅਨਿ ਨਈਆ ਖੁਲਰ ਗੁਰੂ ਪਿਆਰਾ।*
*ਤੁਲਸਾ ਵਹੁਰਾ ਜਾਣੀਐ ਗੁਰ ਉਪਦੇਸ ਅਵੇਸ ਅਚਾਰਾ। (ਵਾਰ ੧੧-੧੭)*

■

## ਸਿੱਖ ਮਿਸ਼ਨ ਉਤਰਾਂਚਲ ਵੱਲੋਂ ਗੁਰਮਤਿ ਸਮਾਗਮ

ਮਿਸ਼ਨ ਦੇ ਇੰਚਾਰਜ ਭਾਈ ਹਰਜਿੰਦਰ ਸਿੰਘ ਵੱਲੋਂ ਪੁੱਜੀ ਸੂਚਨਾ ਮੁਤਾਬਿਕ ਪਿੰਡ ਬੈਲ ਪੜਾਵ ਵਿਖੇ ਬਾਬਾ ਭਗਵਾਨ ਸਿੰਘ ਖਾਲਸਾ ਅਤੇ ਸੰਗਤਾਂ ਦੇ ਸਹਿਯੋਗ ਦਾ ਸਦਕਾ ੨੫-੨੬ ਮਈ ੨੦੧੧ ਨੂੰ ਦੋ-ਦਿਨਾ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ ਜਿਸ ਵਿਚ ੧੬ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਇਸੇ ਮਿਸ਼ਨ ਵੱਲੋਂ ੧੭ ਜੂਨ ੨੦੧੧ ਨੂੰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਕਾਸ਼ੀਪੁਰ ਵਿਖੇ ਅਤੇ ੧੮ ਜੂਨ ਨੂੰ ਗੁਰਦੁਆਰਾ ਨਾਨਕਪੁਰੀ ਟਾਂਡਾ ਵਿਖੇ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਹੋਰਾਂ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ।

# ਨਸ਼ੇ ਛੱਡਣ ਬਾਰੇ

*-ਮਾਸਟਰ ਸੁਖਦੇਵ ਸਿੰਘ ਜਾਚਕ**

ਗੁਰਾਂ ਵਾਲੀ ਬਾਣੀ ਮਨ ਨਾਲ ਜੋੜ ਲੈ!
ਛੱਡ ਦੇ ਖਹਿੜਾ ਨਸ਼ਿਆਂ ਤੋਂ ਮੁੱਖ ਮੋੜ ਲੈ!
ਕਰਦੀ ਸ਼ਰਾਬ ਤਾਂ ਖਰਾਬ ਵੀਰਨਾ!
ਮਿਲਦਾ ਚੁਫੇਰਿਓਂ ਜਵਾਬ ਵੀਰਨਾ!
ਸਦਾ ਲਈ ਇਹਦੇ ਨਾਲੋਂ ਨਾਤਾ ਤੋੜ ਲੈ,
ਛੱਡ ਦੇ ਖਹਿੜਾ ... ...
ਵਰਤੇਂ ਤੰਬਾਕੂ, ਬੀੜੀਆਂ ਤੇ ਜਰਦਾ।
ਮਾੜੀਆਂ ਬੀਮਾਰੀਆਂ ਤੋਂ ਕਿਉਂ ਨਹੀਂ ਡਰਦਾ?
ਮਾਰਦਾ ਮੁਸ਼ਕ ਤਲੀਆਂ 'ਚੋਂ ਖੋਰ ਲੈ,
ਛੱਡ ਦੇ ਖਹਿੜਾ ... ...
ਘੋਲ-ਘੋਲ ਪੋਸਤ ਕਦੇ ਤੂੰ ਪੀਂਵਦਾ!
ਕੈਪਸੂਲ ਗੋਲੀਆਂ ਬਿਨਾਂ ਨਾ ਜੀਂਵਦਾ।
ਲਾਗੇ ਜਾਣਾ ਛੱਡ, ਦੂਰੋਂ ਹੱਥ ਜੋੜ ਲੈ।
ਛੱਡ ਦੇ ਖਹਿੜਾ ... ...
ਵੇਖ ਲਓ ਜਵਾਨ ਬੱਚੇ ਬੁੱਢੇ ਆਦਮੀ।
ਨਸ਼ਿਆਂ ਦੇ ਵਿਚ ਕਿਵੇਂ ਖੁੱਭੇ ਆਦਮੀ!
ਚਿੱਕੜੋਂ ਲੈ ਕੱਢ, ਜ਼ਿੰਦਗੀ ਨੂੰ ਤੋਰ ਲੈ,
ਛੱਡ ਦੇ ਖਹਿੜਾ ਨਸ਼ਿਆਂ ਤੋਂ...
ਲੱਕੜੀ ਨੂੰ ਘੁਣ ਲੋਹੇ ਨੂੰ ਜੰਗਾਲ ਜਿਉਂ।
ਨਸ਼ਾ ਕਰੇ ਆਦਮੀ ਦਾ ਬੁਰਾ ਹਾਲ ਇਉਂ।
ਕਾਇਆ ਕਲਪ ਕਰ ਨਵੀਂ ਤੇ ਨਕੋਰ ਲੈ,
ਛੱਡ ਦੇ ਖਹਿੜਾ ... ...
ਬਾਕੀ ਰਹਿੰਦਾ ਜਨਮ ਸਫਲ ਕਰ ਲੈ।
'ਜਾਚਕਾ' ਤੂੰ ਬਾਣੀ ਦਾ ਹੀ ਪੱਲਾ ਫੜ ਲੈ।
ਅੰਮ੍ਰਿਤ ਛਕ ਛੇਤੀ ਕਰ ਗੌਰ ਲੈ,
ਛੱਡ ਦੇ ਖਹਿੜਾ ਨਸ਼ਿਆਂ ਤੋਂ ਮੁੱਖ ਮੋੜ ਲੈ! ■

*ਖੁੰਢ ਵਾਲਾ ਸੈਣੀਆਂ, ਡਾਕ: ਮੰਡੀ ਲਾਧੂਕਾ, ਤਹਿ: ਫਾਜ਼ਿਲਕਾ (ਫਿਰੋਜ਼ਪੁਰ) ਮੋ: ੯੪੬੪੦-੦੫੬੮੫

# ਮੈਨੂੰ ਕੁੱਖ 'ਚ ਨਾ ਮਾਰੋ!

*-ਸ. ਜਗੀਰ ਸਿੰਘ**

ਮੈਨੂੰ ਕੁੱਖ 'ਚ ਨਾ ਮਾਰੋ, ਮੈਂ ਨਹੀਂ ਮੰਗਦੀ ਕੋਈ ਗਹਿਣੇ।
ਮੈਂ ਜੱਗ ਜਣਨੀ ਹਾਂ, ਮੈਂ ਜਣਨੀ ਬੀਰਾਂ ਦੀ,
ਰਿਸ਼ੀਆਂ ਤੇ ਮੁਨੀਆਂ ਦੀ, ਗੁਰੂਆਂ ਤੇ ਪੀਰਾਂ ਦੀ।
ਦੁੱਖ ਜਨਮ ਦੀ ਪੀੜਾ ਦੇ ਨਹੀਂ ਹੋਰ ਕਿਸੇ ਨੇ ਸਹਿਣੇ।
ਮੈਨੂੰ ਕੁੱਖ 'ਚ ਨਾ ਮਾਰੋ... ... ...
ਅੰਮੜੀ ਦੇ ਵਿਹੜੇ ਦੀ, ਬਾਬਲ ਦੇ ਖੇੜੇ ਦੀ,
ਫਰਜ਼ ਕਸਮਾਂ ਦੀ, ਤੇ ਨਿਰਮਲ ਰਸਮਾਂ ਦੀ
ਸਹੁੰ ਖਾ ਕੇ ਕਹਿੰਦੀ ਹਾਂ, ਨਹੀਂ ਦਾਗ਼ ਮੱਥੇ ਤੋਂ ਲਹਿਣੇ।
ਮੈਨੂੰ ਕੁੱਖ 'ਚ ਨਾ ਮਾਰੋ... ... ...
ਨੂੰਹ ਸੁਘੜ ਸਿਆਣੀ ਨੂੰ, ਜੱਗ ਸਾਰਾ ਚਾਹੁੰਦਾ ਏ,
ਧੀ ਘਰ ਜੰਮੀ ਤੋਂ ਕਿਉਂ, ਮੱਥੇ ਵੱਟ ਪਾਉਂਦਾ ਏ?
ਥੋਥੇ ਖਿਆਲ ਇਹ ਲੋਕਾਂ ਦੇ, ਹੁਣ ਬਹੁਤੀ ਦੇਰ ਨਹੀਂ ਰਹਿਣੇ।
ਮੈਨੂੰ ਕੁੱਖ 'ਚ ਨਾ ਮਾਰੋ... ... ...
ਲੈ ਕੇ ਚਾਨਣ ਵਿੱਦਿਆ ਦਾ, ਜੱਗ ਨੂੰ ਰੁਸ਼ਨਾਵਾਂਗੀ,
ਲੜਕੇ ਤੇ ਲੜਕੀ ਦਾ, ਇਹ ਫਰਕ ਮਿਟਾਵਾਂਗੀ।
ਜਦ ਭੈਣਾਂ ਨਾ ਰਹੀਆਂ, ਨਹੀਂ 'ਵੀਰ' ਆਉਣਾ ਵਿਚ ਕਹਿਣੇ।
ਮੈਨੂੰ ਕੁੱਖ 'ਚ ਨਾ ਮਾਰੋ, ਮੈਂ ਨਹੀਂ ਮੰਗਦੀ ਕੋਈ ਗਹਿਣੇ। ■

** ਸੁਲਤਾਨਪੁਰ ਲੋਧੀ।*

## ਸਿੱਖ ਮਿਸ਼ਨ ਉਤਰਾਂਚਲ ਵੱਲੋਂ ਗੁਰਮਤਿ ਸਮਾਗਮ

ਮਿਸ਼ਨ ਦੇ ਇੰਚਾਰਜ ਭਾਈ ਹਰਜਿੰਦਰ ਸਿੰਘ ਵੱਲੋਂ ਪ੍ਰਾਪਤ ਸੂਚਨਾ ਮੁਤਾਬਿਕ ਪਿੰਡ ਬੈਲ ਪੜਾਵ ਵਿਖੇ ਬਾਬਾ ਭਗਵਾਨ ਸਿੰਘ ਖਾਲਸਾ ਅਤੇ ਸੰਗਤਾਂ ਦੇ ਸਹਿਯੋਗ ਦਾ ਸਦਕਾ ੨੫-੨੬ ਮਈ ੨੦੧੧ ਨੂੰ ਦੋ-ਦਿਨਾ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ ਜਿਸ ਵਿਚ ੧੯ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਇਸੇ ਮਿਸ਼ਨ ਵੱਲੋਂ ੧੭ ਜੂਨ ੨੦੧੧ ਨੂੰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਕਾਸ਼ੀਪੁਰ ਵਿਖੇ ਅਤੇ ੧੮ ਜੂਨ ਨੂੰ ਗੁਰਦੁਆਰਾ ਨਾਨਕਪੁਰੀ ਟਾਂਡਾ ਵਿਖੇ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਦੀ ਯਾਦ ਵਿਚ ਗੁਰਮਤਿ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਹੋਰਾਂ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸੰਗਤਾਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ।

ਖ਼ਬਰਨਾਮਾ

# ਸਿੱਖ ਮੈਰਿਜ ਐਕਟ ਨਾ-ਮਨਜ਼ੂਰ ਕਰਨਾ ਸਿੱਖ ਜਗਤ ਨਾਲ ਧ੍ਰੋਹ- ਜਥੇਦਾਰ ਅਵਤਾਰ ਸਿੰਘ

ਤਲਵੰਡੀ ਸਾਬੋ : ੩੦ ਅਗਸਤ - ਕੇਂਦਰ ਸਰਕਾਰ ਅਤੇ ਕਾਂਗਰਸ ਪਾਰਟੀ ਨੇ ਸਿੱਖ ਮੈਰਿਜ ਐਕਟ ਨਾ-ਮਨਜ਼ੂਰ ਕਰ ਕੇ ਸਿੱਖ ਜਗਤ ਨਾਲ ਇਕ ਹੋਰ ਧ੍ਰੋਹ ਕਮਾਇਆ ਹੈ ਜਿਹੜਾ ਕਿ ਸਿੱਖ ਜਗਤ ਦੇ ਅੱਲੇ ਜ਼ਖਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਜਥੇਦਾਰ ਸਾਹਿਬ ਨੇ ਕਿਹਾ ਕਿ ਕਾਂਗਰਸ ਸ਼ੁਰੂ ਤੋਂ ਹੀ ਸਿੱਖ ਜਗਤ ਨਾਲ ਵੈਰ ਕਮਾਉਂਦੀ ਆ ਰਹੀ ਹੈ ਤੇ ਹੁਣ ਸਿੱਖ ਮੈਰਿਜ ਐਕਟ ਨਾ-ਮਨਜ਼ੂਰ ਕਰ ਕੇ ਸਾਬਤ ਕਰ ਦਿੱਤਾ ਹੈ ਕਿ ਭਾਰਤ ਵਿਚ ਸਿੱਖ ਜਗਤ ਦੀ ਵੱਖਰੀ ਪਹਿਚਾਣ ਨੂੰ ਮਿਟਾਉਣ ਲਈ ਹੀਲੇ-ਹਰਬੇ ਵਰਤ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਚੁਣੌਤੀ ਦਿੱਤੀ ਜਾਵੇਗੀ।

# ਅੰਮ੍ਰਿਤ-ਸੰਚਾਰ ਲਈ ਮੁੰਬਈ ਵਾਸੀ ਪਰਵਾਰ ਨੇ ਬੱਸ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸੌਂਪੀ

ਅੰਮ੍ਰਿਤਸਰ : ੧੯ ਅਗਸਤ - ਮੁੰਬਈ ਵਾਸੀ ਬੀਬੀ ਮਨਿੰਦਰ ਕੌਰ ਮੁਖੀ ਇਸਤਰੀ ਸ਼ਕਤੀ ਸੰਗਠਨ ਤੇ ਉਨ੍ਹਾਂ ਦੇ ਪਰਵਾਰ ਵੱਲੋਂ ਅੰਮ੍ਰਿਤ ਸੰਚਾਰ ਲਈ ਇਕ ਵਾਤਾਨਕੂਲ ਬੱਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਦੇ ਹੋਰਾਂ ਨੂੰ ਭੇਟ ਕੀਤੀ ਗਈ ਤਾਂ ਜੋ ਪੰਜ ਪਿਆਰੇ ਇਸ ਆਧੁਨਿਕ ਤੇ ਧਾਰਮਿਕ ਸਮੱਗਰੀ ਨਾਲ ਲੈਸ ਬੱਸ ਦੀ ਵਰਤੋਂ ਕਰ ਸਕਣ। ਇਸ ਸਵਰਾਜ ਮਾਜਦਾ ਬੱਸ ਅੰਦਰ ਅੰਮ੍ਰਿਤ-ਸੰਚਾਰ ਸਬੰਧੀ ਹਰ ਤਰ੍ਹਾਂ ਦੀ ਸਮੱਗਰੀ ਦੀ ਸਹੂਲਤ ਹੈ। ਇਸ ਮੌਕੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸਿੰਘ ਸਾਹਿਬ ਗਿਆਨੀ ਰਵੇਲ ਸਿੰਘ, ਗਿਆਨੀ ਗੁਰਮੁਖ ਸਿੰਘ, ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀ ਅਤੇ ਮੁੰਬਈ ਵਾਸੀ ਦਾਨੀ ਪਰਵਾਰ ਦੇ ਮੈਂਬਰਾਂ 'ਚ ਜਸਪਾਲ ਸਿੰਘ (ਬੇਦੀ), ਭੁਪਿੰਦਰ ਕੌਰ ਆਦਿ ਹਾਜ਼ਰ ਸਨ।

# ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਅਤੇ ਪ੍ਰਾਪਤੀਆਂ ਵਿਸ਼ੇ 'ਤੇ ਸੈਮੀਨਾਰ

ਰਿਆਸੀ (੨੧ ਅਗਸਤ) : ਆਲ ਇੰਡੀਆ ਬਾਬਾ ਬੰਦਾ ਸਿੰਘ ਬਹਾਦਰ ਸੰਪਰਦਾਇ ਵੱਲੋਂ ਮਹਾਨ ਸ਼ਹੀਦ 'ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਅਤੇ ਪ੍ਰਾਪਤੀਆਂ' ਵਿਸ਼ੇ 'ਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਰਿਆਸੀ (ਜੰਮੂ-ਕਸ਼ਮੀਰ) ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਸੈਮੀਨਾਰ ਵਿਚ ਡਾ. ਬਲਵੰਤ ਸਿੰਘ ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, ਡਾ. ਪਰਮਵੀਰ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸ. ਵਰਿਆਮ ਸਿੰਘ

ਡਾਇਰੈਕਟਰ, ਸਿੱਖ ਖੋਜ ਅਧਿਐਨ ਅਤੇ ਧਾਰਮਿਕ ਸਿੱਖਿਆ ਵਿਭਾਗ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਡਾ. ਉਪਦੇਸ਼ ਕੌਰ ਜੰਮੂ ਯੂਨੀਵਰਸਿਟੀ ਅਤੇ ਡਾ. ਸੁਰਿੰਦਰ ਸਿੰਘ ਸਿੱਖ ਇਤਿਹਾਸਕਾਰ ਚੰਡੀਗੜ੍ਹ ਵੱਲੋਂ ਆਪਣੇ ਖੋਜ ਭਰਪੂਰ ਪਰਚੇ ਪੜ੍ਹੇ ਗਏ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਸ੍ਰੀ ਸ.ਸ. (ਪਾਹਵਾ) ਵੱਲੋਂ ਬਾਖ਼ੂਬੀ ਨਿਭਾਈ ਗਈ। ਰਿਆਸੀ ਦੇ ਡਿਪਟੀ ਕਮਿਸ਼ਨਰ ਸ੍ਰੀ ਪਾਂਡੂਰਗ ਕੇ. ਪਾਲ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ। ਡਾ. ਜਸਪਾਲ ਸਿੰਘ ਉਪ-ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਮਾਗਮ ਦੀ ਪ੍ਰਧਾਨਗੀ ਕੀਤੀ ਗਈ। ਬਾਬਾ ਬੰਦਾ ਸਿੰਘ ਬਹਾਦਰ ਦੇ ਵੰਸ਼ਜ ਬਾਬਾ ਜਤਿੰਦਰਪਾਲ ਸਿੰਘ ਜੀ ਵੱਲੋਂ ਆਏ ਵਿਦਵਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਇਸ ਸਮਾਗਮ ਪ੍ਰਤੀ ਜਗਿਆਸੂਆਂ ਵਿਚ ਭਾਰੀ ਉਤਸ਼ਾਹ ਸੀ ਜੋ ਕਿ ਦੂਰੋਂ-ਦੂਰੋਂ ਚੱਲ ਕੇ ਵਿਦਵਾਨਾਂ ਦੇ ਵਿਚਾਰ ਸੁਣਨ ਲਈ ਪਹੁੰਚੇ ਹੋਏ ਸਨ।

## ਨਿਊਜ਼ੀਲੈਂਡ ਦੀ ਹਾਈ ਕਮਿਸ਼ਨਰ ਵੱਲੋਂ ਸ਼੍ਰੋਮਣੀ ਕਮੇਟੀ ਵੱਲੋਂ ਵਿਨਟੈਕ ਨਾਲ ਕੀਤੇ ਵਿੱਦਿਅਕ ਸਮਝੌਤੇ ਦੀ ਕੀਤੀ ਸ਼ਲਾਘਾ

ਅੰਮ੍ਰਿਤਸਰ- ੨੩ ਅਗਸਤ ਦਿੱਲੀ ਸਥਿਤ ਨਿਊਜ਼ੀਲੈਂਡ ਦੇ ਸਫਾਰਤਖਾਨੇ ਦੀ ਮਾਨਯੋਗ ਹਾਈ ਕਮਿਸ਼ਨਰ ਮੈਡਮ Jan Henderson ਉਨ੍ਹਾਂ ਦੇ ਪਤੀ Mr. David Henderson ਅਤੇ ਸਫਾਰਤਖਾਨੇ ਦੀ ਐਜੂਕੇਸ਼ਨਲ ਕੌਂਸਲਰ ਮੈਡਮ Melanie Chapinan ਅੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਨਿਊਜ਼ੀਲੈਂਡ ’ਚ ਨਾਮਵਰ ਵਿੱਦਿਅਕ ਸੰਸਥਾ ਵਿਨਟੈਕ (WINTEC) ਦੇ ਡਾਇਰੈਕਟਰ (ਇੰਟਰਨੈਸ਼ਨਲ ਰਿਲੇਸ਼ਨਜ਼) ਮਿ: ਸੂਰੀਆ ਪਾਂਡੇ ਅਤੇ ਹਮਿਲਟਨ ’ਚ ਇਮੀਗ੍ਰੇਸ਼ਨ ਕੰਪਨੀ ਪਾਥਵੇ ਦੇ ਡਾਇਰੈਕਟਰ ਮਿ: ਮਾਰਟਿਨ ਕਿੰਗ ਵੀ ਉਨ੍ਹਾਂ ਦੇ ਨਾਲ ਸਨ। ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾਂ ਦੌਰਾਨ ਸੂਚਨਾ ਅਧਿਕਾਰੀ ਸ. ਗੁਰਬਚਨ ਸਿੰਘ ਤੇ ਸ. ਦਲਬੀਰ ਸਿੰਘ ਵੱਲੋਂ ਉਨ੍ਹਾਂ ਨੂੰ ਸਿੱਖ ਧਰਮ, ਇਤਿਹਾਸ ਤੇ ਲੰਗਰ ਦੀ ਪ੍ਰਥਾ ਪ੍ਰਤੀ ਦਿੱਤੀ ਜਾਣਕਾਰੀ ’ਚ ਉਨ੍ਹਾਂ ਭਾਰੀ ਦਿਲਚਸਪੀ ਦਿਖਾਈ। ਉਪਰੰਤ ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਮਾਨਯੋਗ ਹਾਈ ਕਮਿਸ਼ਨਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮਾਡਲ, ਸਿਰੋਪਾਓ ਅਤੇ ਧਾਰਮਿਕ ਪੁਸਤਕਾਂ ਦੇ ਸੈੱਟ ਨਾਲ ਸਨਮਾਨਿਤ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਵਿਸ਼ਵ- ਪੱਧਰੀ ਸਿੱਖਿਆ ਦੇ ਮੌਕੇ ਉਪਲਬਧ ਕਰਾਉਣ ਲਈ ਇਸ ਸਾਲ ਜੂਨ ਮਹੀਨੇ ਨਿਊਜ਼ੀਲੈਂਡ ਦੀ ਵਿੱਦਿਅਕ ਸੰਸਥਾ ਵਿਨਟੈਕ ਨਾਲ ਸਮਝੌਤਾ ਕੀਤਾ ਹੈ ਜਿਸ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ’ਚੋਂ ਇੰਜੀ., ਬਿਜ਼ਨੈੱਸ ਸਟੱਡੀਜ਼, ਬੀ.ਬੀ.ਏ., ਬੀ.ਕਾਮ ਅਤੇ ਬੀ.ਏ. ਦੇ ਵਿਦਿਆਰਥੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਅਦਾਰਿਆਂ ਵਿਚ ਦੋ ਤੋਂ ਤਿੰਨ ਸਾਲ ਪੜ੍ਹ ਕੇ ਬਾਕੀ ਦਾ ਕੋਰਸ ਨਿਊਜ਼ੀਲੈਂਡ ਵਿਖੇ ਕਰ

ਸਕਣਗੇ ਜਿੱਥੇ ਉਨ੍ਹਾਂ ਨੂੰ ਉਸ ਸੰਸਥਾ ਦੀ ਡਿਗਰੀ ਮਿਲ ਜਾਵੇਗੀ। ਇਸ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਲਈ ਅੰਤਰਰਾਸ਼ਟਰੀ ਪੱਧਰ ਦੀ ਵਿੱਦਿਆ ਪ੍ਰਾਪਤ ਕਰਨ ਦੇ ਰਾਹ ਖੁੱਲ੍ਹ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਸਮਝੌਤੇ ਤਹਿਤ ਵਿਨਟੈਕ 'ਚ ਵਿੱਦਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਅੱਧੇ ਖਰਚ 'ਤੇ ਰਹਿੰਦੇ ਕੋਰਸ ਮੁਕੰਮਲ ਕਰਨ ਦੇ ਮੌਕੇ ਮਿਲਣਗੇ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਤੋਂ ਪਹਿਲਾਂ ਯੂ.ਕੇ. ਦੀ ਕੈਬਰਿਜ ਯੂਨੀਵਰਸਿਟੀ ਅਤੇ ਟੋਰਾਂਟੋ (ਕੈਨੇਡਾ) 'ਚ ਸ਼ੈਰੀਡਨ ਕਾਲਜ ਨਾਲ ਵੀ ਵਿੱਦਿਅਕ ਸਮਝੌਤੇ ਕੀਤੇ ਗਏ ਹਨ। ਇਸ ਮੌਕੇ ਮਾਣਯੋਗ ਹਾਈ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਆਪਣੀ ਸ੍ਰੀ ਅੰਮ੍ਰਿਤਸਰ ਯਾਤਰਾ ਦੌਰਾਨ ਬਹੁਤ ਹੀ ਅਨੰਦ ਅਤੇ ਸਕੂਨ ਮਹਿਸੂਸ ਕੀਤਾ ਹੈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਮਿਲੇ ਮਾਣ-ਸਤਿਕਾਰ ਲਈ ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਇਸ ਨਾਲ ਦੋਹਾਂ ਦੇਸ਼ਾਂ ਦੇ ਆਪਸੀ ਸੰਬੰਧ ਹੋਰ ਵੀ ਮਜ਼ਬੂਤ ਹੋਣ ਦੀ ਆਸ ਪ੍ਰਗਟ ਕੀਤੀ। ਮਾਣਯੋਗ ਹਾਈ ਕਮਿਸ਼ਨਰ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨਾਲ ਫਤਹ ਸਾਂਝੀ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿੱਦਿਅਕ ਡਾਇਰੈਕਟਰ ਡਾ. ਗੁਰਮੋਹਨ ਸਿੰਘ (ਵਾਲੀਆ) ਨੇ ਵਿਨਟੈਕ ਵਿਚ ਕਰਵਾਏ ਜਾਣ ਵਾਲੇ ਕੋਰਸਾਂ ਦੀ ਜਾਣਕਾਰੀ ਦਿੱਤੀ। ਇਹ ਜਾਣਕਾਰੀ ਡਾਇਰੈਕਟੋਰੇਟ ਦੀ ਵੈਬਸਾਈਟ www.desgpc.org 'ਤੇ ਉਪਲਬੱਧ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸਾਹਿਬਾਨ, ਮੀਤ ਸਕੱਤਰ ਸਾਹਿਬਾਨ ਅਤੇ ਸੂਚਨਾ ਅਧਿਕਾਰੀ ਵੀ ਮੌਜੂਦ ਸਨ।

## ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖਤਾ ਦੇ ਭਲੇ ਦਾ ਪੈਗ਼ਾਮ ਦਿੰਦੀ ਹੈ- ਸਿੰਘ ਸਾਹਿਬ

ਤਲਵੰਡੀ ਸਾਬੋ: ੩੦ ਅਗਸਤ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ੩੦੫ਵਾਂ ਸੰਪੂਰਨਤਾ ਦਿਵਸ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਬੜੀ ਸ਼ਰਧਾ-ਭਾਵਨਾ ਨਾਲ ਮਨਾਇਆ ਗਿਆ। ਸਥਾਨਕ ਭਾਈ ਡੱਲ ਸਿੰਘ ਦੀਵਾਨ ਹਾਲ ਵਿਖੇ ਜੁੜੀਆਂ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਮੁਬਾਰਕਬਾਦ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਧਰਮ ਦੇ ਨਾਂ 'ਤੇ ਮਨੁੱਖਤਾ ਦੀ ਵੰਡ ਤੇ ਵਿਤਕਰੇ ਦੀ ਆਗਿਆ ਨਹੀਂ ਦਿੰਦਾ। ਇਸ ਵਿਚ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਗਈ ਹੈ ਅਤੇ ਇਸ ਵਿਚ ਪ੍ਰਸਤੁਤ ਸਿਧਾਂਤ ਉੱਚਾ-ਸੁੱਚਾ ਜੀਵਨ ਮਾਰਗ ਦਰਸਾਉਂਦੇ ਹਨ। ਉਨ੍ਹਾਂ ਕਿਹਾ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਪਵਿੱਤਰ ਧਰਤੀ 'ਤੇ ਜੰਗੀ ਕਮਰਕੱਸਾ ਖੋਲ੍ਹ ਸਿੱਖਾਂ ਨੂੰ ਸਾਹਿਤ ਰਚਨਾ ਪੱਖੋਂ ਵੀ ਵੱਡੀਆਂ ਬਖਸ਼ਿਸ਼ਾਂ ਕੀਤੀਆਂ। ਇਸ ਸਥਾਨ 'ਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦਰਜ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਪੂਰਨਤਾ ਬਖਸ਼ਿਸ਼ ਕੀਤੀ ਅਤੇ ਪ੍ਰਲੋਕ-ਗਮਨ ਤੋਂ ਇੱਕ ਦਿਨ ਪਹਿਲਾਂ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ-ਗੱਦੀ ਬਖਸ਼ਿਸ਼ ਕੀਤੀ।

ਉਨ੍ਹਾਂ ਕਿਹਾ ਕਿ ਸੰਸਾਰ ਦੇ ਧਰਮ ਗ੍ਰੰਥਾਂ ਵਿੱਚੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਧਰਮ ਗ੍ਰੰਥ ਹੈ, ਜਿਸ ਵਿੱਚ ਦੂਜੇ ਧਰਮਾਂ ਨਾਲ ਸੰਬੰਧਿਤ ਧਾਰਮਿਕ ਸ਼ਖਸੀਅਤਾਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਦੁਨੀਆਂ ਭਰ ਦੇ ਧਰਮ ਗ੍ਰੰਥਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਿਲੱਖਣ ਰੁਤਬਾ ਹੈ। ਮਨੁੱਖ ਮਾਤਰ ਇਸ ਦੀਆਂ ਮਹਾਨ ਸਿੱਖਿਆਵਾਂ ਆਪਣੇ ਜੀਵਨ 'ਚ ਅਪਣਾ ਕੇ ਜੀਵਨ ਸਵਾਰ ਸਕਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੱਖ-ਵੱਖ ਸਕੂਲਾਂ/ਕਾਲਜਾਂ ਤੋਂ ਅੱਗੇ ਵਧਦਿਆਂ ਫ਼ਤਿਹਗੜ੍ਹ ਸਾਹਿਬ ਵਿਖੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ' ਸਥਾਪਿਤ ਕੀਤੀ ਗਈ ਹੈ। ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਰਬ-ਸਾਂਝੇ ਗੁਰੂ ਹਨ ਜੋ ਮਨੁੱਖਤਾ ਨੂੰ ਸਾਂਝੀਵਾਲਤਾ ਦੇ ਸੁਖਾਵੇਂ ਬੰਧਨਾਂ 'ਚ ਬੰਨ੍ਹਦੇ ਹਨ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਬੁਲੰਦ ਰੁਤਬਾ ਹੈ ਕਿਉਂਕਿ ਇਹ ਜਾਗਤ-ਜੋਤ ਗੁਰੂ ਹਨ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਾਨ ਸਿੰਘ, ਨਾਮਵਰ ਵਿਦਵਾਨ ਗਿਆਨੀ ਪਿੰਦਰਪਾਲ ਸਿੰਘ, ਢਾਡੀ ਭਾਈ ਤਰਸੇਮ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਰਨੈਲ ਸਿੰਘ ਤੇ ਭਾਈ ਸਰਬਜੀਤ ਸਿੰਘ ਦੇ ਰਾਗੀ ਜਥੇ ਨੇ ਕਥਾ ਵਿਚਾਰ, ਇਲਾਹੀ ਬਾਣੀ ਦੇ ਕੀਰਤਨ ਤੇ ਬੀਰ-ਰਸੀ ਵਾਰਾਂ ਨਾਲ ਸੰਗਤਾਂ ਨੂੰ ਗੁਰ-ਇਤਿਹਾਸ ਨਾਲ ਜੋੜਿਆ। ਮੰਚ ਦਾ ਸੰਚਾਲਨ ਪ੍ਰਿੰਸੀਪਲ ਸ. ਅਮਰਜੀਤ ਸਿੰਘ ਤੇ ਤਖ਼ਤ ਸਾਹਿਬ ਦੇ ਕਥਾ ਵਾਚਕ ਗਿਆਨੀ ਜਗਤਾਰ ਸਿੰਘ ਨੇ ਕੀਤਾ। ਇਸ ਮੌਕੇ ਪੰਜਾਬ ਸਰਕਾਰ ਦੇ ਪ੍ਰਮੁੱਖ ਅਧਿਕਾਰੀ, ਅਹੁਦੇਦਾਰ, ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅਧਿਕਾਰੀ ਅਤੇ ਪੰਥਕ ਜਥੇਬੰਦੀਆਂ ਦੇ ਅਹੁਦੇਦਾਰ ਸਾਹਿਬਾਨ ਤੋਂ ਇਲਾਵਾ ਭਾਰੀ ਗਿਣਤੀ ਵਿਚ ਇਲਾਕੇ ਦੇ ਪਤਵੰਤੇ ਤੇ ਸੰਗਤਾਂ ਹਾਜ਼ਰ ਸਨ।

**ਨਗਰ ਕੀਰਤਨ ਦਮਦਮਾ ਸਾਹਿਬ ਪੁੱਜਣ 'ਤੇ ਨਿੱਘਾ ਸਵਾਗਤ:** ੩੦੫ਵੇਂ ਸੰਪੂਰਨਤਾ ਦਿਵਸ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ੨੮ ਅਗਸਤ ਨੂੰ ਅਰੰਭ ਹੋਇਆ ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ ਪੁੱਜਣ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਵੱਖ-ਵੱਖ ਨਿਹੰਗ ਸਿੰਘ ਜਥੇਬੰਦੀਆਂ ਧਾਰਮਿਕ ਸਭਾ-ਸੁਸਾਇਟੀਆਂ ਅਤੇ ਭਾਰੀ ਗਿਣਤੀ 'ਚ ਸੰਗਤਾਂ ਨੇ ਨਿੱਘਾ ਸਵਾਗਤ ਕੀਤਾ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਬਲਵੰਤ ਸਿੰਘ ਨੰਦਗੜ੍ਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਆਪਣੇ ਸਿਰ 'ਤੇ ਉਠਾ ਕੇ ਤਖ਼ਤ ਸਾਹਿਬ ਵਿਖੇ ਸੁਖ ਆਸਣ ਅਸਥਾਨ 'ਤੇ ਬਿਰਾਜਮਾਨ ਕੀਤਾ, ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਪ੍ਰਬੰਧਕਾਂ ਨੂੰ ਸਿਰੋਪਾਓ ਦੀ ਬਖਸ਼ਿਸ਼ ਕੀਤੀ।

■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਵਹੀਰ ਸਰਗਰਮੀਆਂ

## ਜ਼ਿਲ੍ਹਾ ਗੁਰਦਾਸਪੁਰ ਵਿਖੇ ਗੁਰਮਤਿ ਸਮਾਗਮ

ਭਾਈ ਗੁਰਵਿੰਦਰ ਸਿੰਘ ਪ੍ਰਚਾਰਕ ਵੱਲੋਂ ਦਿੱਤੀ ਗਈ ਰਿਪੋਰਟ ਅਨੁਸਾਰ ਸਿੱਖ ਵਿਰਸਾ ਸੰਭਾਲ ਲਹਿਰ ਤਹਿਤ ਜਥੇਦਾਰ ਰਤਨ ਸਿੰਘ ਜ਼ਫਰਵਾਲ ਮੈਂਬਰ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਅਗਵਾਈ ਹੇਠ ਗੁਰਮਤਿ ਸਮਾਗਮ ਕੀਤੇ ਗਏ ਜਿਸ ਵਿਚ ਬਲਾਕ ਕਾਹਨੂੰਵਾਨ ਦੇ ਪਿੰਡ ਧਾਰੀਵਾਲ ਕਲਾਂ ਵਿਖੇ ਅੰਮ੍ਰਿਤ-ਸੰਚਾਰ ਰੱਖ ਕੇ ਉਸ ਦੇ ਆਸ-ਪਾਸ ਦੇ ਪਿੰਡਾਂ ਵਿਚ ਗੁਰਮਤਿ ਸਮਾਗਮ ਕੀਤੇ ਗਏ ਜਿਸ ਵਿਚ ੧੩੦ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਅਕਤੂਬਰ ੨੦੧੦ ਵਿਚ ਬਲਾਕ ਕਲਾਨੌਰ, ਮਸਤਕੋਟ, ਸ਼ਾਹਪੁਰ, ਅਮਰਗੜ੍ਹ, ਭੰਗਵਾਂ, ਭੰਡਵਾਂ, ਔਜਲਾ, ਹਕੀਮਪੁਰ, ਨਾਨੋਹਾਰਨੀ, ਦਲੇਲਪੁਰ, ਅਮੀਪੁਰ, ਭਾਗੋਵਾਲ, ਵਡਾਲਾ ਬਾਂਗਰ ਵਿਖੇ ਅੰਮ੍ਰਿਤ-ਸੰਚਾਰ ਕੀਤਾ ਗਿਆ ਜਿਨ੍ਹਾਂ ਵਿਚ ੧੬੫ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਧਾਰੀਵਾਲ ਵਿਚ ਨਵੰਬਰ ੨੦੧੦ ਵਿਚ ਗੁਰਮਤਿ ਸਮਾਗਮ ਕੀਤੇ ਗਏ ਅਤੇ ਅਖੀਰਲੇ ਦਿਨ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਜਿਸ ਵਿਚ ੧੧੫ ਪ੍ਰਾਣੀਆਂ ਨੇ ਅੰਮ੍ਰਿਤਪਾਨ ਕੀਤਾ। ਮਹੀਨਾ ਦਸੰਬਰ ੨੦੧੦ ਦੇ ਗੁਰਮਤਿ ਸਮਾਗਮ ਕੋਟਲੀ ਮੋਹੀਆਂ ਦੇ ਆਸ-ਪਾਸ ਦੇ ਪਿੰਡਾਂ ਵਿਚ ਕੀਤੇ ਗਏ। ਜਿਨ੍ਹਾਂ ਵਿਚ ਚੌੜ ਸਿੱਧਵਾਂ, ਪੂਰੋਵਾਲ, ਅਰਾਈਆਂ, ਤਿੱਬੜੀ, ਸਿੰਘੋਵਾਲ ਹਸਨਪੁਰ, ਜ਼ਫਰਵਾਲ, ਚੱਊਵਾਲ, ਚਾਨਚਕੇ, ਵਰਸੋਲ, ਦਾਖਲਾ, ਸਰਾਵਾਂ, ਪਰਸੋਂ ਤੇ ਕੋਟਲੀ ਮੋਹੀਆਂ ਆਦਿ ਪਿੰਡਾਂ ਨੂੰ ਮੁੱਖ ਰੱਖ ਕੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ ਜਿਸ ਵਿਚ ੫੦ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ।

ਜਨਵਰੀ ੨੦੧੧ ਵਿਚ ਬਲਾਕ ਕਲਾਨੌਰ ਦੇ ਪਿੰਡ ਲੱਖਣ ਕਲਾਂ ਦੇ ਆਸ-ਪਾਸ ਦੇ ਪਿੰਡਾਂ ਜੋਗੇਵਾਲ, ਸਰਾਏ, ਪੈੜੂਵਾਲ, ਦਿਓਲ, ਲੱਖਣ ਖੁਰਦ ਪਿੰਡੀਆਂ, ਬਿਸ਼ਨਕੋਟ, ਨਾੜਾਂਵਾਲੀ, ਕੋਟਲਾ ਮੁਗਲਾਂ ਤੇ ਲੱਖਣ ਕਲਾਂ ਨੂੰ ਮੁੱਖ ਰੱਖ ਕੇ ਅੰਮ੍ਰਿਤ-ਸੰਚਾਰ ਕਰਵਾਇਆ ਜਿਸ ਵਿਚ ੧੩੫ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਗੁਰਦੁਆਰਾ ਕੰਧ ਸਾਹਿਬ ਬਟਾਲਾ ਵੱਲੋਂ ਭੇਟਾ ਰਹਿਤ ਦਿੱਤੇ ਗਏ।

## ਧਰਮ ਪ੍ਰਚਾਰ ਲਹਿਰ ਅਤੇ ਸਿੱਖ ਵਿਰਸਾ ਸੰਭਾਲ ਮਹਿੰਮ ਦੇ ਸਮਾਗਮ ਪਠਾਨਕੋਟ ਅਤੇ ਸੰਗਰੂਰ 'ਚ ਸੰਪੰਨ

ਧਰਮ ਪ੍ਰਚਾਰ ਲਹਿਰ ਦੇ ਇੰਚਾਰਜ ਜਥੇਦਾਰ ਬਲਦੇਵ ਸਿੰਘ ਦੀ ਅਗਵਾਈ ਹੇਠ ਗੁਰਮਤਿ ਸਮਾਗਮ ਅਤੇ ਅੰਮ੍ਰਿਤ ਸੰਚਾਰ ਸਮਾਗਮ ਹਲਕਾ ਪਠਾਨਕੋਟ ਦੇ ਪਿੰਡਾਂ 'ਚ ੧੫ ਤੋਂ ੨੨ ਜੂਨ ਤਕ ਕਰਵਾਏ ਗਏ। ਪਹਿਲਾ ਸਮਾਗਮ ੧੫ ਜੂਨ ਨੂੰ ਮਾਡਲ ਟਾਊਨ, ਪਠਾਨਕੋਟ ਵਿਖੇ ਅਤੇ ਇਸ ਤੋਂ ਅਗਲੇ ਸਮਾਗਮ ੧੬ ਨੂੰ ਪਿੰਡ ਲਮੀਨੀ, ੧੭ ਨੂੰ ਪਿੰਡ ਰਾਣੀਪੁਰ, ੧੮ ਨੂੰ ਜੁਗਿਆਲ ਕਾਲੋਨੀ, ੧੯ ਨੂੰ ਪਿੰਡ ਬਸਰੂਪ, ੨੦ ਨੂੰ ਪਿੰਡ ਤਲਵੰਡੀ, ੨੧ ਨੂੰ ਪਿੰਡ ਭਰਿਆਲ ਲਾਹੜੀ ਅਤੇ ੨੨ ਜੂਨ ਨੂੰ ਮੁੱਖ ਸਮਾਗਮ ਪਿੰਡ ਜੋਗਰ ਭੂਰ ਵਿਖੇ ਹੋਇਆ। ਇਨ੍ਹਾਂ ਸਮਾਗਮਾਂ ਦੌਰਾਨ ੪੫੫ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ, ੧੮੧੦ ਨੌਜਵਾਨਾਂ ਨੇ ਕੇਸ ਰੱਖਣ ਦਾ ਪ੍ਰਣ ਲਿਆ।

ਇਸੇ ਤਰ੍ਹਾਂ ਧਰਮ ਪ੍ਰਚਾਰ ਲਹਿਰ ਦੇ ਅਗਲੇ ਗੁਰਮਤਿ ਅਤੇ ਅੰਮ੍ਰਿਤ ਸੰਚਾਰ ਸਮਾਗਮ ੩ ਤੋਂ ੧੦ ਜੁਲਾਈ ਤਕ ਜ਼ਿਲ੍ਹਾ ਸੰਗਰੂਰ ਦੇ ਪਿੰਡਾਂ 'ਚ ਕਰਵਾਏ ਗਏ ਜਿਸ ਵਿਚ ੫੯੪ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ ਅਤੇ ੨੧੫੦ ਨੌਜਵਾਨਾਂ ਨੇ ਕੇਸ ਰੱਖਣ ਦਾ ਪ੍ਰਣ ਲਿਆ। ਪਹਿਲਾ ਸਮਾਗਮ ੩ ਜੁਲਾਈ ਨੂੰ ਪਿੰਡ ਨਦਾਮਪੁਰ ਵਿਖੇ ਹੋਇਆ। ਇਸ ਤੋਂ ਅਗਲੇ ਸਮਾਗਮ ਪਿੰਡ ਅਲੋਅਰਖ, ਝਨੇੜੀ, ਸੰਗਰੇੜੀ, ਨਾਗਰਾ, ਗੱਗੜਪੁਰ, ਕਲੌਦੀ ਅਤੇ ੧੦ ਜੁਲਾਈ ਨੂੰ ਮੁੱਖ ਸਮਾਗਮ ਪਿੰਡ ਘਰਾਚੋਂ ਵਿਖੇ ਕਰਵਾਇਆ ਗਿਆ। ਇਨ੍ਹਾਂ ਸਮਾਗਮਾਂ ਦੇ ਮੁੱਖ ਪ੍ਰਬੰਧਕ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਨਿਰਮਲ ਸਿੰਘ ਘਰਾਚੋਂ ਅਤੇ ਭਾਈ ਨਿਰਮਲ ਸਿੰਘ ਭੜੋਂ ਉਚੇਚੇ ਤੌਰ ਤੇ ਸਮਾਗਮਾਂ 'ਚ ਹਾਜ਼ਰੀ ਭਰਦੇ ਰਹੇ। ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ, ਧਰਮ ਪ੍ਰਚਾਰ ਕਮੇਟੀ ਦੇ ਢਾਡੀ ਜਥੇ, ਕਵੀਸ਼ਰੀ ਜਥੇ ਅਤੇ ਪ੍ਰਚਾਰਕ ਸਾਹਿਬਾਨ ਸੰਗਤਾਂ ਨੂੰ ਗੁਰਮਤਿ ਸਿਧਾਂਤਾਂ ਨਾਲ ਜੋੜਨ ਦੀ ਸੇਵਾ ਨਿਭਾਉਂਦੇ ਰਹੇ। ਇਨ੍ਹਾਂ ਸਮਾਗਮਾਂ ਦੌਰਾਨ ਜਥੇਦਾਰ ਬਲਦੇਵ ਸਿੰਘ ਸੰਗਤਾਂ ਨਾਲ ਗੁਰਮਤਿ-ਵਿਚਾਰਾਂ ਕਰਦੇ ਰਹੇ। ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਾਮਪਾਲ ਸਿੰਘ ਬਹਿਣੀਵਾਲ ਨੇ ਵੀ ਉਚੇਚੇ ਤੌਰ 'ਤੇ ਹਾਜ਼ਰੀ ਭਰੀ ਅਤੇ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕੀਤੇ।

## ਭੁਪਾਲ ਵਿਖੇ ਸਿੱਖੀ ਪ੍ਰਚਾਰ

ਗੁਰਦੁਆਰਾ ਪ੍ਰਬੰਧਕ ਕਮੇਟੀ ਨਾਨਕਸਰ,ਭੁਪਾਲ (ਮੱਧ ਪ੍ਰਦੇਸ਼) ਦੇ ਪ੍ਰਬੰਧਕ ਗਿਆਨੀ ਦਲੀਪ ਸਿੰਘ ਵੱਲੋਂ ਪ੍ਹੁੱਜੀ ਰਿਪੋਰਟ ਅਨੁਸਾਰ ਧਰਮ ਪਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਜਥੇਦਾਰ ਭਰਪੂਰ ਸਿੰਘ ਨੇ ਜੂਨ ੨੦੧੧ ਵਿਚ ਸਿੱਖੀ ਦੇ ਪ੍ਰਚਾਰ ਨੂੰ ਘਰ-ਘਰ ਪਹੁੰਚਾਉਣ ਲਈ ਗੁਰੂ ਕਾਂਸ਼ੀ ਗੁਰਮਤਿ ਇੰਸਟੀਚਿਊਟ ਤਲਵੰਡੀ ਸਾਬੋ (ਬਠਿੰਡਾ) ਤੋਂ ੧੦ ਰਾਗੀ ਜਥੇ ਅਤੇ ੧੨ ਪ੍ਰਚਾਰਕ ਭੇਜ ਕੇ ਭੁਪਾਲ (ਮੱਧ ਪ੍ਰਦੇਸ਼) ਦੇ ਵੱਖ-ਵੱਖ ਇਲਾਕਿਆਂ ਵਿਚ ਧਰਮ ਪ੍ਰਚਾਰ ਦੀ ਲਹਿਰ ਚਲਾਈ ਗਈ ਜਿਸ ਵਾਸਤੇ ਮੱਧ ਪ੍ਰਦੇਸ਼ ਦੀ ਸੰਗਤ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਸ਼ਲਾਘਾ ਕੀਤੀ ਗਈ।

## ਗੁਰਦੁਆਰਾ ਪਾਤਿ: ਦਸਵੀਂ ਨਾਢਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਮੈਨੇਜਰ ਗੁਰਦੁਆਰਾ ਪਾਤਿ: ਦਸਵੀਂ ਨਾਢਾ ਸਾਹਿਬ ਵੱਲੋਂ ਪ੍ਹੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਵਿਖੇ ਮਿਤੀ ੧੫-੭-੨੦੧੧ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਸਮੇਂ ੮੨ ਪ੍ਰਾਣੀ ਅੰਮ੍ਰਿਤ-ਪਾਨ ਕਰ ਗੁਰੂ ਵਾਲੇ ਬਣੇ।

## ਹਲਕਾ ਅਮਲੋਹ ਵਿਖੇ ਬੱਚਿਆਂ ਦੇ ਗੁਰਮਤਿ ਅਤੇ ਦਸਤਾਰ ਮੁਕਾਬਲੇ

ਭਾਈ ਅਵਤਾਰ ਸਿੰਘ ਹੱਲੋਤਾਲੀ ਪ੍ਰਚਾਰਕ ਵੱਲੋਂ ਪ੍ਹੁੱਜੀ ਰਿਪੋਰਟ ਅਨੁਸਾਰ ਹਲਕਾ ਅਮਲੋਹ (ਫਤਿਹਗੜ੍ਹ ਸਾਹਿਬ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਮੈਂਬਰ ਜਥੇਦਾਰ ਰਵਿੰਦਰ ਸਿੰਘ ਖਾਲਸਾ ਦੇ ਉਪਰਾਲੇ ਨਾਲ ਹਲਕੇ ਵਿਚ ਧਰਮ ਪ੍ਰਚਾਰ ਦੀ ਲਹਿਰ ਅਰੰਭੀ ਹੋਈ ਹੈ ਜਿਸ ਦੇ ਤਹਿਤ ਪਿੰਡ ਭੂਟਾ ਵਿਚ ਬੱਚਿਆਂ ਦੇ ਗੁਰਮਤਿ ਮੁਕਾਬਲੇ ਕਰਾਏ ਗਏ। ਇਸ ਵਿਚ ਲੱਗਭਗ ੫੫ ਬੱਚਿਆਂ ਨੇ ਭਾਗ ਲਿਆ।

੫ ਅਪ੍ਰੈਲ ੨੦੧੧ ਨੂੰ ਪਿੰਡ ਚਨਾਰਥਲ ਖੁਰਦ ਵਿਖੇ ਬੱਚਿਆਂ ਦਾ ਟ੍ਰੇਨਿੰਗ ਕੈਂਪ ਲਾਇਆ

ਗਿਆ। ਪਿੰਡ ਨੂਰਪੁਰਾ ਵਿਚ ੮ ਸਾਲ ਤੋਂ ੨੨ ਸਾਲ ਤਕ ਦੇ ਬੱਚਿਆਂ ਤੇ ਨੌਜਵਾਨਾਂ ਦਾ ਅਤੇ ੧੭ ਅਪ੍ਰੈਲ ੨੦੧੧ ਨੂੰ ਪਿੰਡ ਕੌਲਗੜ੍ਹ ਵਿਚ ਬੱਚਿਆਂ ਦੇ ਦਸਤਾਰ ਮੁਕਾਬਲੇ ਕਰਵਾਏ ਗਏ। ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਜਥੇਦਾਰ ਰਵਿੰਦਰ ਸਿੰਘ ਖਾਲਸਾ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਹੌਂਸਲਾ ਅਫਜ਼ਾਈ ਕੀਤੀ ਗਈ। ਇਨ੍ਹਾਂ ਪ੍ਰੋਗਰਾਮਾਂ ਦੁਆਰਾ ਸਿੱਖ ਬੱਚਿਆਂ ਅਤੇ ਨੌਜਵਾਨਾਂ ਵਿਚ ਸਾਬਤ-ਸੂਰਤ ਰਹਿਣ ਦੀ ਭਾਵਨਾ ਜਗਾਈ ਗਈ।

## ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਅੰਮ੍ਰਿਤ-ਸੰਚਾਰ ਸਮਾਗਮ

ਭਾਈ ਗੁਰਮੁਖ ਸਿੰਘ ਖਾਲਸਾ ਹੈੱਡ ਗ੍ਰੰਥੀ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਸ੍ਰੀ ਅੰਮ੍ਰਿਤਸਰ ਵੱਲੋਂ ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਖ-ਵੱਖ ਸਥਾਨਾਂ 'ਤੇ ਮਹੀਨਾ ਜੁਲਾਈ ਅਤੇ ਅਗਸਤ ੨੦੧੧ ਵਿਚ ਹੋਏ ਅੰਮ੍ਰਿਤ-ਸੰਚਾਰ ਸਮਾਗਮਾਂ ਵਿਚ ਅੰਮ੍ਰਿਤ-ਪਾਨ ਕਰਨ ਵਾਲੇ ਪ੍ਰਾਣੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੈ:-

| ਮਿਤੀ | ਅਸਥਾਨ | ਪ੍ਰਾਣੀ |
|---|---|---|
| ੧-੭-੧੧ | ਪਿੰਡ ਸੈਫਲਾਬਾਦ ਗੁ: ਪਾਤਸ਼ਾਹੀ ੬ (ਕਪੂਰਥਲਾ) | ੧੫੩ |
| ੩-੭-੧੧ | ਸ੍ਰੀ ਅਕਾਲ ਤਖਤ ਸਾਹਿਬ | ੨੦੫ |
| ੩-੭-੧੧ | ਪਿੰਡ ਦਾਨਪੁਰ ਹਲਕਾ ਘਰਾਂਚੋ (ਪਟਿਆਲਾ) | ੩੫ |
| ੪-੭-੧੧ | ਬਸਤੀ ਸ਼ੇਖ ਜਲੰਧਰ ਗੁ: ਸਿੰਘ ਸਭਾ | ੧੪੪ |
| ੪-੭-੧੧ | ਪਿੰਡ ਅੱਲੋਅਰਖ (ਸੰਗਰੂਰ) | ੪੭ |
| ੫-੭-੧੧ | ਪਿੰਡ ਵੈਰੋਨੰਗਲ ਪਾਤਸ਼ਾਹੀ ੬ (ਸ੍ਰੀ ਅੰਮ੍ਰਿਤਸਰ) | ੮੭ |
| ੫-੭-੧੧ | ਪਿੰਡ ਝਨੇੜੀ (ਸੰਗਰੂਰ) | ੩੦ |
| ੬-੭-੧੧ | ਪਿੰਡ ਸੰਗਰੇੜੀ (ਸੰਗਰੂਰ) | ੧੧ |
| ੬-੭-੧੧ | ਸ੍ਰੀ ਅਕਾਲ ਤਖਤ ਸਾਹਿਬ | ੧੪੬ |
| ੭-੭-੧੧ | ਗੁਰਦੁਆਰਾ ਚੌੜਾ ਫਗਵਾੜਾ (ਕਪੂਰਥਲਾ) | ੪੦ |
| ੭-੭-੧੧ | ਪਿੰਡ ਨਾਗਰਾ (ਸੰਗਰੂਰ) | ੪੬ |
| ੮-੭-੧੧ | ਪਿੰਡ ਗੱਗੜਪੁਰ (ਸੰਗਰੂਰ) | ੧੩੦ |
| ੯-੭-੧੧ | ਪਿੰਡ ਕਲੋਟੀ (ਸੰਗਰੂਰ) | ੧੦੦ |
| ੧੦-੭-੧੧ | ਪਿੰਡ ਘਰਾਂਚੋ (ਸੰਗਰੂਰ) | ੧੪੦ |
| ੧੦-੭-੧੧ | ਸ੍ਰੀ ਅਕਾਲ ਤਖਤ ਸਾਹਿਬ | ੨੨੬ |
| ੧੩-੭-੧੧ | ਸ੍ਰੀ ਅਕਾਲ ਤਖਤ ਸਾਹਿਬ | ੧੬੦ |
| ੧੭-੭-੧੧ | ਗੁ: ਸਿੰਘ ਸਭਾ ਨਾਨਕਵਾੜਾ ਰਣਜੀਤਪੁਰਾ (ਸ੍ਰੀ ਅੰਮ੍ਰਿਤਸਰ) | ੬੫ |
| ੧੭-੭-੧੧ | ਸ੍ਰੀ ਅਕਾਲ ਤਖਤ ਸਾਹਿਬ | ੧੯੧ |
| ੨੦-੭-੧੧ | ਸ੍ਰੀ ਅਕਾਲ ਤਖਤ ਸਾਹਿਬ | ੨੦੦ |
| ੨੪-੭-੧੧ | ਸ੍ਰੀ ਅਕਾਲ ਤਖਤ ਸਾਹਿਬ | ੨੪੪ |
| ੨੪-੭-੧੧ | ਗੁ: ਗੁਰੂਸਰ ਲੋਪੋ (ਮੋਗਾ) | ੪੭ |
| ੨੪-੭-੧੧ | ਪਿੰਡ ਛੀਟਾਂਵਾਲਾ ਭਾਦਸੋਂ ਹਲਕਾ (ਪਟਿਆਲਾ) | ੧੦੧ |
| ੨੫-੭-੧੧ | ਪਿੰਡ ਬਿਨਾਹੇੜੀ (ਪਟਿਆਲਾ) | ੩੩ |
| ੨੬-੭-੧੧ | ਪਿੰਡ ਗੁਰਦਿੱਤਪੁਰਾ (ਪਟਿਆਲਾ) | ੮੦ |

| | | |
|---|---|---|
| ੨੭-੭-੧੧ | ਸ੍ਰੀ ਅਕਾਲ ਤਖਤ ਸਾਹਿਬ | ੧੯੮ |
| ੨੭-੭-੧੧ | ਪਿੰਡ ਰੋਹਟਾ ਸਾਹਿਬ (ਪਟਿਆਲਾ) | ੯੨ |
| ੨੮-੭-੧੧ | ਪਿੰਡ ਮਰੋੜਾ (ਪਟਿਆਲਾ) | ੨੯ |
| ੨੯-੭-੧੧ | ਪਿੰਡ ਲੌਟ (ਪਟਿਆਲਾ) | ੬੦ |
| ੩੦-੭-੧੧ | ਪਿੰਡ ਘੁੰਤਰ (ਪਟਿਆਲਾ) | ੫੩ |
| ੩੧-੭-੧੧ | ਪਿੰਡ ਭਾਦਸੋਂ (ਪਟਿਆਲਾ) | ੨੬ |
| ੩੧-੭-੧੧ | ਸ੍ਰੀ ਅਕਾਲ ਤਖਤ ਸਾਹਿਬ | ੧੯੪ |
| ੨-੮-੧੧ | ਗੁ: ਸਿੰਘ ਸਭਾ (ਮੋਗਾ) | ੮੫ |
| ੩-੮-੧੧ | ਸ੍ਰੀ ਅਕਾਲ ਤਖਤ ਸਾਹਿਬ | ੧੧੦ |
| ੭-੮-੧੧ | ਸ੍ਰੀ ਅਕਾਲ ਤਖਤ ਸਾਹਿਬ | ੧੯੫ |
| ੮-੮-੧੧ | ਪਿੰਡ ਘੁਕੇਵਾਲੀ, ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) | ੫੫ |
| ੧੦-੮-੧੧ | ਸ੍ਰੀ ਅਕਾਲ ਤਖਤ ਸਾਹਿਬ | ੧੫੫ |
| ੧੪-੮-੧੧ | ਸ੍ਰੀ ਅਕਾਲ ਤਖਤ ਸਾਹਿਬ | ੧੬੮ |
| ੧੭-੮-੧੧ | ਗੁ: ਬੀੜ ਬਾਬਾ ਬੁੱਢਾ ਜੀ ਪਿੰਡ ਠੱਠਾ (ਤਰਨਤਾਰਨ) | ੨੦ |
| ੧੭-੮-੧੧ | ਸ੍ਰੀ ਅਕਾਲ ਤਖਤ ਸਾਹਿਬ | ੧੨੮ |
| ੨੧-੮-੧੧ | ਗੁ: ਟਾਹਲਾ ਸਾਹਿਬ, ਪਿੰਡ ਚੱਬਾ (ਸ੍ਰੀ ਅੰਮ੍ਰਿਤਸਰ) | ੧੫੫ |
| ੨੧-੮-੧੧ | ਸ੍ਰੀ ਅਕਾਲ ਤਖਤ ਸਾਹਿਬ | ੨੨੧ |
| ੨੩-੮-੧੧ | ਪਿੰਡ ਲਾਖਣਾ (ਤਰਨਤਾਰਨ) | ੨੮ |
| ੨੩-੮-੧੧ | ਡੇਰਾ ਸੰਤਪੁਰਾ ਸੰਤ ਨਿਸ਼ਚਲ ਸਿੰਘ ਜੀ, ਯਮੁਨਾ ਨਗਰ (ਹਰਿਆਣਾ) | ੪੭ |
| ੨੪-੮-੧੧ | ਸ੍ਰੀ ਅਕਾਲ ਤਖਤ ਸਾਹਿਬ | ੧੮੭ |
| ੨੮-੮-੧੧ | ਸ੍ਰੀ ਅਕਾਲ ਤਖਤ ਸਾਹਿਬ | ੨੧੫ |
| ੨੯-੮-੧੧ | ਗੁ: ਸਾਹਿਬ ਸ਼ਹੀਦ ਨਗਰ, ਗੰਗਾ ਨਗਰ ਬੁੱਢਾ ਜੌਹੜ | ੪੫ |
| ੩੧-੮-੧੧ | ਸ੍ਰੀ ਅਕਾਲ ਤਖਤ ਸਾਹਿਬ | ੨੦੭ |

## ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਗੁਰਮਤਿ ਸਮਾਗਮ

ਜਥੇਦਾਰ ਅਵਤਾਰ ਸਿੰਘ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜੀ ਦੇ ਆਦੇਸ਼ ਅਨੁਸਾਰ ਦੋਆਬਾ ਪ੍ਰਚਾਰ ਵਹੀਰ ਧਰਮ ਪ੍ਰਚਾਰ ਕਮੇਟੀ ਵੱਲੋਂ ਅੰਮ੍ਰਿਤ ਛਕੋ ਸਿੰਘ ਸਜੋ ਲਹਿਰ ਤਹਿਤ ਜਥੇਦਾਰ ਸੁਰਜੀਤ ਸਿੰਘ ਇੰਚਾਰਜ ਦੋਆਬਾ ਪ੍ਰਚਾਰ ਵਹੀਰ ਦੀ ਅਗਵਾਈ ਵਿਚ ਅਤੇ ਜਥੇ. ਜਰਨੈਲ ਸਿੰਘ ਵਾਹਦ ਚੇਅਰਮੈਨ ਮਾਰਕਫੈਡ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਸਹਿਯੋਗ ਨਾਲ ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਗੁਰਮਤਿ ਸਮਾਗਮ ਅਤੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ। ਜਿਸ ਦੀ ਸਫ਼ਲਤਾ ਲਈ ਵੱਖ-ਵੱਖ ਪਿੰਡਾਂ ’ਚ ਗੁਰਮਤਿ ਸਮਾਗਮ ਦੀ ਲੜੀ ਚਲਾਈ ਗਈ। ਜਿਸ ਵਿਚ ਵਹੀਰ ਦੇ ਪ੍ਰਚਾਰਕ ਭਾਈ ਅਮਰਜੀਤ ਸਿੰਘ ਜੰਡੀ ਅਤੇ ਬੀਬੀ ਚੰਚਲਜੀਤ ਕੌਰ ਦੇ ਢਾਡੀ ਜਥੇ ਨੇ ਗੁਰ-ਇਤਿਹਾਸ ਸੁਣਾ ਕੇ ਸ਼ਬਦ-ਗੁਰੂ ਨਾਲ ਅਤੇ ਸਿੱਖ ਵਿਰਸੇ ਨਾਲ ਜੋੜਿਆ। ਮੁੱਖ ਸਮਾਗਮ ਸ. ਦੌਲਤ ਸਿੰਘ ਭੰਬੋਈ ਮੈਨੇਜਰ ਗੁਰਦੁਆਰਾ ਸੁਖਚੈਨਆਣਾ ਸਾਹਿਬ ਦੇ ਸਹਿਯੋਗ ਨਾਲ ਮਿਤੀ ੩੧-੭-੧੧ ਨੂੰ

ਸਜਾਏ ਗਏ। ਜਿਸ ਵਿਚ ਵਹੀਰ ਇੰਚਾਰਜ ਜਥੇਦਾਰ ਸੁਰਜੀਤ ਸਿੰਘ, ਭਾਈ ਹਰਜੀਤ ਸਿੰਘ ਪ੍ਰਚਾਰਕ ਪਹੁੰਚੇ ਅਤੇ ਭਾਈ ਲਖਵਿੰਦਰ ਸਿੰਘ ਖੰਗੂੜਾ ਢਾਡੀ ਜਥਾ, ਬੀਬੀ ਚੰਚਲਦੀਪ ਕੌਰ ਢਾਡੀ ਜਥਾ, ਭਾਈ ਬਲਵੀਰ ਸਿੰਘ ਭੁਲਾਰਾਈ (ਢਾਡੀ), ਗਿਆਨੀ ਮੋਹਨ ਸਿੰਘ ਜੱਸੋਮਜਾਰਾ ਨੇ ਸੰਗਤਾਂ ਨੂੰ ਗੁਰ ਇਤਿਹਾਸ ਨਾਲ ਜੋੜਿਆ ਅਤੇ ਭਾਈ ਅਮਰਜੀਤ ਸਿੰਘ ਜੰਡੀ ਪ੍ਰਚਾਰਕ ਨੇ ਕਥਾ ਦੁਆਰਾ ਗੁਰ ਸ਼ਬਦ ਨਾਲ ਜੋੜਿਆ ਅਤੇ ਸਟੇਜ ਸੰਚਾਲਨ ਦੀ ਭੂਮਿਕਾ ਭਾਈ ਮੋਹਕਮ ਸਿੰਘ (ਕਥਾਵਾਚਕ) ਨੇ ਨਿਭਾਈ। ਇਸ ਸਮੇਂ ਸ੍ਰੀ ਕੇਸਗੜ੍ਹ ਸਾਹਿਬ ਤੋਂ ਪਹੁੰਚੇ ਪੰਜ ਪਿਆਰਿਆਂ ਨੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਅਤੇ ੮੫ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਇਸ ਸਮੇਂ ਸ. ਦੌਲਤ ਸਿੰਘ ਭੰਬੋਈ ਮੈਨੇਜਰ, ਸ. ਕਿਸ਼ਨ ਸਿੰਘ ਅਕਾਊਂਟੈਂਟ, ਸ. ਜਸਵੰਤ ਸਿੰਘ ਗੁਰਦੁਆਰਾ ਇੰਸਪੈਕਟਰ, ਸ. ਪਲਵਿੰਦਰ ਸਿੰਘ ਲਾਡੀ ਸਰਪੰਚ ਸੁਖਚੈਨਆਣਾ, ਬਾਬਾ ਹਰਜੀਤ ਸਿੰਘ ਕਾਰ ਸੇਵਾ ਵਾਲੇ, ਸ. ਗੁਰਮੀਤ ਸਿੰਘ, ਸ. ਅਰਜਨ ਸਿੰਘ, ਭਾਈ ਮੰਗਲ ਸਿੰਘ, ਸ. ਸੁਖਵੰਤ ਸਿੰਘ, ਭਾਈ ਲਖਵਿੰਦਰ ਸਿੰਘ ਗ੍ਰੰਥੀ ਗੁ: ਸੁਖਚੈਨਆਣਾ ਸਾਹਿਬ ਅਤੇ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰੀ।

## ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੱਲੋਂ ਅੰਮ੍ਰਿਤ-ਸੰਚਾਰ ਤੇ ਗੁਰਮਤਿ ਸਮਾਗਮ

ਸਿੱਖ ਮਿਸ਼ਨ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਵੱਲੋਂ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਾਸਤੇ ਮਿਸ਼ਨ ਦੇ ਇੰਚਾਰਜ ਸ. ਕਿਰਪਾਲ ਸਿੰਘ ਦੀ ਅਗਵਾਈ ਹੇਠ ਵੱਖ-ਵੱਖ ਗੁਰਮਤਿ ਸਮਾਗਮ ਕੀਤੇ ਗਏ ਜਿਨ੍ਹਾਂ ਵਿਚ ਧਰਮ ਪ੍ਰਚਾਰ ਕਮੇਟੀ ਦੇ ਰਾਗੀ ਜਥੇ, ਕਵੀਸ਼ਰੀ, ਢਾਡੀ ਜਥੇ ਅਤੇ ਪ੍ਰਚਾਰਕ ਸਾਹਿਬਾਨ ਸੰਗਤਾਂ ਨੂੰ ਸਿੱਖੀ ਨਾਲ ਜੋੜਨ ਦਾ ਉਪਰਾਲਾ ਕਰਦੇ ਰਹੇ। ਸੰਗਤਾਂ ਵੱਲੋਂ ਵੀ ਭਾਰੀ ਸਹਿਯੋਗ ਮਿਲਦਾ ਰਿਹਾ। ਮਿਸ਼ਨ ਵੱਲੋਂ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਦਾ ਵੇਰਵਾ ਇਸ ਪ੍ਰਕਾਰ ਹੈ:

| ਮਿਤੀ | ਅਸਥਾਨ | ਪ੍ਰਾਣੀ |
|---|---|---|
| ੧੩-੮-੧੧ | ਗੁਰਦੁਆਰਾ ਬਾਦਸ਼ਾਹੀ ਬਾਗ, ਅੰਬਾਲਾ | ੨੧ |
| ੧੭-੮-੧੧ | ਗੁਰਦੁਆਰਾ ਸਾਹਿਬ ਕੁਰਾਲੀ, ਯਮੁਨਾ ਨਗਰ | ੨੧ |
| ੧੨-੯-੧੧ | ਗੁਰਦੁਆਰਾ ਬਾਦਸ਼ਾਹੀ ਬਾਗ, ਅੰਬਾਲਾ | ੧੬ |

ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ।

## ਸਿੱਖ ਮਿਸ਼ਨ ਦਿੱਲੀ ਵੱਲੋਂ ਅੰਮ੍ਰਿਤ-ਸੰਚਾਰ ਤੇ ਗੁਰਮਤਿ ਸਮਾਗਮ

## ਸੋਧ

ਗੁਰਮਤਿ ਪ੍ਰਕਾਸ਼ ਦੇ ਅਗਸਤ ੨੦੧੧ ਅੰਕ ਦੇ ਸਫ਼ਾ ਨੰ: ੪੩ 'ਤੇ 'ਧੁੰਮਾ' ਦੀ ਜਗ੍ਹਾ 'ਧੁੱਗਾ' ਪੜ੍ਹਿਆ ਜਾਵੇ। ਸਤੰਬਰ ੨੦੧੧ ਦੇ ਸਫ਼ਾ ਨੰ: ੫੪ 'ਤੇ 'ਰਾਏ ਬੁਲਾਰ ਦੇ ਮੋਦੀਖਾਨੇ' ਦੀ ਥਾਂ 'ਨਵਾਬ ਦੌਲਤ ਖਾਂ ਦਾ ਮੋਦੀਖਾਨਾ' ਪੜ੍ਹਿਆ ਜਾਵੇ। — ਸੰਪਾਦਕ

ਸਿੱਖ ਮਿਸ਼ਨ ਦਿੱਲੀ ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗ੍ਰੇਟਰ ਕੈਲਾਸ਼-I ਨਵੀਂ ਦਿੱਲੀ ਵਿਖੇ ਮਿਤੀ ੫ ਜੂਨ ੨੦੧੧ ਨੂੰ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ 'ਤੇ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ ਕਰਵਾਇਆ ਗਿਆ। ਗੁਰਮਤਿ ਸਮਾਗਮ ਵਿਚ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਰਨਜੀਤ ਸਿੰਘ ਅਤੇ ਭਾਈ ਸੁਲੱਖਣ ਸਿੰਘ ਦੇ ਜਥਿਆਂ ਤੋਂ ਇਲਾਵਾ ਭਾਈ ਹਰਜਿੰਦਰ ਸਿੰਘ ਬੱਗਾ ਦਾ ਢਾਡੀ ਜਥਾ, ਭਾਈ ਅਜੀਤ ਸਿੰਘ ਇੰਚਾਰਜ ਸਿੱਖ ਮਿਸ਼ਨ ਦਿੱਲੀ, ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਤੇ ਭਾਈ ਗੁਰਨਾਮ ਸਿੰਘ ਪੰਥਕ ਨੇ ਸੰਗਤਾਂ ਨੂੰ ਗੁਰਬਾਣੀ ਕਥਾ-ਕੀਰਤਨ ਰਾਹੀਂ ਨਿਹਾਲ ਕੀਤਾ। ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਖੰਡੇ-ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਜਿਸ ਦੌਰਾਨ ੫੨ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਕਕਾਰ ਧਰਮ ਪ੍ਰਚਾਰ ਕਮੇਟੀ ਵੱਲੋਂ ਭੇਟਾ ਰਹਿਤ ਦਿੱਤੇ ਗਏ।

## ਯੂ.ਪੀ. ਸਿੱਖ ਮਿਸ਼ਨ ਹਾਪੁੜ ਵੱਲੋਂ ਗੁਰਮਤਿ ਸਮਾਗਮ

ਭਾਈ ਬ੍ਰਿਜਪਾਲ ਸਿੰਘ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਾਸਤੇ ਡੇਰਾ ਕਾਰ ਸੇਵਾ ਗੰਗਾਧਾਮ ਦੇਵਲ ਜ਼ਿਲ੍ਹਾ ਮੁਜੱਫਰਨਗਰ ਵਿਖੇ ਮਿਤੀ ੧੩-੮-੧੧ ਨੂੰ ਬਾਬਾ ਜੋਗਾ ਸਿੰਘ ਮੁੱਖ ਸੇਵਾਦਾਰ ਦੇਵੜ ਜੀ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਤੇ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੇ ਸਬੰਧ ਵਿਚ ਭਾਈ ਪਰਮਜੀਤ ਸਿੰਘ ਪ੍ਰਚਾਰਕ ਤੇ ਭਾਈ ਮਨਜੀਤ ਸਿੰਘ ਮਾਣਕ ਦੇ ਕਵੀਸ਼ਰੀ ਜਥੇ ਵੱਲੋਂ ਦੇਵੜ ਦੇ ਆਸ-ਪਾਸ ਦੇ ਪਿੰਡਾਂ ਵਿਚ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਸਜਾਏ ਗਏ। ਸਮਾਗਮ ਦੇ ਅਖੀਰਲੇ ਦਿਨ ਵਿਸ਼ੇਸ਼ ਤੌਰ 'ਤੇ ਪਹੁੰਚੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ. ਸੁਖਮੀਤ ਸਿੰਘ ਕਾਦੀਆਂ ਅਤੇ ਬਾਬਾ ਜੋਗਾ ਸਿੰਘ ਵੱਲੋਂ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ ਤੇ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਆ ਗਿਆ। ਮਿਸ਼ਨ ਹਾਪੁੜ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨ ਵੱਲੋਂ ਖੰਡੇ-ਬਾਟੇ ਦੀ ਪਾਹੁਲ ਤਿਆਰ ਕੀਤੀ ਗਈ ਜਿਸ ਵਿਚ ੫੨ ਪ੍ਰਾਣੀ ਅੰਮ੍ਰਿਤ ਛਕ ਗੁਰੂ ਵਾਲੇ ਬਣੇ। ਕਕਾਰ ਭੇਟਾ ਰਹਿਤ ਧਰਮ ਪ੍ਰਚਾਰ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਦਿੱਤੇ ਗਏ।

## ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ ਵੱਲੋਂ ਗੁਰਮਤਿ ਸਿਖਲਾਈ ਕੈਂਪ

ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ (ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ) ਵੱਲੋਂ ਹਿਮਾਚਲ ਪ੍ਰਦੇਸ਼ ਦੇ ਵੱਖ-ਵੱਖ ਨਗਰਾਂ ਦੇ ਵਿਦਿਆਰਥੀਆਂ ਦਾ ਸੱਤ-ਰੋਜ਼ਾ ਗੁਰਮਤਿ ਸਿਖਲਾਈ ਕੈਂਪ ਮਾਸਟਰ ਜਗੀਰ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਮਿਤੀ ੨੨-੭-੧੧ ਤੋਂ ਮਿਤੀ ੨੮-੭-੧੧ ਤਕ ਗੁਰਦੁਆਰਾ ਬਿਭੌਰ ਸਾਹਿਬ (ਨੰਗਲ ਟਾਊਨ) ਵਿਖੇ ਲਗਾਇਆ ਗਿਆ ਜਿਸ ਵਿਚ ਭਾਈ ਸੁਖਰਾਜ ਸਿੰਘ ਪ੍ਰਚਾਰਕ (ਹਿਮਾਚਲ), ਭਾਈ ਸਰੂਪ ਸਿੰਘ ਸ਼ਹੂਰ, ਭਾਈ ਅਰਜਨ ਸਿੰਘ ਅਤੇ ਕਵੀਸ਼ਰੀ ਜਥਾ ਭਾਈ ਅਜੀਤ ਸਿੰਘ ਸੇਵਾ ਨਿਭਾਉਂਦੇ ਰਹੇ। ਵਿਦਿਆਰਥੀਆਂ ਨੂੰ ਦਸ ਗੁਰੂ ਸਾਹਿਬਾਨ ਦੇ ਜੀਵਨ ਦੀ ਮੁੱਢਲੀ ਜਾਣਕਾਰੀ, ਸਿੱਖ ਰਹਿਤ ਮਰਯਾਦਾ, ਨਿਤਨੇਮ ਦੀਆਂ ਬਾਣੀਆਂ ਦੀ ਸੰਥਿਆ ਦਿੱਤੀ ਗਈ। ਨਿਤਨੇਮ ਸੰਥਿਆ ਦੀ ਸੇਵਾ ਭਾਈ ਕੁਲਵਿੰਦਰ ਸਿੰਘ ਗ੍ਰੰਥੀ ਗੁਰਦੁਆਰਾ ਗੁਰਪਲਾਹ ਸਾਹਿਬ ਵੱਲੋਂ ਨਿਭਾਈ ਗਈ। ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਗ੍ਰੰਥੀ

ਸਿੰਘ ਸਾਹਿਬ ਗਿਆਨੀ ਮਾਨ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਗੁਰੂ ਹਰਿ ਰਾਇ ਸਾਹਿਬ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੀਵਨ-ਫਲਸਫੇ ਤੋਂ ਜਾਣੂ ਕਰਵਾਇਆ। ਸ. ਹਰਭਜਨ ਸਿੰਘ ਮਨਾਵਾਂ ਮੀਤ ਸਕੱਤਰ, ਧਰਮ ਪ੍ਰਚਾਰ ਕਮੇਟੀ ਵੱਲੋਂ ਬੱਚਿਆਂ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਤੋਂ ਪ੍ਰੇਰਨਾ ਲੈ ਕੇ ਉੱਚ ਸਿੱਖਿਆ ਪ੍ਰਾਪਤ ਕਰ ਕੇ ਪੰਥ ਦੀ ਸੇਵਾ ਕਰਨ ਦੀ ਪ੍ਰੇਰਨਾ ਕੀਤੀ ਗਈ। ਸ. ਬਲਦੇਵ ਸਿੰਘ (ਮਾਸਟਰ) ਵੱਲੋਂ ਦਸਤਾਰ ਦੀ ਇਤਿਹਾਸਿਕ ਮਹੱਤਤਾ ਤੋਂ ਜਾਣੂ ਕਰਵਾਉਂਦਿਆਂ, ਦਸਤਾਰ ਸਜਾਉਣ ਦੀ ਜਾਚ ਵੀ ਦੱਸੀ ਗਈ। ਸੰਤ ਪ੍ਰੇਮ ਸਿੰਘ ਭੱਲੜੀ, ਸੰਤ ਹਰਪਾਲ ਸਿੰਘ ਊਨਾ, ਸੰਤ ਚਰਨਜੀਤ ਸਿੰਘ ਊਨਾ, ਸੰਤ ਚਰਨ ਸਿੰਘ ਨੰਗਲ ਖੁਰਦ, ਸ. ਹਰਬੰਸ ਸਿੰਘ ਸਰਹਾਲਾ ਖੁਰਦ ਬੱਚਿਆਂ ਲਈ ਫਲ ਆਦਿ ਦੀ ਸੇਵਾ ਕਰਦੇ ਰਹੇ। ਮਿਤੀ ੨੭-੭-੧੧ ਨੂੰ ਸ. ਵਰਿਆਮ ਸਿੰਘ ਡਾਇਰੈਕਟਰ ਸਿੱਖ ਧਰਮ ਅਧਿਐਨ ਅਤੇ ਖੋਜ ਵਿਭਾਗ ਵੱਲੋਂ ਬੱਚਿਆਂ ਨੂੰ ਸੰਬੋਧਨ ਕਰਦਿਆਂ 'ਨਾਮ ਦੀ ਮਹੱਤਤਾ' ਵਿਸ਼ੇ 'ਤੇ ਗੁਰਬਾਣੀ ਦੀ ਰੌਸ਼ਨੀ ਵਿਚ ਵਿਸਥਾਰ ਸਹਿਤ ਚਾਨਣਾ ਪਾਇਆ। ਮਿਤੀ ੨੮-੭-੧੧ ਨੂੰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਬੱਚਿਆਂ ਨੂੰ ਗੁਰਮਤਿ ਸਬੰਧੀ ਸਵਾਲ ਵੀ ਪੁੱਛੇ ਗਏ। ਜਿਨ੍ਹਾਂ ਦੇ ਉੱਤਰ ਬੱਚਿਆਂ ਨੇ ਬਾਖੂਬੀ ਦਿੱਤੇ। ਭਾਈ ਸੰਤੋਖ ਸਿੰਘ ਇੰਚਾਰਜ ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ ਨੇ ਬੱਚਿਆਂ ਨੂੰ ਸਿੱਖ ਇਤਿਹਾਸ ਦੇ ਚੋਣਵੇਂ ਪ੍ਰਸੰਗਾਂ ਅਤੇ ਗੁਰਮਤਿ ਦੇ ਵੱਖ-ਵੱਖ ਵਿਸ਼ਿਆਂ 'ਤੇ

---

## ਜ਼ਰੂਰੀ ਸੂਚਨਾ

ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਏ ਗਏ ਫੈਸਲੇ ਅਨੁਸਾਰ ਜਨਵਰੀ ੨੦੧੨ ਤੋਂ 'ਗੁਰਮਤਿ ਪ੍ਰਕਾਸ਼' ਨੂੰ ਵੱਡੇ ਆਕਾਰ ਵਿਚ ਪ੍ਰਕਾਸ਼ਿਤ ਕੀਤਾ ਜਾਇਆ ਕਰੇਗਾ ਅਤੇ ਇਸ ਨੂੰ ਪੋਲੀਥੀਨ ਦੇ ਲਿਫਾਫੇ ਵਿਚ ਪਾ ਕੇ ਪਾਠਕਾਂ ਤੀਕ ਪਹੁੰਚਾਇਆ ਜਾਏਗਾ। ਇਸ ਸਾਰੀ ਤਬਦੀਲ ਹੋਈ ਪ੍ਰਕ੍ਰਿਆ ਨੂੰ ਮੁੱਖ ਰੱਖਦੇ ਹੋਏ 'ਗੁਰਮਤਿ ਪ੍ਰਕਾਸ਼' ਦੇ ਚੰਦਿਆਂ ਵਿਚ ਮਾਮੂਲੀ ਜਿਹਾ ਵਾਧਾ ਕੀਤਾ ਗਿਆ ਹੈ, ਜੋ ਹੇਠ ਲਿਖੇ ਅਨੁਸਾਰ ਹੋਣਗੇ :- ਪ੍ਰਤੀ ਕਾਪੀ ੫ ਰੁਪਏ

| | | | |
|---|---|---|---|
| ਸਾਲਾਨਾ (ਦੇਸ਼) | ੫੦ ਰੁਪਏ | ਸਾਲਾਨਾ (ਵਿਦੇਸ਼) | ੧੨੫੦ ਰੁਪਏ |
| ਪੰਜ ਸਾਲਾ (ਦੇਸ਼) | ੨੫੦ ਰੁਪਏ | ਪੰਜ ਸਾਲਾ (ਵਿਦੇਸ਼) | ੫੦੦੦ ਰੁਪਏ |
| ਲਾਈਫ (ਦੇਸ਼) | ੫੦੦ ਰੁਪਏ | ਲਾਈਫ (ਵਿਦੇਸ਼) | ੧੦੦੦੦ ਰੁਪਏ |

ਪਾਠਕ ਕਿਰਪਾ ਕਰਕੇ ਨੋਟ ਕਰਨ ਕਿ ਜਿਨ੍ਹਾਂ ਨੇ ਪੁਰਾਣੇ ਚੰਦੇ ਮੁਤਾਬਿਕ ਮੈਂਬਰ ਬਣਨਾ ਹੈ ਉਹ ੩੦ ਨਵੰਬਰ, ੨੦੧੧ ਤੀਕ ਆਪਣਾ ਚੰਦਾ **ਦਫ਼ਤਰ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ** ਵਿਖੇ ਜਮ੍ਹਾਂ ਕਰਾ ਸਕਦੇ ਹਨ। ੧ ਦਸੰਬਰ, ੨੦੧੧ ਤੋਂ ਬਾਅਦ ਚੰਦਾ ਨਵੀਆਂ ਦਰਾਂ ਵਿਚ ਲਿਆ ਜਾਵੇਗਾ।

**-ਸਕੱਤਰ,**

**ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ।**

ਭਾਵਪੂਰਤ ਚਾਨਣਾ ਪਾਇਆ। ਬੱਚਿਆਂ ਨੂੰ ਗਤਕੇ ਦੀ ਸਿਖਲਾਈ ਭਾਈ ਗੁਰਦੀਪ ਸਿੰਘ ਗਤਕਾ ਮਾਸਟਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਦਿੱਤੀ ਗਈ। ਬੱਚਿਆਂ ਦੀ ਸਿਹਤ ਸੰਭਾਲ ਲਈ ਮੁੱਢਲੀ ਡਾਕਟਰੀ ਸਹਾਇਤਾ ਅਤੇ ਲੰਗਰ ਦਾ ਵੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵੱਲੋਂ ਯੋਗ ਪ੍ਰਬੰਧ ਕੀਤਾ ਗਿਆ। ਮਿਤੀ ੨੮-੭-੧੧ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦੀਵਾਨ ਸਜਾਇਆ ਗਿਆ। ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ. ਦਲਜੀਤ ਸਿੰਘ (ਭਿੰਡਰ) ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਹਿਮਾਚਲ ਪ੍ਰਦੇਸ਼) ਅਤੇ ਹੋਰ ਸਹਿਯੋਗੀ ਜਥੇਬੰਦੀਆਂ, ਸੰਗਤਾਂ ਦਾ ਮਾਸਟਰ ਜਗੀਰ ਸਿੰਘ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਧੰਨਵਾਦ ਕਰਦਿਆਂ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਜਥੇ. ਅਵਤਾਰ ਸਿੰਘ ਜੀ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਗੁ: ਸ੍ਰੀ ਗੁਰੂ ਸਿੰਘ ਸਭਾ ਸ਼ਾਹਜਹਾਂਪੁਰ ਵਿਖੇ ਕੀਰਤਨ ਪ੍ਰਤੀਯੋਗਤਾ

ਇੰਚਾਰਜ ਸ. ਦਿਲਪ੍ਰੀਤ ਸਿੰਘ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ: ਪ੍ਰ: ਕਮੇਟੀ), ਸ੍ਰੀ ਅੰਮ੍ਰਿਤਸਰ ਅਧੀਨ ਚਲਾਏ ਜਾ ਰਹੇ ਗੁਰਮਤਿ ਸੰਗੀਤ ਵਿਦਿਆਲਾ, ਸ਼ਾਹਜਹਾਂਪੁਰ (ਯੂ.ਪੀ.) ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸ਼ਾਹਜਹਾਂਪੁਰ (ਯੂ.ਪੀ.) ਦੇ ਸਹਿਯੋਗ ਨਾਲ ਗੁਰਬਾਣੀ ਕੀਰਤਨ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ। ਇਸ ਪ੍ਰਤੀਯੋਗਤਾ ਦਾ ਪਹਿਲਾ ਆਡੀਸ਼ਨ ਮਿਤੀ ੨੮ ਅਗਸਤ ੨੦੧੧ ਦਿਨ ਐਤਵਾਰ ਨੂੰ ਲਿਆ ਗਿਆ ਜਿਸ ਵਿਚ ੪੦ ਬੱਚੇ/ਨੌਜਵਾਨ/ਬਜ਼ੁਰਗ ਸ਼ਾਮਲ ਹੋਏ। ਇਨ੍ਹਾਂ ਵਿੱਚੋਂ ਕੁੱਲ ੧੭ ਪ੍ਰਤੀਯੋਗੀ ਅਗਲੇ ਰਾਊਂਡ ਲਈ ਚੁਣੇ ਗਏ। ਇਸ ਪ੍ਰਤੀਯੋਗਤਾ ਦਾ ਫਾਈਨਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਵਾਲੇ ਦਿਨ ਮਿਤੀ ੧ ਸਤੰਬਰ ੨੦੧੧ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੀ ਕੀਤਾ ਗਿਆ। ਪਹਿਲੇ ਰਾਊਂਡ ਵਿਚ ਚੁਣੇ ਗਏ ੧੭ ਪ੍ਰਤੀਯੋਗੀਆਂ ਨੇ ਇਸ ਫਾਈਨਲ ਰਾਊਂਡ ਵਿਚ ਭਾਗ ਲਿਆ। ਇਸ ਪ੍ਰਤੀਯੋਗਤਾ ਵਿਚ ਕੁਲਜੀਤ ਸਿੰਘ ਨੂੰ ਪਹਿਲਾ, ਰਮਨਦੀਪ ਸਿੰਘ ਨੂੰ ਦੂਜਾ ਅਤੇ ਵੀਨਾ ਤਨੇਜਾ ਨੂੰ ਤੀਜਾ ਇਨਾਮ ਦਿੱਤਾ ਗਿਆ। ਪਹਿਲੇ, ਦੂਜੇ ਅਤੇ ਤੀਜੇ ਇਨਾਮ ਵਿਚ ਕ੍ਰਮਵਾਰ ੩੧੦੦/-, ੨੧੦੦/- ਅਤੇ ੧੧੦੦/- ਰੁਪਏ ਸਨਮਾਨ ਵਜੋਂ ਦਿੱਤੇ ਗਏ। ਇਸ ਤੋਂ ਇਲਾਵਾ ੫੦੦/- ਰੁਪਏ ਦੇ ਤਿੰਨ ਇਨਾਮ ਅਤੇ ਸਾਰੇ ਹੀ ਪ੍ਰਤੀਯੋਗੀਆਂ ਨੂੰ ਮੈਡਲ ਅਤੇ ਪ੍ਰਮਾਣ-ਪੱਤਰ ਦਿੱਤੇ ਗਏ।

■

ਗੋਲਡਨ ਆਫਸੈੱਟ ਪ੍ਰੈਸ, ਗੁਰਦੁਆਰਾ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਸ. ਦਲਮੇਘ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਵਾ ਕੇ ਦਫ਼ਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਕੀਤਾ। *ਮਿਤੀ ੫-੧੦-੨੦੧੧*